# ਚਿਰਾਗ

ਜੁਲਾਈ -ਸਤੰਬਰ 1995

**July - September 1995**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਵਿਰਾਸਤ

## ਮਾਂ ਬੋਲੀ ਪੰਜਾਬੀ

ਬਾਬਾ ਨਜਮੀਂ (ਕਰਾਚੀ)

ਆਪਣੇ ਮੂੰਹ ਨੂੰ ਡੱਕਾ ਲਾ ਓਏ ਸ਼ੀਦੇ ਸ਼ਾਹ
ਇੰਝ ਨਾ ਆਪਣਾ ਕੱਦ ਵਧਾ ਓਏ ਸ਼ੀਦੇ ਸ਼ਾਹ

ਨਿੰਦਿਆ ਮੇਰੀ ਮਾਂ ਬੋਲੀ ਦੀ ਕਰਕੇ ਤੂੰ
ਦਿੱਤੀ ਆਪਣੀ ਜ਼ਾਤ ਵਿਖਾ ਓਏ ਸ਼ੀਦੇ ਸ਼ਾਹ

ਸੱਚਲ, ਵਾਰਸ, ਫਰੀਦ, ਭੱਟਾਈ ਇੱਕੋ ਜਹੇ
ਗੰਦੀਆਂ ਅੱਖਾਂ ਸਾਫ਼ ਕਰਾ ਓਏ ਸ਼ੀਦੇ ਸ਼ਾਹ

ਮੇਰਾ ਵਿਰਸਾ, ਝੱਲਿਆ ਵਾਂਗ ਸਮੁੰਦਰ ਦੇ
ਆਪਣੇ ਵਿਹੜੇ ਝਾਤੀ ਪਾ ਓਏ ਸ਼ੀਦੇ ਸ਼ਾਹ

ਲੂਸੇ ਤੇਰਾ ਜੁੱਸਾ, ਤੇਰੀ ਜੀਭ ਸੜੇ
ਹੋਵੇ ਤੇਰਾ ਮੁੱਕ ਮੁਕਾ ਓਏ ਸ਼ੀਦੇ ਸ਼ਾਹ

ਹੇਠ ਸਦਾ ਨਈਂ ਰਹਿਣਾ ਮੰਜਾ ਚੌਧਰ ਦਾ
ਰੱਜਵੀਂ ਲੱਭੀ, ਜਰ ਕੇ ਖਾਹ, ਓਏ ਸ਼ੀਦੇ ਸ਼ਾਹ ।

(ਖੁਰਸ਼ੀਦ ਸ਼ਾਹ ਉਰਫ਼ ਸ਼ੀਦੇ ਸ਼ਾਹ ਵਜ਼ੀਰ ਤਾਲੀਮ ਪਾਕਿਸਤਾਨ, ਜਿਸ ਕਿਹਾ ਸੀ ਕਿ ਪਛੜੀ ਹੋਣ ਕਾਰਨ ਪੰਜਾਬੀ ਸਿੱਖਿਆ ਦਾ ਮਾਧਿਅਮ ਨਹੀਂ ਬਣ ਸਕਦੀ ।)

ਮੁੱਲ : ਅੱਠ ਰੁਪਏ

ਜੁਲਾਈ-ਸਤੰਬਰ 95

ਅੰਕ—3

# ਚਿਰਾਗ਼ (ਤ੍ਰੈ-ਮਾਸਕ)

**ਜੁਲਾਈ-ਸਤੰਬਰ 1995**

ਸੰਪਾਦਕ : **ਹਰਭਜਨ ਸਿੰਘ ਹੁੰਦਲ**

ਸੰਪਾਦਕੀ ਮੰਡਲ :—**ਡਾ: ਕਰਮਜੀਤ ਸਿੰਘ**
**ਸੁਰਜੀਤ ਗਿੱਲ**


ਇਸ ਅੰਕ ਦਾ ਵਿਸ਼ੇਸ਼ ਕਵੀ : ਡਾ: ਦਵਿੰਦਰ ਬਿਮਰਾ (ਚਾਰ ਕਵਿਤਾਵਾਂ)

ਕਹਾਣੀ : ਜਿੰਦਰ, ਅਜਮੇਰ ਸਿੱਧੂ

ਵਾਦ-ਵਿਵਾਦ : ਹਰਭਜਨ ਸਿੰਘ ਹੁੰਦਲ

ਵਾਘਿਓਂ ਪਾਰ :—ਫ਼ੈਜ਼ ਅਹਿਮਦ ਫ਼ੈਜ਼, ਡਾ: ਅਯੂਬ ਮਿਰਜ਼ਾ, ਅਫ਼ਜ਼ਲ ਅਹਿਸਨ ਰੰਧਾਵਾ, ਬਾਬਾ ਨਜਮੀਂ, ਤਾਲਿਬ ਜੈਤੋਈ, ਤਾਰਕ ਗੋਜਰ ਫ਼ਤਿਹਪੁਰੀਆ, ਅਖ਼ਲਾਕ ਆਤਿਫ਼

ਨਿਬੰਧ : ਪਾਬਲੋ ਨੇਰੂਦਾ

ਗ਼ਜ਼ਲਾਂ : ਬੀਬੀ ਪ੍ਰਕਾਸ਼ ਕੌਰ ਹਮਦਰਦ, ਜਸਵਿੰਦਰ

ਵਤਨੋਂ ਦੂਰ : ਦਰਸ਼ਨ ਬੁਲੰਦਵੀ, ਵਰਿੰਦਰ ਪ੍ਰੀਹਾਰ, ਜਸਵਿੰਦਰ ਮਾਨ, ਸੰਤੋਖ ਧਾਲੀਵਾਲ

ਨਵੇਂ ਚਿਹਰੇ : ਸਿਮਰਜੀਤ ਸਿੰਮੀ, ਰਾਜਵੰਤ ਘੁੰਮਣ, ਅਸੀਮ

ਪੁਸਤਕ ਪੜਚੋਲ : ਤਾਇਆ ਰੱਬ (ਡਾ: ਦਵੇਸ਼ਵਰ), ਦੇਹੀਨਾਦ (ਹਰਵਿੰਦਰ ਭੰਡਾਲ), ਸਲ੍ਹਾਬੀ ਹਵਾ (ਡਾ: ਸੁਰਿੰਦਰ ਗਿੱਲ), ਸੰਤਾਪੇ ਦਿਨ (ਡਾ: ਬਲਜੀਤ ਕੌਰ ਬੱਲੀ), ਆਵਾਜ਼ਾਂ ਦਾ ਕਿਲ੍ਹਾ (ਸ਼ਬਦੀਸ਼), ਰਮਨ ਦੀ ਕਵਿਤਾ (ਅਤੈ ਸਿੰਘ), ਡਰਿਆ ਮਨੁੱਖ (ਮੁਖਤਿਆਰ ਸਿੰਘ)

ਖਿਆਲ ਆਪੋ ਆਪਣਾ : ਬਲਵੀਰ ਪ੍ਰਵਾਨਾ, ਸੂਫ਼ੀ ਅਮਰਜੀਤ, ਪ੍ਰੀਤਮ ਸਿੰਘ, ਵਰਿੰਦਰ ਪ੍ਰੀਹਾਰ, ਪ੍ਰੇਮ ਸਾਹਿਲ
ਡਾ: ਦਵਿੰਦਰ ਬਿਮਰਾ, ਸੰਤੋਖ ਸਿੰਘ ਧੀਰ, ਡਾ: ਚਮਨ ਲਾਲ, ਮੁਖਤਿਆਰ ਸਿੰਘ, ਡਾ: ਐਸ. ਤਰਸੇਮ

ਪੁਸਤਕ ਪ੍ਰਾਪਤੀ : .........

ਟਾਈਟਲ : ਬਾਬਾ ਨਜਮੀਂ


ਪ੍ਰਕਾਸ਼ਨ ਮਿਤੀ : ਇਕ ਸਤੰਬਰ, 1995



**Postal Address :**

Harbhajan Singh Hundal,
V. Fatu Chak,
P/o. Dhilwan,
Distt. Kapurthala-144804
(Pb.) India.



ਚੰਦਿਆਂ ਦਾ ਵੇਰਵਾ :

| | | |
|---|---|---|
| ਦੇਸ਼ ਵਾਰਸ਼ਿਕ | : | 30 ਰੁਪਏ |
| ਇਕ ਪਰਚਾ | : | 8 ਰੁਪਏ |
| ਬਦੇਸ਼ : | | |
| ਵਾਰਸ਼ਿਕ | : | 250 ਰੁਪਏ |
| ਇਕ ਪਰਚਾ | : | ਇਕ ਪੌਂਡ |

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ: ਅਨੂਪ ਸਿੰਘ ਨੇ ਅਨੂਪਮ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ E. J.-272, ਚਹਾਰ ਬਾਗ਼, ਜਲੰਧਰ ਤੋਂ ਪ੍ਰਕਾਸ਼ਤ ਕੀਤਾ ।




## ਚਾਰ ਕਵਿਤਾਵਾਂ/ਡਾ. ਦਵਿੰਦਰ ਬਿਮਰਾ

### 1. ਕੁਝ ਕਰ ਲਈਏ

ਸ਼ੀਸ਼ੇ ਮੂਹਰੇ ਵਾਲਾਂ ਦੀਆਂ ਗੁੰਝਲਾਂ ਕੱਢਦੀਆਂ
ਤੇਰੀਆਂ ਉਂਗਲਾਂ ਦੀ ਬਣਾਉਟੀ ਤਾਰੀਫ਼
ਮੈਂ ਕਦੀ ਕੀਤੀ ਨਹੀਂ
ਤੈਨੂੰ ਸ਼ਾਇਦ ਇਹ ਗਿਲਾ ਵੀ ਰਿਹੈ ਹਮੇਸ਼ਾਂ
ਕਿ ਤੇਰੀ ਮੁਸਕਾਨ
ਤੇਰੇ ਉੱਤੇ ਫਬਦੇ ਰੰਗਾਂ
ਜਾਂ ਤੇਰੇ ਬਾਲਾਂ ਦੀ ਗੱਲ
ਆਪਣੇ ਵਿਚਕਾਰ ਸਾਂਝੀ ਨਹੀਂ ਹੋਈ

ਮੈਂ ਤਾਂ ਬਸ ਰੁੱਝਿਆ ਰਿਹੈਂ
ਢਾਹ-ਭੰਨ ਕਰਨ 'ਚ
ਜ਼ਿੰਦਗੀ ਨੂੰ ਤੋਰਨ 'ਚ
ਦੇਖਦਾਂ ਰਿਹੈਂ ਤੈਨੂੰ ਗਹੁ ਨਾਲ
ਕਿ ਟੁੱਟੀ-ਭੱਜੀ ਜ਼ਿੰਦਗੀ 'ਚ ਵੀ
ਤੂੰ ਥੱਕੀ ਨਹੀਂ
ਤੁਰਦੀ ਰਹੀ ਹੈਂ ਨਾਲ

ਏਨੇ ਵਰ੍ਹਿਆਂ ਬਾਅਦ
ਕੀ ਦੱਸਾਂ
ਇਸ ਮੁਸਕਾਨ 'ਚ ਮੈਂ ਉਲਝਣਾ ਨਹੀਂ ਚਾਹਿਆ
ਕੰਮ ਹੋਰ ਵੀ ਸਨ
ਕੰਮ ਹੋਰ ਵੀ ਹਨ
ਅਤੇ ਕੰਮ ਮੁੱਕਣੇ ਨਹੀਂ ਭਾਵੇਂ
ਪਰ ਇਨ੍ਹਾਂ ਝੂਠੀਆਂ ਤਾਰੀਫ਼ਾਂ ਦੇ ਪੁਲਾਂ ਤੋਂ ਉੱਤੇ
ਹੋਰ ਪੁਲ ਵੀ ਹਨ
ਉਸਰਨੇ ਅਜੇ
ਗਿਲੇ-ਸ਼ਿਕਵੇ ਫੇਰ ਕਰ ਲਵਾਂਗੇ
ਫਿਲਹਾਲ ਤਾਂ ਚੁਫੇਰੇ ਝੁੱਲਦੇ ਗਰਦ ਦੇ ਗੁਬਾਰਾਂ ਨੂੰ
ਰੋਕ ਲਈਏ
ਕੁੱਝ ਕਰ ਲਈਏ

—o—

## 2. ਨਿਰਣਾ

ਉਹ......ਜਿਹੜੇ ਗੱਲਾਂ ਕਰਦੇ ਹਨ ਮੇਰੀਆਂ,
ਮੈਨੂੰ ਭੋਰਾ ਵੀ ਨਹੀਂ ਜਾਣਦੇ
ਤੁਸੀਂ ਕਿਉਂ ਉਨ੍ਹਾਂ ਦੇ ਜਾਲ ਦਾ
ਹਿੱਸਾ ਬਣਦੇ ਹੋ

ਉਹ ਮੇਰੀਆਂ ਅੱਖਾਂ ਦੀ ਗੱਲ ਕਰਦੇ ਹਨ,
ਕਦੀ ਇਨ੍ਹਾਂ ਨੂੰ ਨਸ਼ੀਲੀਆਂ
ਕਦੀ ਮਨਮੋਹਣੀਆਂ
ਤੇ ਕਦੀ ਕੁੱਝ ਹੋਰ ਕਹਿੰਦੇ ਹੋਏ
ਇਨ੍ਹਾਂ ਨੂੰ ਭੰਨਣ ਦਾ ਲੱਭ ਰਹੇ ਹਨ ਮੌਕਾ
ਪਰ ਮੇਰੀਆਂ ਅੱਕਾਂ 'ਚ ਲਹੂ ਉਤਰ ਚੁੱਕਿਆ ਹੈ
ਅਤੇ ਦਿਖ ਰਿਹਾ ਹੈ ਸਾਫ਼-ਸਾਫ਼ ਸਭ ਕੁੱਝ

ਉਹ ਮੇਰੇ ਹੱਥਾਂ ਦੀ ਗੱਲ ਕਰਦੇ
ਥੱਕਦੇ ਨਹੀਂ
ਯਾਰਾਂ, ਬੇਲੀਆਂ, ਲਾਈ ਲੱਗਾਂ ਦੀ ਭੀੜ
ਇਕੱਠੀ ਕਰਦੇ ਹਨ
ਮੇਰੇ ਹੱਥਾਂ ਦੇ ਹੁਨਰ ਦੀ ਗੱਲ ਕਰਕੇ
ਤਹਾਨੂੰ ਕੈਦ ਕਰ ਰਹੇ ਹਨ
ਮੇਰੇ ਹੱਥਾਂ ਦੇ ਰੱਟਣਾਂ ਨੂੰ
ਨੁਮਾਇਸ਼ ਦੀ ਵਸਤੂ ਬਣਾਉਣ ਦਾ
ਕਰ ਰਹੇ ਹਨ ਜਤਨ
ਪਰ ਮੁੱਕੇ ਬਣਕੇ ਤਿਆਰ ਹਨ
ਲਹਿਰਾ ਰਹੇ ਹਨ
ਹਾਰ ਮੰਨਣਗੇ ਨਹੀਂ

ਉਹ ਮੇਰੇ ਜਿਸਮ ਦੀ ਗੱਲ ਕਰਦੇ ਹਨ
ਮੇਰੇ ਜਿਸਮ ਦੀ ਖ਼ੁਸ਼ਬੋ
ਅਤੇ ਦਿਮਾਗ ਦੀ ਵੀ
ਮੇਰੇ ਜਿਸਮ ਅਤੇ ਦਿਮਾਗ ਦੀ
ਖਾ ਰਹੇ ਹਨ ਉਪਜ
ਪਰ ਮੇਰੇ ਦਿਮਾਗ 'ਚ ਸਭ ਕੁੱਝ
ਨਿਖਰੇ ਹੋਏ ਅਸਮਾਨ ਵਾਂਗ ਸਾਫ਼ ਹੈ

—o—



ਮੈਂ ਸੋਚ ਚੁੱਕਿਆ ਹਾਂ
ਮੈਂ ਕੀ ਕਰਨਾ ਹੈ

ਇਹ ਅੱਖਾਂ, ਇਹ ਹੱਥ
ਅਤੇ ਇਹ ਜਿਸਮ
ਹੁਣ ਅੱਗ ਉਗਲਣਗੇ
ਹੁਣ ਬਹੁਤਾ ਚਿਰ ਹੋਰ
ਫ਼ਰੇਬ 'ਚ ਫਸਾਇਆ ਨਹੀਂ ਜਾ ਸਕਦਾ
ਇਹ ਸਾਰੇ ਹੱਥ ਅਤੇ ਜਿਸਮ
ਮੇਰੇ ਜਾਂ ਤੁਹਾਡੇ
ਇੱਕ ਹਨ
ਸਖ਼ਤ, ਤਾਕਤਵਰ ਅਤੇ ਤਿਆਰ

ਫਿਰ ਤੁਸੀਂ ਕਿਉਂ ਉਨ੍ਹਾਂ ਦੇ ਜਾਲ ਦਾ
ਹਿੱਸਾ ਬਣਦੇ ਹੋ !

—o—

## 3. ਹੁਣ ਇੰਜ ਜਿਊਣਾ ਪਊਗਾ

ਹੁਣ ਬੇਸ਼ਰਮ ਹੋ ਕੇ ਜਿਊਣਾ ਪਊਗਾ
ਸਰਕਾਰੀ ਹਥਕੰਡਿਆਂ ਦਾ ਭੋਗੀ ਬਣਨਾ ਪਊਗਾ

ਸ਼ਰਮ ਕੀਤੀ ਤਾਂ
ਬਾਜ਼ਾਰ ਦੀਆਂ ਚੀਜ਼ਾਂ ਦੀ
ਹੱਥੋਂ ਨਿਕਲਦੀ ਡੋਰ
ਅਤੇ ਭੀਖ ਵਰਗਾ ਮਜ਼ਦੂਰੀ ਦਾ ਮੁਆਵਜ਼ਾ ਵੇਖਕੇ
ਚੀਕਾਂਗੇ
ਜਾਂ ਬਾਗੀ ਹੋਣ ਦਾ ਜਤਨ ਕਰਾਂਗੇ

ਔਰਤਾਂ, ਕਿਰਤੀਆਂ
ਜਾਂ ਪੁੰਗਰਦੀਆਂ ਜੁਆਨੀਆਂ ਨਾਂਲ ਹੁੰਦੇ
ਭੱਦੇ ਮਜ਼ਾਕ ਅਤੇ ਤਸੀਹੇ ਵੇਖਕੇ
ਜਿਊਣਾ ਭੁੱਲ ਜਾਵਾਂਗੇ
ਮਰਨ ਦੇ ਨਵੇਂ-ਨਵੇਂ ਰਾਹ ਲੱਭਾਂਗੇ
ਜਾਂ ਕਤਲ ਦੀਆਂ
ਨਵੀਆਂ-ਨਵੀਆਂ ਕਾਢਾਂ ਦੇ ਘੇਰੇ 'ਚ ਆ ਜਾਵਾਂਗੇ

ਅਹੁਦਿਆਂ ਦੇ ਨੰਗੇ ਨਾਚ
ਇੱਜ਼ਤਾਂ ਦੇ ਲੀਰੋ ਲੀਰ ਹਾਲ
ਕਾਨੂੰਨ ਦੀ ਨਾਮਰਦੀ
ਅਤੇ ਨਿੱਤ ਬਣਦੀਆਂ ਮਾਰੂ ਨੀਤੀਆਂ ਦਾ
ਕੀਤਾ ਵਿਰੋਧ
ਤਾਂ ਧਰੇ ਜਾਵਾਂਗੇ
ਜਾਂ ਸਾਜ਼ਿਸ਼ਾਂ ਦਾ ਹੋ ਜਾਵਾਂਗੇ ਸ਼ਿਕਾਰ

ਉਂਜ ਵੀ ਸ਼ਰਮ ਜਾਂ ਅਣਖ ਤਾਂ
ਸੂਰਮਿਆ ਦਾ ਗਹਿਣਾ ਹੁੰਦੀ ਹੈ
ਥੁੜਾਂ, ਕਾਨੂੰਨਾਂ, ਸਾਜ਼ਿਸ਼ਾਂ 'ਚ ਫਸੇ ਮਨੁੱਖ
ਸੂਰਮੇ ਕਿੰਜ ਬਣ ਸਕਦੇ ਹਨ
ਕੁੱਝ ਹੋਰ ਬਣ ਸਕਦੇ ਹਨ
ਡਰੋਣੇ ਸ਼ਬਦਾਂ ਜਿਹੇ
ਜਿਸ ਹਾਲ 'ਚ ਹਾਂ
ਠੀਕ ਹਾਂ......ਦੀ ਸੋਚ
ਬੇਸ਼ਰਮ ਬਣਕੇ ਜਿਊਣਾ ਹੀ ਸਿਖਾਉਂਦੀ ਹੈ
ਉੱਚੇ ਪੱਧਰ ਦੀ ਸੋਚ ਨੂੰ
ਮੁਰਦਾ ਬਣਾਉਂਦੀ ਹੈ
ਜਬਰ ਦੇ ਖਿਲਾਫ ਗੋਡੇ ਟੇਕਣਾ ਹੀ ਸਿਖਾਉਂਦੀ ਹੈ

ਸ਼ਰਮ ਅਤੇ ਅਣਖ ਦੀ ਗੱਲ ਕਰਨ ਵਾਲੇ ਨੂੰ
ਬੇਸ਼ਰਮ ਕਹਿਣਾ
ਹੁਣ ਇੱਜ਼ਤ ਦੀ ਗੱਲ ਬਣ ਗਈ ਹੈ
ਹਿੱਕ ਤਾਣਕੇ ਤੁਰਨ ਵਾਲਾ ਇੰਜ ਤਾਂ
ਤੁਰਨਾ ਹੀ ਭੁੱਲ ਜਾਊਗਾ
ਇਹ ਕਿਹੋ ਜਿਹੀ ਸੋਚ ਹੈ ਉਸਰ ਰਹੀ
ਇਸ ਸੋਚ ਨੂੰ ਜੜੋਂ ਹੀ ਪੁੱਟਣਾ ਪਊਗਾ
ਨਹੀਂ ਤਾਂ
ਬੇਸ਼ਰਮ ਹੋ ਕੇ ਜਿਊਣਾ ਪਊਗਾ

—o—



## 4. ਕਿਵੇਂ ਭੁੱਲ ਜਾਵਾਂ

ਕਿਵੇਂ ਭੁੱਲ ਜਾਵਾਂ
ਸੁੱਕੀਆਂ ਰੋਟੀਆਂ ਦਾਂ ਸੁਆਦ
ਉਨ੍ਹਾਂ ਛੋਟੀਆਂ-ਛੋਟੀਆਂ ਚੋਰੀਆਂ ਨੂੰ
ਕਿਵੇਂ ਭੁੱਲ ਜਾਵਾਂ।
ਜਿਹੜੀਆਂ ਕਰੀਦੀਆਂ ਸੀ ਸੋਚਕੇ
ਕਿ ਸ਼ਾਇਦ ਜ਼ਿੰਦਗੀ ਬੇਹਤਰ ਬਣ ਜਾਵੇ

ਰਾਤਾਂ ਜਾਗਣੀਆਂ,
ਥੱਕਣਾਂ, ਟੁੱਟਣਾ
ਭੁੱਲ ਜਾਣਾ ਔਖੀਆਂ ਘੜੀਆਂ ਨੂੰ
ਤਸਲੇ ਭਰਕੇ ਸਰੂੰ ਢੋਹ-ਢੋਹਕੇ ਕਰਦਾ ਸੀ
ਜਦੋਂ ਦਿਨ ਚੜ੍ਹਨ ਵੀ ਉਡੀਕ
ਸੁਪਨ ਸੰਸਾਰ 'ਚ ਖੋ ਜਾਂਦਾ ਸੀ
ਕਿ ਮਿਲਣਗੇ ਦਸ ਰੁਪਏ
ਦਿਨ ਚੜ੍ਹਦੇ ਹੀ
ਡੇ ਸੋਚਦਾ—ਆਪਣਾ ਵੀ ਦਿਨ ਚੜ੍ਹੇਗਾ
ਕਿੰਨਾ ਸਕੂਨ ਮਿਲਦਾ ਸੀ ਹੱਥ 'ਚ ਫੜ੍ਹਕੇ
ਉਹ ਨੋਟ
ਭਾਵੇਂ ਮੈਂ ਉਦੋਂ ਉਹਨਾਂ ਦੇ ਮੁੱਲ ਦਾ ਅਰਥ
ਜਾਣਦਾ ਨਹੀਂ ਸੀ

ਹੁਣ ਯਾਦ ਕਰਦਾ ਹਾਂ
ਤਾਂ ਲੱਗਦੈ
ਪੂਰੀ ਰਾਤ ਦੀ ਹੱਡ ਭੰਨਵੀਂ ਥਕਾਨ ਦੀ
ਉਹ ਕਮਾਈ
ਕਿੰਨੀ ਨਿਗੂਣੀ ਸੀ

ਉਹ ਸਾਥੀ ਵੀ ਕਿਵੇਂ ਭੁੱਲ ਜਾਵਾਂ।
ਜਿਨ੍ਹਾਂ ਨਾਲ ਬਹਿਕੇ ਬਣਾਈ ਦੀਆਂ ਸੀ ਵਿਉਂਤਾਂ
ਢਾਹ-ਭੰਨ ਕਰਨ ਦੀਆਂ।

ਕਿ—
ਇੰਜ ਨਹੀਂ ਹੋ ਸਕਦਾ
ਆਪਾਂ ਸੁੱਤੇ ਰਹੀਏ
ਕੋਈ ਆਪਣੀਆਂ ਟੋਕਰੀਆਂ ਢੋਵੇ
ਪੁੜਪੁੜੀਆਂ ਚੀ ਟਸ-ਟਸ ਕਰਦੀ ਪੀੜ
ਸਦਾ ਲਈ ਮਿਟ ਜਾਵੇ
ਇਨ੍ਹਾਂ ਸੁੱਤੇ ਸੇਠਾਂ ਦੇ ਗੱਦਿਆਂ ਦਾ ਆਨੰਦ
ਅਸੀਂ ਮਾਣੀਏ
ਅਤੇ ਬਾਣੀਆਂ ਦੀਆਂ ਬਹੀਆਂ ਹੋ ਜਾਣ ਕੋਰੀਆਂ

ਇਹ ਵੀ ਨਹੀਂ ਭੁੱਲਣਾ ਸਾਥੋਂ
ਕਿ ਮਸਾਂ ਕੁਝ ਕੁ ਦਿਨ ਹੀ ਚਲਦਾ ਸੀ
ਟੋਕਰੀਆਂ ਢੋਣ ਦਾ ਕ੍ਰਮ
ਫੇਰ ਕੁਝ ਹੋਰ ਢੋਈਦਾ ਸੀ ਸੋਚਕੇ
ਕਿ ਦਸ ਰੁਪਈਆਂ ਤੋਂ ਉੱਪਰ ਉਠ ਸਕੀਏ

ਅੱਜ ਵੀ ਜੋੜ-ਤੋੜ ਕਰਕੇ ਦੇਖੀਏ ਤਾਂ
ਇਹ ਮਿਲਦੇ ਹੋਏ ਦਸ ਰੁਪਈਏ
ਦਸ ਵੀ ਨਹੀਂ ਬਣਦੇ

ਟੋਕਰੀਆਂ ਹਾਲੇ ਵੀ ਹਨ
ਪੁੜਪੁੜੀਆਂ ਹਾਲੇ ਵੀ ਹਨ
ਟਸ-ਟਸ ਕਰਦੀਆਂ ਹਨ
ਅਸੀਂ ਹਾਲੇ ਵੀ ਸੌਂਦੇ ਨਹੀਂ ਰੱਜਕੇ

ਕਿਵੇਂ ਭੁੱਲ ਜਾਵਾਂ ਗੁਆਂਚੇ ਪਲ
ਅਤੇ ਸੁੱਕੀਆਂ ਰੋਟੀਆਂ ਦਾ ਸੁਆਦ

ਸਿਵਲ ਹਸਪਤਾਲ, ਜਲੰਧਰ-144001,

—o—





## ਸ਼ੁਰੂਆਤ/ਜਿੰਦਰ

ਕਹਾਣੀ ਕਿੱਥੋਂ-ਸ਼ੁਰੂ ਕੀਤੀ ਜਾਵੇ ?

ਥੋੜ੍ਹਾ ਕੁ ਉਰੇ ਨੂੰ ਹੋ ਜਾਉ। ਇਥੇ ਖੜਨਾ ਠੀਕ ਨਹੀਂ ਰਹਿਣਾ। ਨਾ ਤਾਂ ਦਾਅ ਨਾਲ ਦਿੱਸਣਾ ਹੈ ਅਤੇ ਨਾ ਹੀ ਚੱਜ ਨਾਲ ਸੁਣਨਾ। ਇਕੱਠ ਤਾਂ ਵੱਧਦਾ ਹੀ ਜਾਣਾ ਹੈ। ਇਹ ਪਿੰਡ ਦੀ ਪੰਚਾਇਤ ਜਿਉਂ ਹੋਈ। ਸ਼ਹਿਰ ਦੇ ਕਿਸੇ ਗਲੀ/ਮੁਹੱਲੇ ਦੀ ਕੋਈ ਸਭਾ ਸੁਭਾ ਨਹੀਂ।

ਕਹਾਣੀ ਤਾਂ ਕਿਤੋਂ ਵੀ ਸ਼ੁਰੂ ਕੀਤੀ ਜਾ ਸਕਦੀ ਹੈ। ਇਸ ਦੀ ਸ਼ੁਰੂਆਤ ਇਸ ਦਾ ਅੰਤ ਹੈ ਤੇ ਅੰਤ ਸ਼ੁਰੂਆਤ।...ਤੁਸੀਂ ਪੁੱਛ ਰਹੇ ਹੋ ਕਿ ਇਹ ਕੀ ਤੁਕ ਹੋਈ ਬਈ ਇਸ ਦੀ। ਇਸ ਦੀ ਸ਼ੁਰੂਆਤ ਹੀ ਇਸ ਦਾ ਅੰਤ ਕਿਵੇਂ ਹੋ ਸਕਦਾ ਹੈ। ਮੈਂ ਇਉਂ ਕਹਿਣਾ ਤਾਂ ਨਹੀਂ ਚਾਹੁੰਦਾ ਸੀ ਪਰ ਕੀ ਕੀਤਾ ਜਾਵੇ। ਤੁਸੀਂ ਮੈਨੂੰ ਬੁਲਾ ਲਿਆ ਹੈ। ਵੈਸੇ ਕਿਹਾ ਜਾਂਦਾ ਹੈ ਨਾ ਬਈ ਲੇਖਕ ਨੂੰ ਚੁੱਪ ਰਹਿਣਾ ਚਾਹੀਦਾ ਹੈ। ਉਸ ਲਹਿਜੇ 'ਚ ਮੈਂ ਉਲੀਕੀ ਹੋਈ ਲੀਕ ਨਹੀਂ ਟੱਪਣ ਲੱਗਾ।

ਇਹ ਗੱਲਾਂ ਸ਼ੁਰੂ 'ਚ ਕਰਨੀਆਂ ਹੀ ਬਣਦੀਆਂ ਹਨ। ਨਹੀਂ ਨਹੀਂ। ਇਸ ਨਾਲ ਕਹਾਣੀ ਰਸ 'ਚ ਕੋਈ ਰੋੜਾ ਨਹੀਂ ਅਟਕਦਾ। ਸਗੋਂ ਤੁਹਾਨੂੰ ਨਾਲ ਤੋਰਨ 'ਚ ਮਦਦ ਮਿਲੇਗੀ। ਤੁਹਾਨੂੰ ਇਕੱਲਿਆਂ ਨੂੰ ਨਹੀਂ, ਕਹਾਣੀ—ਪਾਠਕਾਂ ਨੂੰ ਵੀ। ਆਲੋਚਕਾਂ ਬਾਰੇ ਤਾਂ ਕੁਝ ਨਹੀਂ ਕਿਹਾ ਜਾ ਸਕਦਾ ਹੈ।

ਇਸ ਵਿਚ ਬੋਰ ਕਰਨ ਵਾਲੀ ਗੱਲ ਦਾ ਵਿਚਾਰ ਤੁਹਾਡੇ ਮਨ 'ਚ ਕਿਵੇਂ ਆ ਗਿਆ। ਕਹਾਣੀ ਤਾਂ ਆਖਿਰ ਕਹਾਣੀ ਹੀ ਹੋਣੀ ਹੈ। ਫੇਰ ਗੱਲ ਸਪੱਸ਼ਟ ਕਰਨ 'ਚ ਕੀ ਹਰਜ ਹੋ ਸਕਦਾ ਹੈ।...ਮੈਂ ਪਹਿਲਾਂ ਕਿਹਾ ਨਾ ਇਸ ਨਾਲ ਕਹਾਣੀ ਰਸ 'ਚ ਕੋਈ ਫਰਕ ਨਹੀਂ ਆਉਣਾ, ਕਿਉਂ ਜੁ ਕਹਾਣੀ ਤਾਂ ਅਜੇ ਸ਼ੁਰੂ ਹੋਣੀ ਹੈ !

ਇਹ ਗੱਲਾਂ ਕਰਨੀਆਂ ਹੀ ਬਣਦੀਆਂ ਹਨ।

ਬਸ ਥੋੜ੍ਹਾ ਕੁ ਚਿਰ ਹੋਰ ਇੰਤਜਾਰ ਕਰਨਾ ਪਵੇਗਾ।

...ਉਦੋਂ ਤਾਈਂ ਮੁੱਖ ਪਾਤਰ ਬਾਰੇ ਦੱਸ ਦਿਆਂ ਨਾ।...ਫੇਰ ਉਹੋ ਹੀ ਗੱਲ। ਸ਼ਾਇਦ ਤੁਹਾਨੂੰ ਭਰਮ ਹੁੰਦਾ ਜਾ ਰਿਹਾ ਹੈ।...ਨਹੀਂ, ਮੇਰਾ ਇਹੋ ਜਿਹਾ ਕੋਈ ਇਰਾਦਾ ਨਹੀਂ। ਮੈਂ ਤੁਹਾਡੀ ਮਨੋਬਿਰਤੀ ਨੂੰ ਸਮਝਦਾ ਹਾਂ। ਇਸੇ ਲਈ ਤਾਂ ਮੈਨੂੰ ਭੂਮਿਕਾ ਬੰਨਣੀ ਪਈ ਹੈ।

ਕੀ ਇਸ 'ਚ ਕੋਈ ਨਵੀਂ ਗੱਲ ਆ ਗਈ ? ਨਹੀਂ ਇਨ੍ਹਾਂ ਚੱਕਰਾਂ ਵਿਚ ਨਹੀਂ ਪੈਣਾ...। ਠੀਕ...ਠੀਕ...।

ਫਿਰ ਇਥੋਂ ਹੀ ਕਹਾਣੀ ਸ਼ੁਰੂ ਕੀਤੀ ਜਾ ਸਕਦੀ ਹੈ।

...ਛਿੰਦਾ ਅਜੇ ਤਾਈ ਨਹੀਂ ਆਇਆ ਸੀ ।

ਵਾਹਵਾ ਹੀ ਇਕੱਠ ਹੋ ਚੱਲਿਆ ਸੀ । ਦਰਬਾਰੇ ਨੇ ਸ਼ਹਿਰ ਨੂੰ ਜਾਂਦਿਆਂ ਜਾਂਦਿਆਂ ਆਪਣਾ ਮਨ ਬਦਲ ਲਿਆ ਸੀ ਤੇ ਮੀਤ ਕੀ ਮੋਟਰ ਕੋਲੋਂ ਮੁੜ ਕੇ ਕਿੱਕਰ ਨਾਲ ਖਾਲੀ ਖੁਰਜੀਆਂ ਵਾਲੇ ਸਾਈਕਲ ਦੀ ਢੋਅ ਲਾ ਦਿੱਤੀ ਸੀ । ਭਲਵਾਨ, ਗੁਰਦੇਵ ਨਾਲ ਗੱਲੀਂ ਜੁੱਟਿਆ ਹੋਇਆ ਸੀ । ਕਰਤਾਰਾ ਅਮਲੀ, ਦੇਬੂ ਕਾਮਰੇਡ, ਬਦਨਾ ਮਜ਼ਬੀ, ਲੰਡਾ ਜਗੀਰਾ ਤੇ ਜਮਾਂਦਰੂ ਛੜਾ ਜੀਤੂ ਵੀ ਤਾਸ਼ ਦੀ ਮਿਤ ਮੁਕਾ ਕੇ ਇਧਰ ਨੂੰ ਹੋ ਤੁਰੇ ਸਨ । ਬਸ ਰੌਣਕ ਮੇਲਾ ਦੇਖਣ ਲਈ । ਉਨ੍ਹਾਂ ਦਿਆਂ ਸ਼ਬਦਾਂ 'ਚ ਹੀ, "ਦੋ ਘੜੀਆਂ ਸ਼ੁਕਲ ਮੇਲਾ ਹੋ ਜਾਊ । ਚੰਗਾ ਟੈਮ ਲੰਘ ਜਾਊ । ਫੇਰ ਦੇਖਾਂਗੇ ਕਿ ਇਕ ਪੰਚੇਤੀ ਨਾਲ ਕਿਵੇਂ ਸਿਜਦਾ ।" ਤੇ ਭਜਨੂ ਕਾਣੇ ਨੇ ਵੀ ਆਪਣਾ ਤਾਂਗਾ ਪੱਪੂ ਕਿਆਂ ਦੀ ਬੈਠਕ ਪਿੱਛੇ ਖੇਤਾਨਾਂ 'ਚ ਛੱਡ ਦਿੱਤਾ ਤੇ ਘੋੜੀ ਨੂੰ ਮੂੰਹ ਮਾਰਣ ਲਈ ਲੰਬੇ ਰੱਸੇ ਨਾਲ ਬੰਨ੍ਹ ਦਿੱਤਾ ਸੀ ।

"ਬੜਾ ਚਿਰ ਲਾਤਾ ਕਰਤਾਰੇ ਨੇ ਵੀ । ਕਿੰਨੀ ਵਾਰੀ ਸਮਝਾਇਆ ਬਈ ਔਣ ਜਾਣ ਦੀ ਕਰਿਆ ਕਰ । ਪਰ ਸੌਰੇ ਗੱਦਾਂ ਦੀਆਂ ਗੱਲਾਂ ਨ੍ਹੀਂ ਮੁਕਣ ਵਿਚ ਔਂਦੀਆਂ । ਐਵੇਂ ਗੱਲ ਹੀ ਲਮਕਾਈ ਜਾਊ । ਜੇ ਛਿੰਦੇ ਨੇ ਨ੍ਹੀਂ ਔਣਾ ਤਾਂ ਵੀ ਘੱਟੋ-ਘੱਟ ਦੱਸ ਦੇਵੇ ।" "ਹਰਜਿੰਦਰ ਪੰਚ ਨੇ ਘੜੀ ਦੀਆਂ ਦੌੜੀਆਂ ਜਾ ਰਹੀਆਂ ਸੂਈਆਂ ਨੂੰ ਵਾਰ-ਵਾਰ ਦੇਖਦਿਆਂ ਕਿਹਾ ਹੈ । ਅੱਧੇ ਘੰਟੇ ਤੋਂ ਤਾਂ ਉਪਰ ਸਮਾਂ ਹੋ ਚੱਲਿਆ ਸੀ । ਪੰਜ ਮਿੰਟ ਜਾਣ ਨੂੰ ਲਗਦੇ ਤੇ ਪੰਜ ਮਿਨਟ ਆਉਣ ਤੇ । ਇਕ ਮਿਨਟ 'ਚ ਗੱਲ ਨਿੱਬੜ ਜਾਂਦੀ । ਹੋਰ ਕੀ ਸੀ ?

"ਵਾਹਲਾ ਹੀ ਚਿਰ ਲਾਤਾ," ਮਾਸਟਰਾਂ ਕੇ ਫੌਗੂ ਨੇ ਵੀ ਗੱਲ 'ਚ ਹਿੱਸਾ ਲਿਆ ।

"ਇਹਨੂੰ ਜਿਥੇ ਵੀ ਭੇਜੀਏ ਮਜਾਲ ਆ ਕਿ ਟੈਮ ਸਿਰ ਮੁੜ ਜੇ । ਇਕ ਵਾਰੀ ਦਬਕਾ ਮਾਰਿਆ ਸੀ ਤਾਂ ਮਰੂ-ਮਰੂ ਕਰਦਾ ਫਿਰਦਾ ਸੀ । ਐਵੇਂ ਉੱਘ ਦੀਆਂ ਪੁਤਾਲ ਹੀ ਮਾਰੀ ਜਾਊ," ਪੰਚ ਸਾਧੂ ਸਿੰਘ ਵੀ ਉਸੇ ਰੌਅ 'ਚ ਕਹਿ ਰਿਹਾ ਹੈ ਤੇ ਵਾਰ-ਵਾਰ ਸਿਰ 'ਚ ਇਉਂ ਖਾਜ ਕਰ ਰਿਹਾ ਹੈ ਜਿਵੇਂ ਉਸ ਨੂੰ ਨਹਾਤਿਆਂ ਨੂੰ ਮੁਦਤਾਂ ਹੋ ਗਈਆਂ ਹੋਣ । ਉਸ ਦੀਆਂ ਜਟਾਂ ਘਸਮੈਲੀ ਜਿਹੀ ਪੱਗ ਵਿਚੋਂ ਮੱਲੋਮੱਲੀ ਬਾਹਰ ਨੂੰ ਨਿਕਲੀਆਂ ਹੋਈਆਂ ਸਨ ।

"ਸ਼ੈਂਦ ਛਿੰਦਾ ਘਰੇ ਹੀ ਹੋਵੇ । ਅਜੇ ਘੰਟਾ ਕੁ ਪਹਿਲਾਂ ਤਾਂ ਮੈਂ ਆਪ ਦੇਖਿਆ," ਵਿਚੋਂ ਹੀ ਕੋਈ ਹੋਰ ਬੋਲ ਪਿਆ ਹੈ ।

"ਲਓ ਇਹ ਕੀ ਗੱਲ ਹੋਈ । ਉਹਨੂੰ ਕੇੜ੍ਹਾ ਨ੍ਹੀਂ ਪਤਾ । ਨਾਲੇ ਕਰਤਾਰੇ ਹੱਥ ਸੁਨੇਹਾ ਵੀ ਘੱਲਿਆ ਸੀ ।"

"ਜਿਗਰਾ ਵੀ ਰੱਖੋ । ਉਹ ਕੇੜ੍ਹਾ ਸਾਡੇ ਤੋਂ ਦੌੜਿਆ ਜਾਂਦਾ । ਬਸ ਆਇਆ ਸਮਝੋ," ਸਰਪੰਚ ਸਤਨਾਮ ਸਿੰਘ ਪੋਲਾ ਜਿਹ ਮੂੰਹ ਬਣਾਉਂਦਿਆਂ ਬੋਲਿਆ ਤੇ ਨਾਲ ਦੀ ਨਾਲ ਹੀ ਉਸ ਕੰਬਲ ਦੀ ਬੁੱਕਲ ਢਿੱਲੀ ਕਰਕੇ ਕੁਰਸੀ ਉਪਰ ਹੀ ਫੈਲਾ ਦਿੱਤਾ ਹੈ, ਆਪਣੀ ਚੌਦਰ ਵਾਂਗੂ ।



"ਪਰ ਟਾਈਮ ਖਰਾਬ ਕਰਨ ਦਾ ਕੋਈ ਫਾਇਦਾ । ਘੱਟੋ-ਘੱਟ ਇਕ ਪੰਚਾਇਤ ਮੈਂਬਰ ਨੂੰ ਤਾਂ ਸਮੇਂ ਦਾ ਪਾਬੰਦ ਹੋਣਾ ਚਾਂਹੀਦਾ." ਹਰਜਿੰਦਰ ਨੇ ਉਸ ਨੂੰ ਅੱਗੋਂ ਦੀ ਬਲਗਣ ਦੀ ਕੀਤੀ ਹੈ । ਇਹ ਜਾਣਦਿਆਂ ਕਿ ਜਦੋਂ ਵੀ ਉਹ ਬੋਲੇਗਾ ਛਿੰਦੇ ਦੇ ਪੱਖ ਵਿਚ ਹੀ ਬੋਲੇਗਾ । ਦੋਹਾਂ ਦਾ ਖਾਣ-ਪੀਣ ਜਿਉਂ ਸਾਂਝਾ ਹੋਇਆ । ਜੇ ਪੀਣ ਬੈਠ ਗਏ ਤਾਂ ਸਵੇਰ ਤੋਂ ਹੀ ਸ਼ੁਰੂ ਹੋ ਜਾਣਗੇ ਤੇ ਹਫਤਾ ਹਫਤਾ ਕਿਹਦੀ ਮਾਂ ਨੂੰ ਜੰਮਿਆ, ਮਹੀਨੇ ਇਉਂ ਲੰਘ ਜਾਂਦੇ ਹਨ । ਇਉਂ ਜਿਵੇਂ ਸ਼ਰਾਬ ਤੋਂ ਬਿਨਾਂ ਉਨ੍ਹਾਂ ਲਈ ਦੀਨ ਦੁਨੀਆ ਤੇ ਹੋਰ ਚੀਜ਼ ਦੀ ਹੋਂਦ ਹੀ ਨਾ ਰਹੀ ਹੋਵੇ । ਜੇ ਸ਼ਹਿਰ ਚਲੇ ਗਏ ਤਾਂ ਭਜਨੂ ਕਾਣੇ ਦਾ ਸਾਲਮ ਤਾਂਗਾ ਕਰੀ ਆਉਂਦੇ । ਇਕ ਮੋਹਰਲੀ ਸੀਟ ਤੇ ਲਮਕਿਆ ਹੁੰਦਾ ਤੇ ਦੂਜਾ ਮਗਰਲੀ ਤੇ ਅਤੇ ਜੇ ਆਪਣੀ ਗੱਡੀ ਤੇ ਜਾਣ ਤਾਂ ਘਰ ਵਾਲਿਆਂ ਨੂੰ ਮਗਰ ਜਾਣਾ ਪੈਂਦਾ ।

"ਉਦਣ ਤਾਂ ਸਾਰੀਆਂ ਗੱਲਾਂ ਮੰਨੀ ਗਿਆ ਸੀ ।"

"ਇਸ ਗੱਲੋਂ ਸਿਆਣਾ । ਆਪਣੇ ਪਿਓ ਵਾਂਗੂ ।"

"ਛੱਡੋ ਪਰੇ ਆਪਾਂ ਮਰਿਆਂ ਦੀਆਂ ਕਬਰਾਂ ਨ੍ਹੀਂ ਫੋਲਣੀਆਂ । ਫੇ ਦੂਜੇ ਦੀ ਬਲਾ ਆਪਣੇ ਗੱਲ ਪਵੌਣੀ ।"

"ਕੋਈ ਕੰਮ ਪੈ ਗਿਆ ਹੋਣਾ । ਹੋਰ ਐਨਾ ਤਾਂ ਉਹ ਅਵੇਸਲਾ ਨ੍ਹੀਂ ਹੋਣ ਵਾਲਾ ।"

"ਫੇਰ ਅਸੀਂ ਉਸ ਦੇ ਭਾਅ ਦੇ ਵਿਹਲੇ ਹੋਏ । "ਹਰਜਿੰਦਰ ਨੇ ਦੂਰ ਤਕ ਗੇਟ ਵੱਲ ਨਜ਼ਰ ਦੌੜਾਉਂਦਿਆਂ ਕਿਹਾ ਹੈ ।

"ਯਾਰ ਤੂੰ ਤਾਂ ਬਿਨਾਂ ਮਤਲਬ ਗਲ ਨੂੰ ਪੈਂਦਾਂ । ਦੱਸ ਉਹ ਕੋਈ ਸਾਡੀ ਮਾਸੀ ਦਾ ਪੁੱਤ ? ਜਿੱਦਾਂ ਦਾ ਤੂੰ ਪੰਚ ਉਦਾਂ ਦਾ ਸਾਡੇ ਲਈ ਉਹ," ਬਾਹਰਲਿਆਂ ਦਾ ਮਾਸਕਟੌ ਮੁੜਿਆ ਹਰਬੰਸ ਬੋਲਿਆ ਹੈ ਤੇ ਗੱਲ ਕਰਦਿਆਂ ਉਸ ਦੇ ਬੀੜੇ ਖਾਦੇ ਦੰਦ ਇਉਂ ਲੱਗੇ ਹਨ ਜਿਉਂ ਕੋਈ ਕਿੱਕਰ ਦਾ ਸੁੱਕਾ ਪੱਤ ਹੋਵੇ ।

"ਕੁਝ ਨ੍ਹੀਂ ਹੁੰਦਾ । ਕੁਝ ਨ੍ਹੀਂ ਹੁੰਦਾ । ਜਿਗਰਾ ਤਾਂ ਰੱਖੋ । ਦਸਾਂ ਮਿਨਟਾਂ ਤੱਕ ਆਇਆ ਲਉ । ਨ੍ਹੀਂ ਤਾਂ ਭਜਨੂੰ ਨੂੰ ਭੇਜ ਕੇ ਪਤਾ ਕਰ ਲੈਣਾ," ਸਰਪੰਚ ਪਹਿਲਾਂ ਨਾਲੋਂ ਕੁਝ ਜ਼ਿਆਦਾ ਹੀ ਜ਼ੋਰ ਲਾ ਕੇ ਬੋਲਿਆ ਹੈ । ਜਦੋਂ ਦਾ ਉਹ ਕੁਰਸੀ ਤੇ ਆ ਕੇ ਬੈਠਾ ਸੀ, ਉਸ ਕਿਸੇ ਵੱਲ ਵੀ ਨਹੀਂ ਦੇਖਿਆ ਸੀ । ਗੋਡੇ ਤੇ ਗੋਡਾ ਰੱਖ ਕੇ ਉਹ ਪੈਰ ਦੇ ਅਗੂੰਠੇ ਨਾਲ ਦੀ ਉਂਗਲ ਤੇ ਬਰੋਬਰ ਖਾਜ ਕਰਦਾ ਰਿਹਾ ਸੀ । ਜਖ਼ਮ ਦੇ ਆਸ-ਪਾਸ । ਜਾਂ ਬਰੂ ਖਾਂਦੇ ਝੋਟੇ ਵਾਗੂ ਨਾਸਾਂ ਫੈਲਾ ਕੇ ਫੂੰਅ-ਫੂੰਅ ਕਰਦਾ ਰਿਹਾ ਸੀ ।

ਹਰਨਾਮਾ ਅਮਲੀ ਵੀ ਅੱਧ ਟੁੱਟੇ ਬੈਂਚ ਦੀਆਂ ਮੇਖਾਂ ਠੋਕਦਾ ਹੋਇਆ ਆ ਬੈਠਿਆ ਤੇ ਉਸ ਮੋਢਿਆਂ ਤੋਂ ਫਾਂਟਾ ਵਾਲਾ ਸਾਫ਼ਾ ਲਾਹ ਕੇ ਸੱਜੇ ਪੱਟ ਤੇ ਰੱਖ ਲਿਆ ਸੀ । ਮੀਤ ਕਿਆਂ ਦਾ ਪ੍ਰਗਟ ਨੰਗੇ ਪੈਰੀਂ ਆ ਬੈਠਾ ਸੀ । ਕਿੰਦੀ ਵੀ ਕੇਸੀ ਨਹਾ ਕੇ ਵਾਲ ਖਿਲਾਰੀ ਕੰਧ ਨਾਲ ਢੋਅ ਲਾਈ ਖੜਾ ਸੀ । ਜੀਤੂ ਕਿਆਂ ਦਾ ਗਿਆਨ ਵੀ ਆ ਖੜੋਇਆ ਸੀ।

ਭਲਵਾਨ ਦਾ ਗਬਲਾ ਮੁੰਡਾ ਵੀ ਸਾਧੂ ਸਿੰਘ ਦੇ ਮਗਰ ਖੜਾ ਸੀ ਤੇ ਭਲਵਾਨ ਉਸ ਨੂੰ ਮੋਟਰ ਤੇ ਜਾਣ ਲਈ ਇਸ਼ਾਰੇ ਕਰ ਰਿਹਾ ਤੇ ਅੱਗੋਂ ਉਸ ਵੀ ਕਿਹੜਾ ਘੱਟ ਸੀ। ਉਸੇ ਰੌਂਅ 'ਚ ਹੱਥ ਮਾਰੀ ਜਾ ਰਿਹਾ ਸੀ। ਇਹ ਸਮਝਾਉਂਦਿਆਂ, "ਤੁਰ ਜਾ। ਵੱਡਿਆ ਕਾਹਲਿਆਂ। ਚਲੇ ਜਾਣਾ। ਅੱਗੇ ਕਿਹੜੀ ਅੱਗ ਲੱਗੀ। ਬੱਤੀ ਪਤਾ ਨੀਂ ਕਦੋਂ ਔਣੀ ਫੇਰ ਪਤਾ ਨੀਂ ਆਵੇ ਵੀ ਕਿ ਨਾ ਆਵੇ। ਮੈਨੂੰ ਦੇਖ ਕੇ ਇਹਦੇ ਭਾਅ ਦੀ ਬਣ ਗਈ। ਪਰ ਪਹਿਲਾ ਫੈਸਲਾ ਦੇਖ ਲਈਏ। ਫੇਰ ਸਾਰਾ ਦਿਨ ਪਾਣੀ ਹੀ ਲੈਣਾ।"

ਵੈਸੇ ਇਹ ਪੰਚਾਇਤ ਘਰ ਨਹੀਂ ਲਗਦਾ। ਬਿਲਕੁਲ ਹੀ ਨਹੀਂ। ਮੁਗ਼ਲਾਂ ਵੇਲੇ ਦੇ ਖੰਡਰਾਤ ਲਗਦੇ। ਬਾਹਰਲੀ ਚਾਰਦੀਵਾਰੀ ਦੀਆਂ ਇੱਟਾਂ ਤਾਂ ਕਦੋਂ ਦੀਆਂ ਘਰੋਂ ਘਰੀ ਚਲੇ ਗਈਆਂ। ਕਿਸੇ ਨੇ ਕੱਟੀ ਜਾਂ ਵੱਛੀ ਦਾ ਸਰੀਆ ਗੱਡਣ ਲਈ ਕੰਧ ਉਪਰੋਂ ਇੱਟ ਚੁੱਕੀ...ਸਰੀਆ ਗੱਡਿਆ...ਇੱਟ ਦੋ ਥਾਈਂ ਹੋ ਗਈ ਤੇ ਵਗਾਹ ਕੇ ਛੱਪੜ ਵੱਲ ਮਾਰੀ ਤੇ ਉਪਰੋਂ ਹੋਰ ਜਾ ਲਾਹੀ। ਜਾਂ ਕਿਸੇ ਨੇ ਟਰੈਕਟਰ ਗੱਡੇ ਜਾਂ ਟਰੱਕ ਨੂੰ ਠੋਕਰ ਲਾਉਣ ਲਈ ਇੱਟ ਲਈ ਤੇ ਜਿਥੇ ਪਈ ਉਥੇ ਹੀ ਪਈ ਰਹਿਣ ਦਿੱਤੀ। ਕੋਈ ਹੋਰ ਆਇਆਂ ਤੇ ਚੁੱਕਦਾ ਬਣਿਆ। ਅੱਜ ਕੱਲ੍ਹ ਤਾਂ ਇੱਟ ਵੀ ਸਵਾ ਰੁਪਏ ਦੀ ਪੈਂਦੀ। ਸਰਪੰਚ ਬਲਵੀਰ ਸਿੰਘ ਵੇਲੇ ਐਦਾ ਨਹੀਂ ਹੁੰਦਾ ਸੀ। ਪੰਚਾਇਤ ਘਰ 'ਚ ਸਾਲ ਦੀ ਸਾਲ ਸਫ਼ੇਦੀ ਹੁੰਦੀ ਸੀ। ਵਿਹੜਾ ਸਾਫ ਹੁੰਦਾ ਸੀ। ਕੁਰਸੀਆਂ ਹੁੰਦੀਆਂ ਸਨ। ਪੰਜ ਬੈਂਚ ਪਏ ਰਹਿੰਦੇ ਸਨ, ਪਰ ਉਸ ਦੇ ਜਰਮਨ ਜਾਣ ਦੀ ਦੇਰ ਸੀ ਕਿ ਪੰਚਾਇਤ ਘਰ ਨੂੰ ਨਜ਼ਰ ਹੀ ਲੱਗ ਗਈ ਸਮਝੋ। ਚਹੁੰ ਪਾਸੀਂ ਉਸ ਸਫੇਦਿਆਂ ਦੀਆਂ ਪਾਲਾਂ ਲਗਵਾਈਆਂ ਸਨ, ਪਰ ਆਉਂਦੇ ਜਾਂਦੇ ਨਿਆਣਿਆਂ ਤੇ ਵਿਚ-ਵਿਚ ਸਿਆਣਿਆਂ ਵੀ ਵੇਲਾ-ਕੁਵੇਲਾ ਦੇਖਦਿਆਂ ਉਨ੍ਹਾਂ ਦਾ ਭੋਗ ਪਾ ਕੇ ਹੀ ਸਾਹ ਲਿਆ ਸੀ। ਗੇਟ ਤਾਂ ਲਗਦਾ ਸੀ ਕਿ ਹੁਣ ਵੀ ਡਿੱਗਾ ਤੇ ਹੁਣ ਵੀ ਡਿੱਗਾ। ਪਤਾ ਨਹੀਂ ਇਹ ਕਿਵੇਂ ਹੁਣ ਤੱਕ ਸਬੂਤਾ ਖੜਾ। ਦੇਖਣ ਨੂੰ ਸਬੂਤਾ ਲਗਦਾ ਪਰ ਗੇਟ ਨੂੰ ਜੰਗਾਲ ਨੇ ਮਿੱਟੀ ਬਣਾ ਰੱਖਿਆ।

"ਸਰਦਾਰ ਜੀ, ਉਹ ਕੈਂਦਾ ਤੂੰ ਚਲ ਮੈਂ ਮਗਰੇ ਆਇਆ," ਸੱਜੇ ਹੱਥ ਵਿਚ ਫੜੀ ਸੋਟੀ ਤੇ ਸਾਰਾ ਭਾਰ ਦੇ ਕੇ ਤੇ ਸੱਜੇ ਹੱਥ ਨੂੰ ਮੱਥੇ ਉਪਰ ਰੱਖੀ ਚੌਂਕੀਦਾਰ ਕਰਤਾਰੇ ਨੇ ਆ ਦੱਸਿਆ ਹੈ। ਲਗਦਾ ਉਹ ਵੀ ਛਿੰਦੇ ਕੋਲੋਂ ਢਾਹਡਾ ਤੰਗ ਆਇਆ ਹੋਇਆ ਸੀ। ਇਹ ਉਸ ਦਾ ਛਿੰਦੇ ਵੱਲ ਚੌਥਾ ਗੇੜਾ ਤਾਂ ਹੋਣਾ ਹੀ ਹੈ। ਪਹਿਲੇ ਗੇੜੇ ਪਤਾ ਲੱਗਾ ਸੀ ਕਿ ਉਹ ਮੋਟਰ ਤੇ ਗਿਆ ਤੇ ਮੋਟਰ ਤੋਂ ਭਈਆਂ ਨੇ ਦੱਸਿਆ ਸੀ ਕਿ ਉਹ ਨਹਿਰੋਂ ਪਾਰ ਗੇੜਾ ਮਾਰ ਕੇ ਤੇ ਮਹਿੰਗੇ ਕਿਆਂ ਕੀ ਮੋਟਰ ਕੋਲੋਂ ਦੀ ਹੁੰਦਾ ਹੋਇਆ ਪਿੰਡ ਚਲੇ ਗਿਆ। ਪਰ ਪਿੰਡ ਉਹ ਮਿਲਿਆ ਨਹੀਂ ਸੀ। ਹਰਜਿੰਦਰ ਨੇ ਉਨ੍ਹੀਂ ਪੈਰੀਂ ਉਸ ਨੂੰ ਵਾਪਸ ਭੇਜ ਦਿੱਤਾ ਸੀ," ਉਹਨੂੰ ਕਹਿ ਦੇ ਜੇ ਔਣਾ ਆ, ਤਾਂ ਸਿੱਧੀ ਨੀਤ ਨਾਲ ਆ ਜਾਵੇ। ਨੀਂ ਤਾਂ ਫੇਰ ਹੱਥ ਲਾ-ਲਾ ਕੇ ਦੇਖੂ। ਉਹਨੇ ਤਾਂ ਪੰਚਾਇਤ ਨੂੰ ਤਮਾਸ਼ਾ ਹੀ ਸਮਝ ਲਿਆ। ਜੀ ਕਰੇ ਤੇ ਆਵੇ ਤੇ ਜੀ ਕਰੇ ਨਾ ਆਵੇ। ਉਸ ਦੇ ਭਾਅ ਦੇ ਜਿਵੇਂ ਅਸੀਂ ਸਾਰੇ ਘਰੋਂ ਕੱਢੇ ਹੋਏ ਆ।" ਤੇ ਅੱਗੋਂ ਛਿੰਦਾ ਘਰੇ ਮਿਲ ਗਿਆ ਸੀ, ਪਰ ਉਸ



ਕਿਹਾ ਸੀ," ਲੈ ਬਈ ਕਰਤਾਰਿਆ ਤੂੰ ਚੱਲ। ਮੈਂ ਤੇਰੇ ਮਗਰ ਹੀ ਆਇਆ ਸਮਝ। ਪਰ ਦੇਖ ਲਈਂ ਤੂੰ ਰਾਹ ਵਿਚ ਕਿਸੇ ਨਾਲ ਗੱਲੀਂ ਲੱਗ ਜਾਣਾ ਤੇ ਤੇ ਮੈਂ ਤੇਰੇ ਨਾਲੋਂ ਪੈਲਾਂ ਪਹੁੰਚ ਜਾਣਾ।" ਆਇਆ ਕਹਿ ਕੇ ਉਸ ਘੰਟਾ ਲੰਘਾ ਦਿੱਤਾ ਸੀ। ਸਾਰੀ ਪੰਚਾਇਤ ਆਪੋ ਆਪਣੀ ਘਰੀਂ ਜਾਣ ਨੂੰ ਕਾਹਲੀ ਪੈ ਗਈ ਸੀ। ਫੇਰ ਛਿੰਦੇ ਦਾ ਕੀ ਪਤਾ ਲਗਦਾ। ਆਵੇ ਕਿ ਨਾ ਆਵੇ। ਐਵੇਂ ਕੋਈ ਬਹਾਨਾ ਬਣਾ ਲਊ। ਬਹੁਤੀ ਗੱਲ ਹੋਈ ਤਾਂ ਸੌਂਹ ਖਾਣ ਤੋਂ ਵੀ ਝਿਜਕੂ ਨਾ ਤੇ ਨਾਲ ਹੀ ਸਬੂਤ ਹਾਜ਼ਰ ਸਮਝੋ।

"ਜਾ ਯਾਰ ਇਕ ਵਾਰੀ ਫੇਰ ਜਾ। ਨੀਂ ਤਾਂ ਮੈਂ ਭਜਨੂੰ ਨੂੰ ਭੇਜੂੰ। ਮੇਰੇ ਵਲੋਂ ਕਹੀਂ," ਸਰਪੰਚ ਨੇ ਕਿਹਾ ਸੀ।

"ਜੀ." ਕਹਿ ਕੇ ਕਰਤਾਰੇ ਨੇ ਫੇਰ ਉਂਗਲ ਘੰਟੀ ਤੇ ਜਾ ਰੱਖੀ ਸੀ। ਕੁੰਡਾ ਛਿੰਦੇ ਦੀ ਛੋਟੀ ਕੁੜੀ ਨੇ ਖੋਲ੍ਹਿਆਂ ਸੀ ਤੇ ਢਾਹਡੇ ਗੁੱਸੇ ਨਾਲ ਲਾਲ-ਪੀਲੀ ਹੁੰਦੀ ਬੋਲੀ ਸੀ, "ਤਾਇਆ ਮਰਿਆ ਪੈਲਾ ਮੈਨੂੰ ਇਕ ਗੱਲ ਤਾਂ ਦੱਸ। ਤੈਨੂੰ ਹੋਰ ਕੋਈ ਕੰਮ ਨੀਂ। ਅੱਜੇ ਤੂੰ ਹੁਣੇ ਹੀ ਗਿਆ ਸੀ, ਫੇ ਆ ਮਰਿਆ; ਐਤਕੀਂ ਤਾਂ ਮੈਂ ਖੋਲ੍ਹ ਦਿੱਤਾ ਜੇ ਤੂੰ ਆਵੇਂ ਜਾਂ ਕੋਈ ਹੋਰ ਆ ਮਰੇ। ਮੈਂ ਦਰਵਾਜ਼ਾ ਨੀਂ ਖੋਲਣਾ। ਪੰਜ ਵਾਰ ਕੱਤੇ ਵੱਲ ਗੇੜੇ ਮਾਰ ਕੇ ਆਹ ਬੁਣਤੀ ਲੱਭੀ ਤੇ ਤੂੰ ਆ ਕੇ ਬੁਣਤੀ ਵੀ ਲੈਣ ਨੀਂ ਦਿੰਦਾ। ਕਦੇ ਕੋਈ ਆ ਗਿਆ। ਕਦੇ ਕੋਈ। ਮੈਂ ਤਾਂ ਬਾਰੋਂ ਖੋਲ੍ਹ-ਖੋਲ੍ਹ ਕੇ ਅੱਕ ਗਈ। ਖੁਲ੍ਹਾ ਰੈਣ ਦਵਾਂ ਤਾਂ ਮੰਮੀ ਸਾਰਾ ਘਰ ਸਿਰ ਤੇ ਚੁੱਕ ਲੈਂਦੀ, ਜ਼ਮਾਨਾ ਭੈੜਾ। ਇਥੇ ਕੋਈ ਗੋਲੀ ਚਲਦੀ ਪਈ।"

"ਕੁੜੇ ਧੀਏ ਭੋਲੀਏ, ਮੈਂ ਕੀ ਕਰਾਂ? ਪੰਚੈਤ ਮੈਨੂੰ ਸਰਦਾਰ ਵੱਲ ਭੇਜ ਦਿੰਦੀ ਤੇ ਸਰਦਾਰ ਅੱਗੋਂ ਇਹ ਕਹਿ ਕੇ ਤੋਰ ਦਿੰਦਾ ਚਲ ਮੈਂ ਤੇਰੇ ਮਗਰੇ ਆਇਆ। ਪਰ ਪਟਵਾਰੀ ਦੇ ਲਾਰਿਆਂ ਵਾਂਗੂ ਇਹਦੀ ਮਗਰ ਨੀਂ ਪੂਰੀ ਹੁੰਦੀ," ਕਹਿੰਦਾ ਹੋਇਆ ਉਹ ਸਿੱਧਾ ਹੀ ਬੈਠਕ 'ਚ ਲੰਘ ਗਿਆ ਸੀ। ਛਿੰਦਾ ਸੋਫੇ ਤੇ ਚੌਕੜੀ ਮਾਰ ਕੇ ਬੈਠਾ ਚਾਹ ਪੀ ਰਿਹਾ ਸੀ ਤੇ ਸ਼ੰਕਰ ਉਸ ਨੂੰ ਅਖ਼ਬਾਰ ਦੀਆਂ ਮੋਟੀਆਂ-ਮੋਟੀਆਂ ਸੁਰਖੀਆਂ ਪੜ੍ਹ ਕੇ ਸੁਣਾ ਰਿਹਾ ਸੀ।

"ਆ ਬਈ ਕਰਤਾਰ ਚੰਦਾ, ਚਾਹ ਪੀ ਆਈਏ ਜਾਂ ਮਾਵਾ ਖਿਲਾਈਏ ਜਾਂ ਪੰਜਾਂ ਦੇ ਨੋਟ ਨਾਲ ਸਰ ਜਾਊ। ਜਲਦੀ-ਜਲਦੀ ਮੂੰਹੋਂ ਫੁੱਟ। ਆਪਾ ਤਾਂ ਯਾਰਾਂ ਦੇ ਯਾਰ ਆਂ। ਭਾਵੇਂ ਪਿਆਰ ਨਾਲ ਕੋਈ ਜਾਨ ਵੀ ਮੰਗ ਲਏ, ਆਪਾਂ ਤਿਆਰ ਹੁਣੇਂ। ਗੁੱਸੇ ਨਾਲ ਮਰਦੇ ਦੇ ਮੂੰਹ ਵਿਚ ਪਾਣੀ ਵੀ ਨੀਂ ਪੈਣ ਦਿੰਦੇ...ਸਮਝਿਆ...।"

"ਸਮਝਦਾਂ ਚੰਗੀ ਤਰ੍ਹਾਂ ਸਮਝਦਾਂ। ਮੈਂ ਕੋਈ ਦੁੱਧ ਚੁੰਘਦਾ ਨਿਆਣਾ ਨੀਂ।"

"ਫੇਰ ਐਨਾ ਆਫਰਿਆ ਕਿਉਂ ਫਿਰਦਾਂ।" ਮਹਿੰਗੇ ਲੰਝੇ ਕੇ ਮਿੰਦਰ ਨੇ ਉਸ ਵੱਲ ਘੂਰ ਕੇ ਦੇਖਿਆ ਸੀ।

"ਮੈਂ ਕਿਹਾ ਆਹ ਫੜ ਪੈਲਾ ਚਾਹ ਪੀ। ਉਪਰੋਂ ਸੌਰਿਆਂ ਦੀਆਂ ਕੀ ਆਫਤ ਆ ਗਈ?" ਸ਼ੰਕਰ ਨੇ ਚਾਹ ਦੀ ਗਿਲਾਸੀ ਉਸ ਵੱਲ ਕਰਦਿਆਂ ਪੁੱਛਿਆ।

ਕਰਤਾਰਾ ਗਿਲਾਸੀ ਫੜ ਕੇ ਫਰਸ਼ ਤੇ ਬੈਠ ਗਿਆ। ਜੁੱਤੀ ਤਾਂ ਉਸ ਬੈਠਕ ਅੰਦਰ ਹੀ ਇਕ ਪਾਸੇ ਨੂੰ ਲਾਹ ਦਿੱਤੀ ਸੀ।

"ਤੇਰੇ ਵੱਲ ਮੇਰਾ ਚੌਥਾ ਗੇੜਾ। ਅਗੋਂ ਤੇਰੇ ਭਾਣੇ ਕੁਝ ਹੋਇਆ ਨ੍ਹੀਂ। ਕੱਲ੍ਹ ਵੀ ਤੇਰੇ ਵੱਲ ਪੂਰੇ ਸੱਤ ਗੇੜੇ ਮਾਰੇ। ਸਾਰੇ ਟਿਕਾਣਿਆਂ ਤੇ ਭਾਲਿਆ। ਮਸਾਂ ਜਾ ਕੇ ਬੀਰੋ ਦੇ ਘਰੋਂ ਮਿਲਿਆ। ਪੱਟਿਆ ਵੱਡਾ ਯਾਰੀਆਂ ਦਾ। ਮੈਂ ਤੈਨੂੰ ਦੱਸਿਆਂ ਸੀ ਬਈ ਦੱਸ ਵਜੇ ਪੰਚੈਤ ਨੇ ਤੈਨੂੰ ਸੱਦਿਆ। ਕਿਤੇ ਅੱਗੇ ਪਿਛੇ ਨਾ ਜਾਈਂ, ਪਰ ਜਨਾਬ ਹੋਰਾਂ ਦੇ ਦਰਸ਼ਨ ਅਨਮੋਲ ਹੋ ਗਏ," ਸੁੜਕਾ ਮਾਰ ਕੇ ਉਸ ਚਾਹ ਦਾ ਲੰਮਾ ਘੁੱਟ ਭਰਿਆ।

"ਕੋਈ ਗੱਲ ਨ੍ਹੀਂ ਮੌਦਾਈ ਵੱਡਿਆ। ਦੱਸ ਦਾ ਮਤਲਬ ਪਤਾ ਕਿੰਨੇ ਹੁੰਦਾ, ਘੱਟ ਤੋਂ ਘੱਟ ਬਾਹਾਂ।"

"ਫੇ ਮੇਰੇ ਨਾਲ ਕੋਈ ਵੈਰ ਲੱਗਦਾ।"

"ਤੂੰ ਵਿਚੋਂ ਛਿੱਕੂ ਲੈਣਾ। ਆਹ ਫੜ ਤੇ ਵਾਗੁਰ ਵਾਗੁਰ ਕਰ," ਛਿੰਦੇ ਨੇ ਮੱਕੀ ਦੇ ਦਾਣੇ ਤੋਂ ਰਤਾ ਕੁ ਵੱਡੀ ਗੋਲੀ ਵੱਟ ਕੇ ਦਿੰਦਿਆਂ ਕਿਹਾ ਸੀ।

ਤੇ ਚਾਹ ਦੇ ਗਿਲਾਸ ਨਾਂਲ ਕਰਤਾਰੇ ਦਾ ਸਾਰਾ ਪਾਰਾ ਗਫੂਰ ਹੋ ਗਿਆ ਸੀ। ਰਹਿੰਦੀ-ਖੂਹਦੀ ਕਸਰ ਮਾਵੇ ਨੇ ਪੂਰੀ ਕਰ ਦਿੱਤੀ ਸੀ।

"ਭੈਣ ਦੀ ਜਾਵਿਆ ਐਨੀ ਸਾਰੀ ਇਕੋ ਵਾਰੀ" ਕਹਿ ਉਹ ਭੁੱਲ ਗਿਆ ਸੀ ਕਿ ਇਹ ਉਸ ਦਾ ਛਿੰਦੇ ਵੱਲ ਚੌਥਾ ਗੇੜਾ ਸੀ। ਅੱਧੀ ਕੁ ਉਸ ਸੰਘ ਦੇ ਪਾਰ ਕਰ ਲਈ ਸੀ ਤੇ ਅੱਧੀ ਕੁ ਸਾਫਾ ਨੁਮਾ ਪੱਗ ਦੇ ਲੜ ਨਾਲ ਬੰਨ੍ਹਦਿਆਂ ਕਿਹਾ ਸੀ," ਜਿਉਂਦਾ ਰੈਅ ਬਈ ਸਰਦਾਰਾਂ ਰੱਬ ਤੈਨੂੰ ਦੂਣਾ ਦੇਵੇ।"

...ਛਿੰਦਾ ਅਜੇ ਨਹੀਂ ਆਇਆ ਸੀ।

ਘੰਟੇ ਤੋਂ ਉਪਰ ਬੀਤ ਗਿਆ ਸੀ। ਲੋਕ ਵੀ ਅੱਕਣ ਲੱਗੇ ਸਨ। ਘੰਟਾ ਕੁ ਤਾਂ ਗੱਲਾਬਾਤਾਂ 'ਚ ਹੀ ਬੀਤ ਗਿਆ ਸੀ। ਪਤਾ ਹੀ ਨਹੀਂ ਲਗਾ। ਜਿੰਨੇ ਮੂੰਹ ਉੱਨੀਆਂ ਹੀ ਗੱਲਾਂ ਹੁੰਦੀਆਂ ਰਹੀਆਂ ਸਨ। ਡੀਜ਼ਲ ਨਾ ਮਿਲਣ ਦੀਆਂ। ਮੀਂਹ ਲੇਟ ਹੋਣ ਦੀਆਂ। ਸੋਕੇ ਦੀਆਂ, ਬਿਜਲੀ ਕੁਵੇਲੇ ਆਉਣ ਦੀਆਂ, ਖਾਦਾਂ ਦੇ ਭਾਅ ਵਧਣ ਦੀਆਂ। ਮਾਸਟਰਾਂ ਦੀ ਜ਼ਮੀਨ ਦੀ ਵੰਡ ਦੀਆਂ। ਕਣਕੀ ਕਿਆਂ ਦੇ ਟੱਬਰ ਪਾਟਣ ਦੀਆਂ। ਸਾਧੂ ਸਿੰਘ ਦੇ ਕੁੜਮਾਂ ਦੀਆਂ। ਕਾਮਰੇਡ ਦੇਬੂ ਦੇ ਨੇਕ ਜੁਆਈ ਦੀਆਂ। ਸੁਰਜੀਤ ਕੇ ਨਵੇਂ ਟਰੈਕਟਰ ਦੀਆਂ। ਨਿੱਕੇ ਕੀ ਵੀਹ ਹਜ਼ਾਰ ਦੀ ਬਣੀ ਟਰਾਲੀ ਦੀਆਂ...

"ਚਲੋ ਉਠੋ ਫੇ। ਅੱਜ ਨ੍ਹੀਂ ਤਾਂ ਫੇ ਕੱਲ੍ਹ ਨੂੰ ਸਈ। ਇਕ ਦਿਨ ਨਾਲ ਕੇੜ੍ਹਾ ਕੋਠਾ ਸਿਰ ਤੇ ਡਿੱਗ ਚੱਲਿਆ। ਨਾ ਛਿੰਦਾ ਸਾਡੇ ਤੋਂ ਭੱਜ ਚਲਿਆ ਤੇ ਨਾ ਹੀ ਰੁਲਦੂ ਨੇ ਕਿਤੇ ਜਾਣਾ।"

"ਆਪਣੀ ਵਾਰੀ ਉਹ ਐਦਾਂ ਹੀ ਕਰਦਾ ਹੁੰਦਾ।"



"ਜੇ ਕਿਸੇ ਹੋਰ ਦਾ ਝਗੜਾ ਹੁੰਦਾ ਤਾਂ ਕਦੋਂ ਦਾ ਚੌਧਰੀ ਬਣ ਕੇ ਬੈਠਿਆ ਹੁੰਦਾ," ਹਰਨਾਮੇ ਅਮਲੀ ਨੇ ਲੰਮਾਂ ਸੂਟਾ ਖਿੱਚ ਕੇ ਸਿੱਧ ਪੱਧਰੀ ਪਰ ਸੱਚੀ ਗੱਲ ਕੀਤੀ।

ਕਹਿੰਦੇ ਹੁੰਦੇ ਕਿ ਅਮਲੀਆਂ ਦੇ ਤਿੰਨੇ ਨਸ਼ੇ ਪੂਰੇ ਹੋਣ ਤਾਂ ਰੱਬ ਦੀ ਧੁਨੀ 'ਚੋਂ ਗੱਲ ਕੱਢ ਲਿਆਉਂਦੇ। ਤਿੰਨ ਨਸ਼ੇ। ਪਹਿਲਾਂ ਛੰਨਾ ਭਰ ਕੇ ਡੋਡਿਆਂ ਦਾ। ਦੂਜਾ ਛਟਾਂਕ ਕੁ ਪੱਤੀ ਪਾ ਚਾਹ ਦਾ ਕੱਪ ਤੇ ਤੀਜਾ ਤਾਜ਼ਾ ਚੁਗੇ ਹੋਏ ਪਿੱਪਲ ਦੇ ਸੱਕਾਂ ਦੀ ਭਰੀ ਹੋਈ ਚਿਲਮ ਜਾਂ ਦੋ ਲੈਂਪ ਦੀਆਂ ਸਿਗਰੇਟਾਂ ਜੋੜ ਕੇ ਖਿਚਿਆ ਹੋਇਆ ਕਸ਼।

ਗੱਲ ਤਾਂ ਠੀਕ ਹੀ ਸੀ ਹਰਨਾਮੇ ਅਮਲੀ ਦੀ। ਕਿਸੇ ਹੋਰ ਦਾ ਝਗੜਾ ਹੁੰਦਾ ਤਾਂ ਕਦੋਂ ਦਾਂ ਫੈਸਲਾ ਹੋਇਆ ਹੁੰਦਾ। ਜੇ ਮੋਹਰਿਉਂ ਮਾੜੀ ਜਿਹੀ ਦੇਰ ਹੋ ਜਾਂਦੀ ਤਾਂ ਛਿੰਦਾ ਆਪ ਸੁਨੇਹਾ ਭੇਜ ਦਿੰਦਾ, "ਉਹਨੂੰ ਕਹਿ ਦਈਂ। ਸਿੱਧਾ ਹੋ ਕੇ ਆ ਜਾਵੇ। ਨ੍ਹੀਂ ਤਾਂ ਸਾਨੂੰ ਸੱਦਣਾ ਵੀ ਆਉਂਦਾਂ। ਫੇਰ ਸਾਡੇ ਮਗਰ-ਮਗਰ ਦੌੜਿਆ ਫਿਰੂ। ਬਸ ਐਨਾ ਹੀ ਕਹਿ ਦਈਂ...।" ਪੈਂਦਿਆਂ ਹੀ ਛਿੰਦਾ ਕਹਿ ਦਿੰਦਾ। "ਕਰੋ ਇਹਨੂੰ ਜੁਰਮਾਂਨਾ। ਦੇਖੀ ਫੇਰ ਸੂਤ ਔਂਦਾਂ ਕਿ ਨ੍ਹੀਂ ਨਾਲੇ ਲਊ ਜ਼ਮਾਨਤ।" ਅਗਲੇ ਕੋਲੋਂ ਉਦੋਂ ਹੀ ਜੁਰਮਾਨਾਂ ਉਗਰਾਹ ਲਿਆ ਜਾਂਦਾ ਤੇ ਲਗਦੇ ਹੱਥੀਂ ਤਾੜਨਾ ਵੀ ਕੀਤੀ ਜਾਂਦੀ, "ਅਗਾਂਹ ਚੇਤਾ ਰੱਖੀਂ।"

ਪਿੱਛਲੇ ਹਫਤੇ ਵੀ ਪੰਚਾਇਤ ਜੁੜੀ ਸੀ। ਪੂਰੀ ਪੰਚਾਇਤ। ਪਿੰਡ ਦੇ ਧੜੱਲੇਦਾਰ ਘਰਾਂ ਦੇ ਮੈਂਬਰ ਪੂਰੇ ਦੋ ਘੰਟੇ ਬੱਝੇ ਬੈਠੇ ਰਹੇ ਸਨ। ਨਜ਼ਰਾਂ ਸਰਪੰਚਾਂ ਦੀ ਹਵੇਲੀ ਕੋਲ ਦੇ ਮੋੜ ਵੱਲ ਲੱਗੀਆਂ ਰਹੀਆਂ ਹਨ। ਪਰ ਜਿੰਦਾ ਤਾਂ ਕੀ ਉਸ ਦਾ ਪਰਛਾਵਾਂ ਵੀ ਨਜ਼ਰੀ ਨਹੀਂ ਸੀ ਪਿਆ। ਸਾਰਿਆਂ ਦੀ ਸੋਚ ਇਸੇ ਗੱਲ ਤੇ ਅੜੀ ਖੜੀ ਸੀ ਕਿ ਕਿਹੜੀ ਘੜੀ ਛਿੰਦਾਂ ਆਵੇ ਤੇ ਗੱਲ ਇਕ ਪਾਸੇ ਲੱਗੇ। ਸੁਨੇਹੇ ਤੇ ਸੁਨੇਹਾ ਜਾਂਦਾ ਰਿਹਾ ਸੀ ਤੇ ਹਰ ਸੁਨੇਹੇ ਗੱਲ ਹੋਰ ਦੀ ਹੋਰ ਹੁੰਦੀ ਗਈ ਸੀ ਤੇ ਅੰਤ ਕਰਤਾਰੇ ਨੇ ਆ ਦੱਸਿਆ ਸੀ, "ਘਰੋਂ ਪਤਾ ਲੱਗਾ, ਉਹ ਤਾਂ ਲੁਧਿਆਣੇ ਵਾਲੇ ਕੁੜਮਾਂ ਨਾਲ ਸੈਰ ਚਲੇ ਗਿਆ।"

"ਫੇਰ ਕਿੱਦਾਂ ਕਰੀਏ?" ਰੁਲਦੂ ਨੇ ਪੁੱਛਿਆ ਸੀ। ਉਸ ਦੀਆਂ ਨਜ਼ਰਾਂ ਵਿਚ ਫੈਲੇ ਸੁਆਲਾਂ ਦਾ ਘੇਰਾ ਆਪਣੀ ਹੱਦ ਤਾਂ ਕਦੋਂ ਦਾ ਟੱਪ ਗਿਆ ਸੀ।

"ਕੱਲ੍ਹ ਦਾ ਦਿਨ ਦੇਖ ਲਉ। ਹੁਣ ਇਹੋ ਹੋ ਸਕਦਾ। ਉਸ ਦਾ ਕੁੜਮ ਆਇਆ। ਤੁਹਾਨੂੰ ਵੀ ਪਤਾ। ਫੇ ਜੇ ਅਗਲਾ ਕਹਿ ਹੀ ਦੇਵੇ ਚਲਣਾ, ਫੇ ਕੀ ਜੁਆਬ ਹੋ ਸਕਦਾ। ਪਤਾ ਲੱਗ ਹੀ ਗਿਆ। ਆਖਿਰ ਬੰਦੇ ਦੀ ਮਜ਼ਬੂਰੀ ਵੀ ਹੋ ਸਕਦੀ। ਅੱਜ ਨ੍ਹੀਂ ਤਾਂ ਕੱਲ੍ਹ ਆਊ। ਤੂੰ ਕਿਉਂ ਘਬਰੌਣਾ ਤੇਰੇ ਨਾਲ ਨਿਆਂ ਹੋਊਗਾ। ਫੇ ਵੀ ਜੇ ਗੱਲ ਠੀਕ ਨਾ ਲੱਗੀ ਤਾਂ ਸ਼ੇਰੂ ਕਿਤੇ ਗਿਆ ਨ੍ਹੀਂ। ਹੋਰ ਅਸੀਂ ਕਿਸੇ ਦੇ ਡਾਂਗ ਮਾਰਣੇ ਤਾਂ ਰਹੇ," ਸਰਪੰਚ ਨੇ ਉਠਦਿਆ ਹੋਇਆ ਗੱਲ ਮੁਕਾਈ ਸੀ।

"ਮੈਂ ਕੇਹ੍ਨਾ ਅੱਜੇ ਦੇਖ ਲਈਏ," ਰੁਲਦੂ ਅੜ ਗਿਆ ਸੀ, "ਗੱਲ ਵਿਚੋਂ ਨਿਬੜਦੀ ਚੰਗੀ। ਉਹਦਾ ਕੀ ਪਤਾ ਫੇ ਵਾਧਾ ਕਰ ਦੇਵੇ। ਕੈਂਦੇ, ਸ਼ੇਰੂ ਗਿਆ, ਫੇ ਸ਼ੇਰੂ

ਕੇੜ੍ਹਾ ਦੂਹ । ਬੰਦਾ ਝੱਟ ਮੁੜ ਔਂਦਾ । ਫੇ ਪਤਾਂ ਨ੍ਹੀਂ ਘਰੇ ਹੋਣਾ । ਤੁਸੀਂ ਭਜਨੂੰ ਨੂੰ ਇਕ ਵਾਰੀ ਭੇਜ ਕੇ ਪਤਾ ਕਰੋ ।"

"ਜਾ ਬਈ ਭਜਨੂੰ । ਇਹਦੀ ਸ਼ੱਕ ਦੂਰ ਹੋ ਜਾਊ ।" ਸਰਪੰਚ ਫੇਰ ਬੈਠ ਗਿਆ ਸੀ ।

ਇਹ ਚੰਗੀ ਭਰ੍ਹਾਂ ਰੁਲਦੂ ਜਾਣਦਾ ਸੀ । ਮਸਾਂ-ਮਸਾਂ ਤਾਂ ਪੰਚਾਇਤ ਜੁੜੀ ਸੀ । ਇਕੱਲੇ ਇਕੱਲੇ ਮੈਂਬਰ ਵੱਲ ਉਸ ਨੂੰ ਪੰਦਰਾਂ-ਪੰਦਰਾਂ ਗੇੜੇ ਮਾਰਨੇ ਪਏ ਸਨ । ਕਿਸੇ ਬਹਾਨਾ ਕੀਤਾ ਸੀ ਤੇ ਕਿਸੇ ਟਾਲਣ ਦੀ ਕੀਤੀ ਸੀ । ਕੋਈ ਵੀ ਛਿੰਦੇ ਵਲੋਂ ਬੁਰਾ ਨਹੀਂ ਪੈਣਾ ਚਾਹੁੰਦਾ ਸੀ ।

ਕੇਵਲ ਨੇ ਪੈਂਦਿਆਂ ਹੀ ਪੁੱਛਿਆ ਸੀ, "ਪੈਲਾਂ ਇਹ ਦਸ ਕਿ ਸਾਧੂ ਕੋਲ ਵੀ ਗਿਆ ਸੀ ਕਿ ਨ੍ਹੀਂ ?"

ਸਾਧੂ ਨੇ ਅੱਗੋਂ ਪੁੱਛਿਆ ਸੀ, "ਹਰਬੰਸ ਆਊਗਾ ਕਿ ਨ੍ਹੀਂ ?"

ਹਰਬੰਸ ਨੇ ਸਾਰੀ ਗੱਲ ਸੁਣਨ ਤੋਂ ਬਾਅਦ ਪੁੱਛਿਆ ਸੀ, "ਕੇਵਲ ਕੀ ਬੋਲਿਆ ?"

"ਕੈਂਦਾ ਸੀ ਡਰੋ ਨਾ । ਤਕੜਾ ਹੋਊ ਤਾਂ ਆਪਣੇ ਘਰ ਹੋਊ ।"

ਮੀਤ ਨੇ ਕਿਹਾ ਸੀ, "ਕੱਲ੍ਹ ਉਸ ਦਾ ਵਿਹਲ ਨ੍ਹੀਂ । ਇਕ ਦਿਨ ਅਗਾਂਹ ਰੱਖ ਲਉ ।"

ਸੁੱਚੇ ਵੱਲ ਉਸ ਦੋ ਗੇੜੇ ਮਾਰੇ ਸਨ ਤੇ ਦੋਵੇਂ ਵਾਰੀ ਪਤਾ ਲੱਗਾ ਸੀ ਕਿ ਉਹ ਵਾਂਢਿਉਂ ਨਹੀਂ ਮੁੜਿਆ । ਪਰ ਨਾਲ ਹੀ ਉਸ ਦੇ ਮੁੰਡੇ ਬੱਬੇ ਨੇ ਕਿਹਾ ਸੀ, "ਪਤਾਂ ਨ੍ਹੀਂ ਅਊਗਾ ਕਿ ਨ੍ਹੀਂ...ਸੋਦੂ ਅਗਾਹ ਗੰਗਾਨਗਰ ਵੱਲ ਚਲਿਆ ਜਾਵੇ । ਗਏ ਬੰਦੇ ਦਾ ਕੀ ਪਤਾ ਲੱਗਦਾ...।"

ਬਸ ਇਕ ਹਰਜਿੰਦਰ ਨੇ ਕਿਹਾ ਸੀ, "ਤਾਇਆ ਤੂੰ ਫਿਕਰ ਨਾ ਕਰ । ਮੈਂ ਤੇਰੇ ਨਾਲ ਅਨਿਆਂ ਨ੍ਹੀਂ ਹੋਣ ਦੇਣਾ ।"

ਸਰਪੰਚ ਨੇ ਤਾਂ ਸੱਦਣ ਵਾਲਿਆਂ ਦੀ ਪੂਰੀ ਲਿਸਟ ਉਸ ਦੇ ਹੱਥ ਫੜਾ ਦਿੱਤੀ ਸੀ, "ਭਲਵਾਨ ਗਿਆਨੀ, ਜਗੀਰੇ, ਪ੍ਰੀਤੇ ਵੱਲ ਜ਼ਰੂਰ ਜਾਈਂ । ਸਾਧੂ ਕੀ ਬੋਲਣਾ ਸੀ ? ਹਰਬੰਸ ਆਊਗਾ ਤਾਂ ਗੱਲ ਬਣੂ । ਉਹ ਨਾ ਹੋਵੇ ਤਾਂ ਹਰਜਿੰਦਰ ਤੇ ਕੇਵਲ ਹੋਰਾਂ ਸਾਡੀ ਮੱਤ ਮਾਰ ਲੈਣੀ । ਚਲੋ ਸੋਹਣੇ ਤੇ ਕਿੰਦਰ ਨੂੰ ਮੈਂ ਆਪੇ ਕਹਿ ਦਊ ।"

ਉਸ ਦਾ ਸਾਰਾ ਦਿਨ ਗੇੜਿਆਂ 'ਚ ਹੀ ਬੀਤ ਗਿਆ ਸੀ । ਉਸ ਕਿਸੇ ਦੇ ਖੂਹ ਤੇ ਗਿਆ ਸੀ । ਕਿਸੇ ਦੀ ਮੋਟਰ ਤੇ ਅਤੇ ਕਿਸੇ ਦੇ ਘਰੇ ਜਾ ਮਿਲਿਆ ਸੀ । ਹਰੇਕ ਨੂੰ ਗੱਲ ਸਮਝਾਉਣੀ ਪਈ ਸੀ, "ਛਿੰਦਾ ਸਾਰੀ ਰਾਤ ਸਾਡੀ ਧੀ ਦੀ, ਭੈਣ ਦੀ ਇਕ ਕਰਦਾ ਰਿਹਾ । ਦਸੋ ਕਦੇ ਅਸੀਂ ਵੀ ਕਿਸੇ ਨੂੰ ਵੱਧ ਘੱਟ ਬੋਲਿਆ । ਸਾਨੂੰ ਤਾਂ ਸਾਲੀ ਕੰਮ ਤੋਂ ਵਿਹਲ ਨ੍ਹੀਂ ਮਿਲਦੀ, ਸਾਡੇ ਭਾਅ ਦੀ ਚੰਗੀ ਲੋਹੜੀ ਆਈ । ਸਾਰੇ ਟੱਬਰ ਨੇ ਪਿਛਲੇ ਅੰਦਰ ਲੁੱਕ ਕੇ ਰਾਤ ਕੱਟੀ । ਮੁੰਡੇ ਤਾਂ ਨੇਅਰੀਆਂ ਲੈਣ । ਮਸਾਂ ਸਾਂਭੇ ਨ੍ਹੀਂ ਤਾਂ...।"



ਤੇ ਗੱਲਾਂਬਾਤਾਂ ਕਰਦਿਆਂ ਹੀ ਛਿੰਦਾ ਆ ਗਿਆ ਸੀ ।

"ਆ ਬਈ ਵੱਡੇ ਭਾਈ," ਆਪਣੀ ਕੁਰਸੀ ਛੱਡਦਿਆਂ ਸੋਹਣੇ ਨੇ ਕਿਹਾ ਸੀ ।

"ਮੈਂ ਕਿਆ ਤੂੰ ਐਨਾ ਚਿਰ ਕਿਉਂ ਲਾ ਤਾਂ ?" ਸਰਪੰਚ ਨੇ ਉਸ ਵੱਲ ਦੇਖਦਿਆ ਪੁੱਛਿਆ ਸੀ ।

"ਆਪਣੇ ਜਗੀਰੇ ਦੇ ਮੁੰਡੇ ਦਾ ਸਾਲਾ ਆ ਗਿਆ ਤੇ ਨਾਲ ਹੀ ਲੁਧਿਆਣੇ ਵਾਲਿਆਂ ਨੂੰ ਲੈ ਆਇਆ ਉਨ੍ਹਾਂ ਦਾ ਕੋਈ ਜ਼ਮੀਨ ਦਾ ਝਗੜਾ ਸੀ । ਕੈਂਦਾ ਤਹਿਸੀਲਦਾਰ ਵੱਲ ਚਲਣਾ । ਬਸ ਉਨ੍ਹਾਂ ਨੂੰ ਚਾਹ ਪਿਲਾ ਕੇ ਆ ਗਿਆ । ਅਜੇ ਸ਼ੇਰ ਬਾਅਦ ਵਿਚ ਜਾਣਾ...।"

"ਫੇਰ ਅਸੀਂ ਤੇਰੇ ਭਾ ਦੇ...।" ਹਰਜਿੰਦਰ ਉਸ ਨੂੰ ਸਿੱਧਾ ਹੋ ਤੁਰਿਆ ਸੀ, "ਦੋ ਘੰਟੇ ਹੋਣ ਲਗੇ । ਹੁਣ ਵੀ ਆਇਆ ਹੁਣ ਵੀ ਆਇਆ ਦੇਖਦਿਆ ਨੂੰ...।"

"ਕੋਈ ਗੱਲ ਨ੍ਹੀ । ਐਵੇਂ ਕਿਉਂ ਗਰਮ ਹੁਣਾ ਬੱਲਿਆ," ਛਿੰਦੇ ਨੇ ਇਉਂ ਕਿਹਾ ਜਿਵੇਂ ਕੁਝ ਹੋਇਆ ਹੀ ਨਾਂ ਹੋਵੇ । ਉਸ ਦੀਆਂ ਲਾਲ-ਲਾਲ ਅੱਖਾਂ 'ਚ ਇਕ ਤਰ੍ਹਾਂ ਦਾ ਠਹਿਰਾਊ ਸੀ । ਚਿਹਰੇ ਤੇ ਕਿਸੇ ਵੀ ਚਿੰਤਾ ਦਾ ਕੋਈ ਨਾਮੋ ਨਿਸ਼ਾਨ ਨਹੀਂ ਸੀ ; ਇਉਂ ਲੱਗਦਾ ਸੀ ਜਿਵੇਂ ਇਹ ਤਾਂ ਉਸ ਲਈ ਮਾਮੂਲੀ ਗੱਲ ਸੀ ।

"ਤੇਰੇ ਲਈ ਲਈ ਆਹ ਗੱਲ ਚੰਗੀ ਨ੍ਹੀਂ," ਅਥਾਹ ਗੁੱਸੇ ਨਾਲ ਕੇਵਲ ਵੀ ਬੋਲਿਆ ਸੀ ।

"ਦੱਸੋ ਤੁਸੀਂ ਕੇੜ੍ਹੇ ਕੰਮਾਂ ਵਿਚ ਪੈ ਗਏ । ਹਾਂ ਬਈ ਰੁਲਦੂ ਹੁਣ ਤੂੰ ਦੱਸ," ਸਾਧੂ ਸਿੰਘ ਨੇ ਅਸਲੀ ਗੱਲ ਤੋਰਣ ਦੀ ਕੀਤੀ ਸੀ ।

"ਜੀ ਛਿੰਦਾ ਸ਼ਰਾਬੀ ਹੋਇਆ ਸਾਰੀ ਰਾਤ ਸਾਨੂੰ ਗਾਲਾਂ ਕੱਢਦਾ ਰਿਹਾ । ਬਾਹਰਲੇ ਦਰਵਾਜ਼ੇ ਵਿਚ ਕ੍ਰਿਪਾਨਾਂ ਮਾਰੀਆਂ । ਤਾਕੀ ਭੰਨਤੀ ! ਪੁੱਛ ਲਉ ਭਾਵੇਂ ਹਰਜਿੰਦਰ ਸਿੰਹੁ ਕੋਲੋਂ । ਇਹ ਆਪ ਮੌਕਾ ਦੇਖ ਕੇ ਆਇਆ । ਬੀਹੀ ਵਿਚ ਅਜੇ ਵੀ ਇੱਟਾਂ ਖਿਲਰੀਆਂ ਪਈਆਂ," ਰੁਲਦੂ ਨੇ ਖੜੇ ਹੋ ਕੇ ਦੱਸਿਆ ਸੀ ।

"ਠੀਕ ਬਈ," ਛਿੰਦੇ ਵੱਲ ਨੂੰ ਮੂੰਹ ਘੁੰਮਾਂ ਕੇ ਹਰਜਿੰਦਰ ਨੇ ਪੁੱਛਿਆ ਸੀ ।

"ਪੈਲਾਂ ਇਹਨੂੰ ਪੁੱਛੋਂ ਕਿਉਂ ਕੱਢੀਆਂ ?" ਛਿੰਦੇ ਨੇ ਪੈਰੋਂ ਸੁੱਚੇ ਤਿਲੇ ਦੀ ਜੁੱਤੀ ਲਾਹ ਕੇ ਪੱਟ ਤੇ ਲੱਤ ਰੱਖਦਿਆਂ ਕਿਹਾ ਸੀ । ਕਲੀਆਂ ਵਾਲੇ ਕੁੜਤੇ ਦੀਆਂ ਬਾਂਹਾਂ ਉਤੂੰਗ ਲਈਆਂ ਸਨ ।

"ਮੈਨੂੰ ਤਾਂ ਕੋਈ ਧਤਾ ਨ੍ਹੀਂ ।"

"ਫੇਰ ਮੇਰਾ ਸ਼ਿਰ ਦੁੱਖਦਾ," ਛਿੰਦਾ ਅਗਾਂਹ ਦੀ ਵਲਣਾ ਚਾਹੁੰਦਾ ਸੀ ।

"ਫੇਰ ਵਿਚੋਂ ਇਹ ਕੀ ਗੱਲ ਹੋਈ ?" ਸੁਖਵੰਤ ਬੋਲਿਆ ਸੀ ।

"ਇਨ੍ਹਾਂ ਨੂੰ ਪੁੱਛੋਂ ਕਿ ਇਨ੍ਹਾਂ ਦੀਆਂ ਜ਼ਨਾਨੀਆਂ ਦਾ ਕੀ ਕੰਮ ਕਿ ਸਾਨੂੰ ਲਾਅ-ਲਾਅ ਕੇ ਗੱਲਾਂ ਕੈਣੂ । ਅਸੀਂ ਆਪਣੇ ਘਰ ਜੋ ਮਰਜ਼ੀ ਕਰੀਏ । ਭਾਵੇਂ ਕੰਜਰੀਆਂ

ਨਚਾਈਏ। ਕਿਸੇ ਸਾਲੇ ਦਾ ਢਿੱਡ ਦੁੱਖਦਾ ।"

"ਤੇ ਤੂੰ ਵੀ ਅੱਗੋਂ ਜਨਾਨੀ ਬਣ ਗਿਆ," ਕਹਿ ਹਰਜਿੰਦਰ ਆਪਣਾ ਹਾਸਾ ਮਸਾਂ ਰੋਕ ਸਕਿਆ ਸੀ ।

"ਜਨਾਨੀਆਂ ਨ੍ਹੀਂ ਮਰਦ। ਜੇ ਕਿਸੇ ਵਿਚ ਜਾਨ ਹੁੰਦੀ ਤਾਂ...," ਛਿੰਦੇ ਤੋਂ ਵੱਡਾ ਜੋਗਿੰਦਰ ਅਗਾਂਹ ਹੋ ਕੇ ਬੋਲਿਆ ਸੀ ।

"ਚੁੱਪ ਰਹਿ ਤੂੰ ਤਾਂ...।"

"ਮਰਦ ਦਾ ਇਹ ਕੰਮ ਨ੍ਹੀਂ ਹੁੰਦਾ। ਤੂੰ ਆਪ ਸਿਆਣਾ-ਬਿਆਣਾ। ਪੰਚਾਇਤ ਮੈਂਬਰ... ਜੇ ਆਪਾਂ ਹੀ ਲੋਕਾਂ ਦੀ ਧੀ ਦੀ. ਭੈਣ ਦੀ ਇਕ ਕਰਨ ਲਗੇ ਤਾਂ ਇਕ ਨਾ ਇਕ ਦਿਨ ਛਿੱਤਰ ਵਾਲਿਆਂ ਨੇ ਉੱਠ ਖੜਣਾ," ਹਰਜਿੰਦਰ ਨੇ ਸਮਝਾਉਣ ਦੇ ਲਹਿਜੇ 'ਚ ਗੱਲ ਕੀਤੀ ਸੀ।

"ਇਹਨੇ ਪਿਉ ਦੇ ਪੁੱਤ ਨੇ ਐਨਾ ਗੰਦ ਬੋਲਿਆ ਕਿ ਰਹੇ ਰੱਬ ਦਾ ਨਾਂ। ਜੇ ਸੁਣਨਾ ਚੋਂਦੇ ਹੋ ਤਾਂ ਟੇਪ ਤੇ ਰੀਲ ਲਾਈਏ।"

"ਨ੍ਹੀਂ ਇਹਦੀ ਲੋੜ ਨ੍ਹੀਂ ।"

"ਸੱਚੀ ਗੱਲ ਸਾਹਮਣੇ ਹੀ ਆ ।"

"ਫੇ ਮੁਕਦੀ ਗੱਲ ਤੂੰ ਕਸੂਰਵਾਰ ਆਂ," ਗੱਲ ਮੁਕਾਉਣ ਲਈ ਕੇਵਲ ਨੇ ਕਿਹਾ ਸੀ ।

"ਮੈਂ ਕੀ ਮਾੜਾ ਕੀਤਾ ?"

"ਕਰਨ ਵਾਲੀ ਗੱਲ ਬਾਕੀ ਕੀ ਰਹਿ ਗਈ ।"

"ਮੇਰੇ ਕੱਲੇ ਦਾਂ ਕਸੂਰ ਨ੍ਹੀਂ ।"

"ਪਹਿਲੀ ਗੱਲ ਤਾਂ ਇਹ ਬਈ ਕਿ ਜਨਾਨੀਆਂ ਦੇ ਮਗਰ ਨ੍ਹੀਂ ਜਾਈਦਾ। ਇਹ ਤਾਂ ਐਵੇਂ ਰਾਈ ਦਾ ਪਹਾੜ ਬਣਾ ਲੈਂਦੀਆਂ। ਫੇ ਵੀ ਜੇ ਕੋਈ ਗੱਲ ਸੀ ਤਾਂ ਤੂੰ ਕਿਸੇਂ ਮੈਂਬਰ ਨਾਲ ਤਾਂ ਗੱਲ ਕਰਦਾ। ਫੇ ਅਸੀਂ ਆਪੇ ਨਬੇੜਦੇ ।"

"ਸਾਨੂੰ ਕੀ ਲੋੜ ਸੀ ?" ਛਿੰਦੇ ਦਾ ਵੱਡਾ ਮੁੰਡਾ ਬਿਲੂ ਅਗਾਂਹ ਨੂੰ ਹੋ ਕੇ ਕਿੱਲ੍ਹ ਕੇ ਬੋਲਿਆ।

"ਤੂੰ ਜੇੜ੍ਹਾ ਜ਼ੋਰ ਲੱਗਦਾ ਲਾ ਲੈ," ਜੋਗਿੰਦਰ ਨੇ ਕੇਵਲ ਨੂੰ ਫੇਰ ਲਲਕਾਰਿਆ।

ਜੋਗਿੰਦਰ ਨੂੰ ਵੋਟਾਂ ਵੇਲੇ ਦਾ ਰੁਲਦੂ ਤੇ ਗੁੱਸਾ ਸੀ। ਲੱਖ ਕਹਿਣ ਤੇ ਵੀ ਰੁਲਦੂ ਕਿਆਂ ਨੇ ਛਿੰਦੇ ਨੂੰ ਵੋਟਾਂ ਨਹੀਂ ਪਾਈਆਂ ਸਨ। ਉਪਰੋਂ ਜ਼ਰੂਰ ਹਾਂ ਜੀ ਹਾਂ ਜੀ ਕਰਦੇ ਰਹੇ ਸਨ।

"ਰਾਤੀਂ ਤਾਂ ਅਸੀਂ ਚੁੱਪ ਰਹੇ," ਸੁਰਜੀਤ ਨੇ ਅਗਾਹ ਹੋ ਕੇ ਦੱਸਿਆ ਸੀ।

"ਹੁਣ ਬੋਲ ਲੈ," ਛਿੰਦੇ ਕਿਆਂ ਦੇ ਟੱਬਰ 'ਚੋਂ ਲਾਲੂ ਵੀ ਬੋਲ ਪਿਆ ਸੀ।



"ਐਦਾਂ ਜੀਣ ਨਾਲੋਂ ਤਾਂ ਮਰਣਾ ਚੰਗਾ। ਆ ਜਾਉ ਫੇਰ ਇਕ ਵਾਰੀ ਕੱਟਾ-ਕੱਟੀ ਕੱਢ ਹੀ ਲੈਂਦੇ ਆ ।"

"ਦੇਖ ਲੈਣੇ ਆ ਵੱਡੇ ਜਿਉਣੇ ਮੌੜ ਨੂੰ ਵੀ ।" ਸੁਰਜੀਤ ਨੇ ਡੇਕ ਦਾ ਡਾਹਣਾ ਖਿਚਦਿਆਂ ਚੀਕ ਮਾਰ ਦਿੱਤੀ ਸੀ।

"ਨ੍ਹੀਂ ਉਏ ਇਹ ਚੰਗਾ ਨ੍ਹੀਂ ਲੱਗਦਾ। ਕੁਝ ਤਾਂ ਸੰਗ ਕਰੋ। ਫੇਰ ਪੰਚਾਇਤ ਕੀ ਕਰਨ ਨੂੰ ਸੱਦੀ ਸੀ। ਸਰਪੰਚ ਸਾਹਿਬ ਤੁਸੀਂ ਸਮਝਾਉ। ਕੇਵਲ ਤੂੰ ਖੜਾ ਕੀ ਕਰਦਾਂ ? ਅਗਾਂਹ ਹੋ ਕੇ ਹਟਾ। ਨ੍ਹੀਂ ਉਏ ਸੁਰਜੀਤ ਆਪਾਂ ਇਹ ਕੰਮ ਨ੍ਹੀਂ ਕਰਨਾ। ਹਰਬੰਸ ਤੂੰ ਜੋਗਿੰਦਰ ਨੂੰ ਘਰ ਛੱਡ ਕੇ ਆ। ਛਿੰਦੇ ਨੂੰ ਫੜੋ। ਸਾਰੇ ਕਮਲੇ ਹੋ ਗਏ ।" ਹਰਜਿੰਦਰ ਕਦੀ ਛਿੰਦੇ ਕਿਆਂ ਕੀ ਢਾਣੀ ਵੱਲ ਜਾ ਰਿਹਾ ਸੀ ਕਦੀ ਰੁਲਦੂ ਕਿਆਂ ਦੀ। ਪੰਚਾਇਤ ਜ਼ਾਂ ਕੁਰੁਕੇਸ਼ਤਰ ਦਾ ਮੈਦਾਨ ਬਣ ਗਿਆ ਸੀ। ਚੀਕਾਂ ਵੱਜ ਰਹੀਆਂ ਸਨ। ਐਤ-ਐਤ ਹੋ ਰਹੀ ਸੀ। ਤੇਰੀ ਮਾਂ...ਭੈਣ ਨੂੰ...ਕੁੜੀ ਨੂੰ...। ਸੁਰਜੀਤ ਨੂੰ ਫੜ ਕੇ ਹਰਨਾਮਾ ਪਰ੍ਹੇ ਲੈ ਗਿਆ ਸੀ ਤੇ ਛਿੰਦਾ ਜੋਗਿੰਦਰ ਨੂੰ ਸਮਝਾਉਣ ਲੱਗਾ ਸੀ ਤੇ ਲੱਗਦੇ ਹੱਥੀਂ ਸਰਪੰਚ ਨੇ ਫ਼ੈਸਲਾ ਸੁਣਾ ਦਿੱਤਾ ਸੀ, "ਸਾਡੀ ਦੋਹਾਂ ਧਿਰਾਂ ਨੇ ਇਕ ਨ੍ਹੀਂ ਮੰਨੀ ਹੁਣ ਸਾਡੇ ਵੱਲੋਂ ਜੋ ਮਰਜ਼ੀ ਕਰੋ ।"

ਦਿਨ ਦੇ ਛਿਪਾ ਨੂੰ ਐਸ. ਐਚ. ਉ. ਨੇ ਰੁਲਦੂ ਨੂੰ ਹਾਕ ਮਾਰ ਕੇ ਸਮਝਾਇਆ ਸੀ, "ਕੱਲ੍ਹ ਨੂੰ ਦੋਵੇਂ ਧਿਰਾਂ ਪੰਚਾਇਤ ਲੈ ਆਉ। ਵਿਚੋਂ ਕੁਝ ਨ੍ਹੀਂ ਨਿਕਲਣਾ। ਸਮਝੌਤਾ ਕਰ ਲਓ। ਨ੍ਹੀਂ ਤਾਂ ਸੱਤ ਇਕਵੰਜਾਂ ਵਿਚ ਦੋਹਾਂ ਧਿਰਾਂ ਨੂੰ ਅੰਦਰ ਕਰ ਦਊਂ ਸਮਝ ਗਿਆ। ਆਪਣੇ ਸ਼ਿਫਾਰਸੀ ਨਾਲ ਲੈਂਦਾ ਆਈਂ...।"

"ਜੀ" ਕਹਿ ਰੁਲਦੂ ਤੇ ਉਸ ਦੀ ਢਾਣੀ ਪਿੰਡ ਆ ਗਈ ਸੀ। ਤਾਂਗੇ ਤੋਂ ਉਤਰਦਿਆਂ ਹੀ ਜੱਸੇ ਨੇ ਦੱਸਿਆ ਸੀ ਕਿ ਛਿੰਦਾ ਤਾਂ ਉਨ੍ਹਾਂ ਨਾਲੋਂ ਵੀ ਪਹਿਲਾਂ ਘਰੇ ਆ ਗਿਆ। ਸ਼ੱਕ ਦੂਰ ਕਰਨ ਲਈ ਉਹ ਦੋ ਵਾਰ ਛਿੰਦੇ ਦੀ ਬੈਠਕ ਕੋਲ ਦੀ ਲੰਘਿਆ ਸੀ। ਅੰਦਰ ਤਾਂ ਪੂਰੀ ਦੀ ਪੂਰੀ ਜੁੰਡਲੀ ਬੈਠੀ ਸੀ।

ਸਰਪੰਚ ਕਹਿ ਰਿਹਾ ਸੀ, "ਐਵੇਂ ਔਰਾ ਚੁੱਕ ਵਿਚ ਆਈ ਫਿਰਦਾ। ਵਿਚੋਂ ਕੀ ਨਿਕਲਣਾ। ਖਾਲੀ ਛਿੱਕੂ। ਇਹਨੂੰ ਕੀ ਪਤਾ ਥਾਣੇ ਤਾਂ ਕਿਸੇ ਦੇ ਮਿਤ ਨ੍ਹੀਂ ਹੁੰਦੇ। ਜਿੰਨਾ ਖੁਆਈ ਜਾਓ ਉੱਨੀ ਤੁਹਾਡੀ ਮੁਹਾਰਣੀ ਬੋਲੀ ਜਾਣਗੇ। ਨ੍ਹੀਂ ਤਾਂ ਇਹ ਤਾਂ ਵੱਢੀ ਉਂਗਲੀ ਤੇ ਨ੍ਹੀਂ ਮੂਤਦੇ। ਕੋਈ ਨਾ ਜਦੋਂ ਰੁਲਦੂ ਕੋਲੋਂ ਪੈਸੇ ਮੁੱਕ ਗਏ ਫੇ ਪਤਾ ਲੱਗੂ ।"

"ਇਕੱਲਾ ਕੀ ਕਰ ਲਊ," ਹਰਬੰਸ ਨੇ ਗਿਲਾਸ 'ਚ ਵਾਹਵਾ ਸਾਰਾ ਪੈਗ ਪਾਉਂਦਿਆਂ ਹੌਸਲੇ ਨਾਲ ਕਿਹਾ ਸੀ।

"ਆਪਾਂ ਗੁੱਸਾ ਤਾਂ ਕੱਢਣਾ ਹੀ ਸੀ ।"

"ਚਲੋ ਚੰਗੀ ਕੀਤੀ...ਅਗਾਂਹ ਯਾਦ ਰੱਖੂ," ਸਾਧੂ ਲੋਰ ਵਿਚ ਆ ਗਿਆ ਲੱਗਦਾ ਸੀ।

"ਹਰਜਿੰਦਰ ਵੀ ਐਵੇਂ ਚੁੱਕ ਵਿਚ ਆਇਆ ਲੱਗਦਾ," ਸਰਪੰਚ ਨੇ ਸ਼ਹਿਰੋਂ ਲਿਆਂਦੇ ਮੀਟ ਦੇ ਆਚਾਰ ਦੀ ਡਲੀ ਚਿੱਥਦਿਆਂ ਕਿਹਾ ਸੀ।

"ਉਹ ਤਾਂ ਕਮਲਾ ਨਿਕਲਿਆ।"

'ਬੰਦਾ ਤਾਂ ਆਪਣੀ ਪਾਰਟੀ ਦਾ।"

"ਪਰ ਪੁੱਠੇ ਪਾਸੇ ਤੁਰ ਪਿਆ।"

"ਉਡਣਾ ਸੱਪ ਨਿਕਲਿਆ।"

"ਕੋਈ ਨਾ। ਆਪੇ ਸਮਝ ਜਾਊ। ਅਜੇ ਨਿਆਣਾ। ਨਵਾਂ-ਨਵਾਂ ਕਾਲਜੋਂ ਪੜ੍ਹ ਕੇ ਆਇਆ। ਸਿਆਣਿਆਂ ਠੀਕ ਕਿਹਾ ਮੋੜ ਘੋੜ ਕੇ ਖੋਤੀ ਇਸੇ ਬੋਹੜ ਥੱਲੇ ਔਣੀ।"

"ਹੈ ਤਾਂ ਤੁਹਾਡੇ ਹੀ ਲਾਕੇ ਵਿਚੋਂ।"

"ਕੋਈ ਨਾ ਭਾਊ ਨੂੰ ਆ ਲੈਣ ਦੇ। ਆਪੇ ਸਮਝਾ ਦਊ।"

ਫੇਰ ਦੇਰ ਰਾਤ ਤਕ ਗੁਰਮਤਾਂ ਗੁੰਦੀਆਂ ਗਈਆਂ ਸਨ। ਬੋਤਲ ਤੋਂ ਬਾਅਦ ਬੋਤਲ ਖਾਲੀ ਹੁੰਦੀ ਗਈ ਸੀ ਤੇ ਸਾਰੇ ਵਾਰ-ਵਾਰ ਇਕੋ ਹੀ ਰਟੀ ਰਟਾਈ ਗੱਲ ਕਰੀ ਜਾ ਰਹੇ ਸਨ।" ਤੈਨੂੰ ਛਿੰਦਿਆ ਕਾਅਦਾ ਫ਼ਿਕਰ। ਜਿਸ ਮਗਰ ਚਾਰ ਭਰਾ ਹੋਣ ਉਹ ਤਾਂ ਉਦਾਂ ਸ਼ਹਿਨਸ਼ਾਹ ਹੁੰਦਾ।"

ਸੁਨੇਹੇ ਤਾਂ ਹਰਜਿੰਦਰ ਨੂੰ ਮਿਲਦੇ ਰਹੇ ਸਨ। ਛਿੰਦੇ ਦਾ ਗਭਲਾ ਮੁੰਡਾ ਉਸ ਵੱਲ ਦੋ ਵਾਰੀ ਹੋ ਆਇਆ ਸੀ। ਇਕ ਵਾਰੀ ਛਿੰਦਾ ਆਪ ਵੀ ਘਰੇ ਆਇਆ ਸੀ ਤੇ ਬੀਬੀ ਨੂੰ ਸ਼ਮਝਾਇਆ ਸੀ, ਭਾਬੀ ਤੂੰ ਹਰਜਿੰਦਰ ਨੂੰ ਸਮਝਾਇਆ ਕਰ। ਐਵੇਂ ਲੋਕਾਂ ਦੇ ਮਗਰ ਲੱਗ ਤੁਰਿਆ। ਉਨ੍ਹਾਂ ਤੋਂ ਕੀ ਲੈਣਾ। ਫੇਰ ਵੀ ਭਰਾ ਹੀ ਕੰਮ ਔਂਦੇ ਹੁੰਦੇ। ਜਦੋਂ ਸ਼ੇਰੂ ਮੁੜਿਆ...ਮੇਰੇ ਵੱਲ ਜ਼ਰੂਰ ਘੱਲੀਂ ਅੱਜ। ਮਾੜੀ-ਮੋਟੀ ਪਾਰਟੀ ਕਰਨੀ। ਆਪਣਾ ਬਿਲੂ ਕੈਨੇਡਾ ਜਾਣ ਵਾਲਾ/ਸ਼ਗਨ ਦੇ ਗਏ। ਪੈਲਾਂ ਤਾਂ ਮੈਂ ਕਿਸੇ ਕੋਲ ਗੱਲ ਹੀ ਨ੍ਹੀ ਕੀਤੀ। ਫੇਰ ਸੋਚਿਆ ਪਤਾ ਤਾਂ ਲੱਗ ਜਾਣਾ। ਫੇਰ ਲੁੱਕ ਲੁਕਾ ਕਾਹਦਾ। ਨਾਲੇ ਸ਼ੁਕਲ ਮੇਲਾ ਹੋ ਜਾਊ।"

"ਲੈ ਉਹ ਤੁਹਾਡੇ ਤੋਂ ਕਿਤੇ ਦੌੜਿਆ।" ਬੀਬੀ ਨੇ ਅੱਗੋਂ ਕਿਹਾ ਸੀ।

ਥਾਣੇ ਦੇ ਬਾਹਰ ਪੈਂਦੇ ਪਿੱਪਲ ਥੱਲੇ ਸਾਰੀ ਪੰਚਾਇਤ ਜੁੜੀ ਬੈਠੀ ਸੀ, ਇਸ ਉਡੀਕ 'ਚ ਕਿ ਕਦ ਉਨ੍ਹਾਂ ਨੂੰ ਆਵਾਜ਼ ਪਵੇ। ਇਕ ਵਾਰ ਚਾਹ ਪੀਤੀ ਗਈ ਸੀ ਤੇ ਨਾਲ ਗਰਮ ਗਰਮ ਪਕੌੜੇ। ਪਰ ਦੂਜੀ ਵੇਰ ਕਾਲਾ ਸਿੰਘ ਨੇ ਚਾਹ ਪੀਣੋਂ ਇਨਕਾਰ ਕਰ ਦਿੱਤਾ ਸੀ ਤੇ ਸਾਰੇ ਜਣਿਆਂ ਲਈ ਲੱਸੀ ਦੇ ਗਿਲਾਸ ਆ ਗਏ ਸਨ।

ਐਸ. ਐਚ. ਓ. ਦੁਪਹਿਰ ਦੇ ਖਾਣੇ ਤੋਂ ਬਾਅਦ ਮੁੜਿਆ ਸੀ।

ਵਿਚ ਵਿਚ ਕੁਝ ਸਿਆਣੇ ਬੰਦਿਆਂ ਨੇ ਰਜ਼ਾਮੰਦੀ ਲਈ ਕੋਸ਼ਿਸ਼ਾਂ ਜਾਰੀ ਰੱਖੀਆਂ ਸਨ। ਇਹ ਜਾਣਦਿਆਂ ਕਿ ਇਥੇ ਤਾਂ ਬਾਂਦਰ ਦੀ ਰੋਟੀ ਵੰਡਣ ਵਰਗਾ ਫ਼ੈਸਲਾ ਹੋਣਾ।

ਰੁਲਦੂ ਕੇ ਬੰਦੇ ਥਾਣੇ ਦੇ ਗੇਟ ਤੋਂ ਜ਼ਰਾ ਕੁ ਹਟਵੇਂ-ਪੈਂਦੇ ਪਿਪਲ ਹੇਠ ਬੈਠੇ ਸਨ।



ਛਿੰਦੇ ਹੋਰਾਂ ਦੀ ਢਾਣੀ ਤਾਂ ਢਾਬੇ ਤੋਂ ਹਿੱਲੀ ਨਹੀਂ ਸੀ। ਬਸ ਛਿੰਦਾਂ ਇਕ ਦੋ ਵਾਰ ਮੁਨਸ਼ੀ ਕੋਲ ਗਿਆ ਸੀ। ਗੱਲਾਂ ਕੀਤੀਆਂ ਸਨ ਤੇ ਮੁੜ ਆਇਆ ਸੀ।

"ਸਰਦਾਰ ਕੋਦੂਾਂ, ਇਕ ਘੰਟੇ ਦਾ ਤੁਹਾਨੂੰ ਸਮਾਂ ਦਿੱਤਾ। ਫੈਸਲਾ ਕਰ ਕੇ ਦੱਸ ਦਿਉ। ਨ੍ਹੀਂ ਤਾਂ ਦੋਹਾਂ ਧਿਰਾਂ ਨੂੰ ਅੰਦਰ ਡੱਕ ਦੇਣਾ।" ਸਿਪਾਹੀ ਨੇ ਆ ਦੱਸਿਆ ਸੀ।

ਪੰਚਾਇਤ ਦੋ ਗਰੁੱਪਾਂ 'ਚ ਵੰਡੀ ਗਈ ਸੀ। ਇਕ ਧੜਾ ਛਿੰਦੇ ਨਾਲ ਸੀ ਤੇ ਦੂਜਾ ਰੁਲਦੂ ਨਾਲ। ਕੁਝ ਸੱਜਣ ਮਹਾਂਪੁਰਖ ਦੋਹਾਂ ਪਾਸਿਆਂ ਦੀ ਹਾਂ ਵਿਚ ਹਾਂ ਮਿਲਾ ਰਹੇ ਸਨ।

ਹੁਣ ਛਿੰਦਾ ਵੀ ਕੁਝ ਢਿੱਲਾ ਪੈ ਗਿਆ ਸੀ। ਥਾਣੇਦਾਰ ਨੇ ਉਸ ਨੂੰ ਸਮਝਾਇਆ ਸੀ, "ਅਗਲਿਆਂ ਤਕੜੀ ਸਿਫ਼ਾਰਸ ਪਵਾਈ। ਤੇਰੇ ਵਿਰੁੱਧ ਕੇਸ ਬਣਦਾ। ਮੈਂ ਕੀ ਕਰ ਸਕਦਾਂ। ਉਨ੍ਹਾਂ ਪੋਲੇ ਪੈਰੀਂ ਕੰਮ ਨ੍ਹੀਂ ਕੀਤਾ। ਤੁਹਾਡੀ ਸਾਰਿਆਂ ਦੀ ਆਵਾਜ਼ ਟੇਪ ਕੀਤੀ, ਜੇ ਉਹ ਅਗਾਂਹ ਚਲੇ ਗਏ ਤਾਂ ਮੇਰੀ ਪੇਟੀ ਲਾਹ ਹੋ ਜਾਊ। ਬਸ ਹੁਣ ਇਕੋ ਰਾਹ ਬਚਿਆ, ਤੂੰ ਮਿੰਨਤ-ਤਰਲਾ ਕਰ ਲੈ। ਹੋਰ ਕਿਸੇ ਪਾਸਿਉਂ ਕੋਈ ਬਚਾਅ ਨ੍ਹੀਂ।"

"ਚਲ ਬੜੇ ਭਾਈ ਤੂੰ ਵੀ ਜਾਣ ਦੇ।" ਰੁਲਦੂ ਨੂੰ ਭਲਵਾਨ ਨੇ ਸਮਝਾਂਇਆ ਸੀ।" ਬੜੇ ਭਾਈ ਬੰਦਾ ਸੌ ਵਾਰੀ ਗਲਤੀ ਕਰ ਜਾਂਦਾ। ਉਪਰੋਂ ਸਮਾਂ ਦੇਖ ਕਿੱਦਾ ਦਾ। ਐਵੇ ਕਿਸੇ ਜੀਅ ਦਾ ਨੁਕਸਾਨ ਹੋ ਜਾਊ। ਫੇਰ ਦੋਵੇਂ ਧਿਰਾ ਪਛਤਾਉਗੇ। ਨਾਲੇ ਅੱਜ ਕੱਲ੍ਹ ਕੀ ਪਤਾ ਲੱਗਦਾ। ਕਰ ਕੋਈ ਜਾਂਦਾ, ਨਾਂ ਲੱਗ ਜਾਂਦਾ ਖਾੜਕੂਆਂ ਦਾ। ਬਾਕੀ ਤੂੰ ਆਪ ਸਿਆਣਾ।"

"ਪਰ ਇਕ ਗੱਲ ਤਾਂ ਦੱਸੋ ਮੇਰਾ ਕਸੂਰ ਕੀ ਸੀ?"

"ਇਕ ਕਮਲਾ ਹੋਵੇ ਤਾਂ ਦੂਜੇ ਜਣੇ ਨੂੰ ਸੋਚਣਾ ਪੈਂਦਾ।"

"ਇਹ ਫੇਰ ਕਰੂ। ਇਕ ਵਾਰੀ ਇਸ ਨੂੰ ਸਜ਼ਾ ਮਿਲਣੀ ਚਾਹੀਦੀ।" ਹਰਜਿੰਦਰ ਨੇ ਸਪੱਸ਼ਟ ਕਿਹਾ ਸੀ।

"ਜੇ ਤੁਸੀਂ ਕਹੋਗੇ ਆਪਾਂ ਉਹਦੇ ਕੋਲੋਂ ਉਹੋ ਲਿਖਾ ਲੈਂਦੇ ਆ।" ਪ੍ਰੀਤੂ ਬੋਲਿਆ ਸੀ।

"ਐਥੇ ਹੀ ਲਿਖ ਲਉ। ਨਾਲ ਦੀ ਨਾਲ ਜ਼ਮਾਨਤ ਲਉ।" ਸੁਰਜੀਤ ਨੇ ਕਿਹਾ ਸੀ।

"ਦੱਸ ਭਲਾ ਐਨੀ ਵੀ ਗੱਲ ਗਈ ਹੋਈ ਆ ਕਿਤੇ। ਮਰਦਾਂ ਦੀ ਜ਼ੁਬਾਨ ਹੁੰਦੀ...।"

"ਜੇ ਮੁਕਰ ਗਿਆ ਤਾਂ...।"

"ਫੇ ਕੇੜੀ ਮੱਝ ਗੁਆਚ ਜਾਣੀ। ਜੇੜ੍ਹੀ ਮੁੜ ਕੇ ਨਾ ਲੱਭੂਗੀ।"

ਭਲਵਾਨ, ਲੱਛੂ ਤੇ ਕੇਵਲ ਨੇ ਵਿਚ ਪੈ ਪੁਆ ਕੇ ਦੋਹਾਂ ਦੇ ਹੱਥ ਮਿਲਾ ਦਿੱਤੇ ਸਨ

ਤੇ ਬਾਕੀ ਫ਼ੈਸਲਾ ਪਿੰਡ ਜਾ ਹੋਣਾ ਮੰਨਿਆ ਗਿਆ ਸੀ ।

ਲਓ ਉਹ ਆ ਗਿਆ ਹੈ ਛਿੰਦਾ, ਸਰਦਾਰ । ਚਿੱਟਾ ਕੁੜਤਾ, ਚਿੱਟਾ ਚਾਦਰਾ, ਤਾਜ਼ਾ ਕੁਤਰੀ ਫਰੈਂਚ ਕੱਟ ਦਾੜ੍ਹੀ, ਪੈਰਾਂ 'ਚ ਸੁੱਚੇ ਤਿਲੇ ਨਾਲ ਕੱਢੀ ਜੁੱਤੀ । ਧਰਮਿੰਦਰ ਮਾਰਕਾ ਵਾਲ । ਨਾਲ ਹੈ ਸ਼ੰਕਰ ਦਾਸ । ਆਧੁਨਿਕ ਭਾਸ਼ਾ 'ਚ ਉਸ ਦਾ ਸਲਾਹਕਾਰ, ਅਸਿਸਟੈਂਟ, ਬਾਡੀਗਾਰਡ ਵੀ ਕਹਿ ਲਉ ।

ਇਕ ਪਲ ਛਿੰਦਾ ਗੇਟ ਕੋਲ ਆ ਕੇ ਰੁਕਿਆ ਹੈ । ਵਿਹੜੇ 'ਚ ਭਰਵੀਂ ਨਜ਼ਰ ਮਾਰੀ ਹੈ । ਇਕ ਪਾਸੇ ਨੂੰ ਥੂਹ ਕੀਤਾ ਹੈ ਤੇ ਚਲ ਬਈ ਚਲੀਏ ਨਵੀਂ ਤਰੀਕ ਭੁਗਤਨ, ਸ਼ੰਕਰ ਨੂੰ ਕਿਹਾ ਹੈ ।

"ਐਨਾ ਚਿਰ ਲਾਤਾ । ਪੂਰੇ ਤਿੰਨ ਘੰਟੇ । ਕੁਝ ਤਾਂ ਸੋਚ ਲਿਆ ਕਰ ਸਾਡਾ ਵੀ ।" ਸਰਪੰਚ ਨੇ ਕੁਰਸੀ ਵੱਲ ਇਸ਼ਾਰਾ ਕਰਕੇ ਬੈਠਣ ਨੂੰ ਕਿਹਾ ਹੈ ।

"ਸਰਪੰਚ ਸਾਬ੍ਹ ਔਣ ਜਾਣ ਵਾਲਿਆਂ ਨੇ ਮਾਰ ਲਿਆ । ਅੱਜ ਆਪਣੀ ਬਖਸ਼ੋ ਦਾ ਸੌਹਰਾ ਆ ਗਿਆ । ਦੱਸੋਂ ਬੰਦਾ ਨਾ ਉਠਣ ਜੋਗਾ ਨਾ ਛੱਡਣ ਜੋਗਾ ।"

"ਤੇ ਅਸੀਂ ਨਾ ਜਾਣ ਜੋਗੇ," ਹਰਜਿੰਦਰ ਉਸ ਦੇ ਚਿਹਰੇ ਤੇ ਨਜ਼ਰਾਂ ਟਿਕਾਈ ਬੋਲਿਆ ਹੈ ।

"ਫੇ ।"

"ਜਿੱਦਾਂ ਮਰਜੀ ਕਰ ਲਓ । ਮੈਂ ਕਿਤੇ ਤੁਹਾਡੇ ਕੋਲੋਂ ਦੌੜਿਆ ।"

"ਦੌੜ ਵੀ ਕਿਥੇ ਸਕਦਾਂ । ਅਗਲਿਆਂ ਵੀ ਪੂਰੀ ਨੱਥ ਪਾਈ," ਵਿਚੋਂ ਹੀ ਕਿਸੇ ਟਕੋਰ ਕੀਤੀ ਹੈ ।

ਸਰਪੰਚ, ਪੰਚ ਤੇ ਦੋਹਾਂ ਧਿਰਾਂ ਦੇ ਦੋ-ਦੋ ਮੋਹਤਵਾਰ ਬੰਦੇ ਉਠ ਕੇ ਇਕ ਪਾਸੇ ਜਾ ਕੇ ਸਲਾਹ ਕਰਨ ਲਗੇ ਹਨ । ਪੰਚਾਇਤ ਦਾ ਫ਼ੈਸਲਾ ਇਉਂ ਹੀ ਹੁੰਦਾ ਹੈ । ਗੁਪਤ ਫ਼ੈਸਲਾ । ਪਰ ਕੋਈ ਫ਼ੈਸਲਾ ਨਹੀਂ ਹੋ ਰਿਹਾ ਹੈ । ਜੇ ਸਰਪੰਚ ਮੰਨਦਾ ਹੈ ਤਾਂ ਕੇਵਲ ਸਿੰਘ ਸਿਰ ਫੇਰ ਦਿੰਦਾ ਹੈ । ਹਰਜਿੰਦਰ ਕੋਈ ਗੱਲ ਸਮਝਾਉਂਦਾ ਹੈ ਤਾਂ ਹਰਬੰਸ, "ਨ੍ਹੀਂ ਬਈ... ਨ੍ਹੀਂ ਬਈ ।" ਕਹਿ ਉਠਦਾ ਹੈ ।

"ਐਦਾ ਕਰੋ ਛਿੰਦੇ ਕੋਲੋਂ ਦੱਸ ਹਜ਼ਾਰ ਦੀ ਜ਼ਮਾਨਤ ਲੈ ਲਉ ।" ਕੇਵਲ ਸਿੰਘ ਆਪਣੀ ਗੱਲ ਤੇ ਅੜਦਾ ਜਾ ਰਿਹਾ ਹੈ ।

"ਤੈਨੂੰ ਇਸ ਗੱਲ ਦਾ ਪਤਾ ਹੋਣਾਂ ਚਾਹੀਦਾ ਪੰਚੈਤ ਕੋਲ ਦੋ ਸੌ ਤੋਂ ਵੱਧ ਦੀ ਜ਼ਮਾਨਤ ਲੈਣ ਦਾ ਅਖਤਿਆਰ ਨ੍ਹੀਂ ।" ਸਰਪੰਚ ਅੱਗੋਂ ਉਸ ਨੂੰ ਟੁੱਟ ਕੇ ਪਿਆ ਹੈ । ਇਉਂ ਜਿਵੇਂ ਉਸ ਜੱਗੋਂ ਤੇਰ੍ਹਵੀਂ ਗੱਲ ਕਰ ਦਿੱਤੀ ਸੀ ।

"ਪਰ ਆਪਾਂ ਡਾਕਟਰਾਂ ਕੋਲੋਂ ਤਾਂ ਲਈ ਸੀ ।"



"ਉਹ ਤਾਂ ਐਵੇਂ ਡਰ ਦੇਣਾ ਹੁੰਦਾ ।"

"ਫੇ ਇਹਦੇ ਕੋਲੋਂ ਕਿਉਂ ਨ੍ਹੀਂ ।"

"ਇਹ ਅੱਗੋਂ ਆਕੜ ਪਿਆ ਤਾਂ ।"

"ਫੇ ਪੰਚੈਤ ਦਾ ਐਨਾ ਵੀ ਪ੍ਰਭਾਵ ਨ੍ਹੀਂ ।"

"ਐਦਾ ਕਰੋ ਇਹਨੂੰ ਜੁਰਮਾਨਾ ਕਰੋ । ਪੰਚਾਇਤ ਮੈਂਬਰ ਨੂੰ ਵੱਡਾ ਡਰ ਜੁਰਮਾਨੇ ਦਾ ਹੁੰਦਾ ।" ਹਰਜਿੰਦਰ ਬੋਲਿਆ ਹੈ ।

ਪਰ ਸਰਪੰਚ ਤਾਂ ਛਿੰਦੇ ਨੂੰ ਜੁਰਮਾਨਾ ਕਰਨ ਦੇ ਹੱਕ ਵਿਚ ਨਹੀਂ ਲੱਗਦਾ । ਉਹ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਕਿ ਜਿਸ ਮੈਂਬਰ ਨੂੰ ਇਕ ਵਾਰੀ ਜੁਰਮਾਨਾ ਹੋ ਜਾਵੇ, ਉਸ ਦੀ ਮੈਂਬਰੀ ਵੀ ਖਤਮ ਹੋ ਸਕਦੀ ਹੈ ਤੇ ਨਾਲ ਸ਼ੁਰੂ ਹੁੰਦਾ ਹੈ ਲੰਮਾ ਵੈਰ ।

"ਇਹ ਤਾਂ ਆਪਣੀਆਂ ਜਬਲੀਆਂ ਮਾਰੀ ਜਾ ਰਹੇ ਨੇ । ਅਜੇ ਜੁਆਨੀ ਦਾ ਜੋਸ਼ ਹੈ । ਜਦੋਂ ਸਿਰ ਅੱਧਾ ਚਿੱਟਾ ਹੋ ਗਿਆ, ਫੇ ਇਨ੍ਹਾਂ ਨੂੰ ਅਕਲ ਅਊਗੀ । ਹਾਂ ਬਈ, ਸਿਆਣਿਆ ਠੀਕ ਕਿਹਾ ਹੈ ਨਾ, ਗਿਆਨੀ ਤੂੰ ਕੱਢ ਕੋਈ ਵਿਚਕਾਰੋਂ ਹੱਲ ।" ਸਰਪੰਚ ਨੇ ਪੈਂਤੜਾ ਬਦਲਿਆ ਹੈ ।

"ਐਨਾਂ ਥੋੜ੍ਹਾ ਜੋ ਉਸ ਗਲਤੀ ਮੰਨ ਲਈ । ਹੋਰ ਆਪਾਂ ਕੇੜ੍ਹਾ ਉਹਦੇ ਸੋਟਾ ਮਾਰ ਸਕਦੇ । ਵੱਡੇ ਬੰਦੇ ਲਈ ਐਨਾ ਬੜਾ ਹੁੰਦਾ ।" ਗਿਆਨੀ ਆਪਣੀ ਰਾਇ ਦਿੰਦਾ ਹੈ ।

...ਬਸ । ਬਸ । ਇਥੇ ਆ ਕੇ ਕਹਾਣੀ ਖਤਮ ਹੋ ਗਈ ਹੈ ।

ਜਾਣਦਾ ਹਾਂ ਕਿ ਤੁਸੀਂ ਅਗਾਂਹ ਦੀ ਗੱਲ ਵੀ ਜਾਣਨਾ/ਸੁਣਨਾ ਚਾਹੁੰਦੇ ਹੋ ।

ਪਰ ਇਸ ਦੀ ਹੁਣ ਲੋੜ ਨਹੀਂ ਰਹੀ ।

ਸ਼ੁਰੂ 'ਚ ਮੈਂ ਕਿਹਾ ਸੀ ਨਾ ਇਸ ਦੀ ਸ਼ੁਰੂਆਤ ਹੀ ਇਸ ਦਾਂ ਅੰਤ ਹੈ ਅਤੇ ਅੰਤ ਹੀ ਸ਼ੁਰੂਆਤ ।

...ਹਾਂ-ਹਾਂ । ਇਹ ਤਾਂ ਤੁਸੀਂ ਦੇਖਣਾ ਹੈ ।

ਹੁਣ ਇਸ ਨੂੰ ਸ਼ੁਰੂਆਤ ਹੀ ਸਮਝ ਲਉ ।

984, ਮਾਡਲ ਹਾਊਸ ਜਲੰਧਰ-3

—o—

## ਮੇਜਰ ਇਸਹਾਕ ਮੁਹੰਮਦ ਨੂੰ ਚੇਤੇ ਕਰਦਿਆਂ

ਜਨਮ, ਚਾਰ ਅਪਰੈਲ 1921, ਜਨਮ-ਸਥਾਨ ਅਖਾੜਾ ਜ਼ਿਲਾ ਜਲੰਧਰ, ਦਸਵੀਂ ਟਾਂਡਾ ਉੜਮੁੜ, ਐਫ.ਏ. ਡੀ.ਏ.ਵੀ. ਕਾਲਜ ਜਲੰਧਰ ਤੋਂ, ਬੀ. ਏ. ਐਮ. ਏ. ਓ ਕਾਲਜ ਅੰਮ੍ਰਿਤਸਰ. ਐਮ.ਏ. ਲਾਹੌਰ ਤੋਂ। ਫੌਜ ਵਿਚ ਮੇਜਰ ਤੇ ਬਹਾਦਰੀ ਲਈ ਮਿਲਟਰੀ ਕਰਾਸ। 1951 ਰਾਵਲਪਿੰਡੀ ਸਾਜ਼ਿਸ਼ ਕੇਸ ਵਿਚ ਚਾਰ ਸਾਲ ਕੈਦ। ਰਿਹਾਈ ਪਿਛੋਂ ਵਕਾਲਤ, ਕਈ ਵਾਰ ਗ੍ਰਿਫਤਾਰ—ਕਿਸਾਨ ਮਜ਼ਦੂਰ ਪਾਰਟੀ ਦੇ ਪ੍ਰਧਾਨ। 61 ਸਾਲ ਦੀ ਉਮਰ ਵਿਚ ਦਿਲ ਦੇ ਦੌਰੇ ਨਾਲ ਚਾਰ ਅਪਰੈਲ 1981 ਨੂੰ ਮੌਤ। ਪੰਜਾਬੀ ਰਚਨਾਵਾਂ; 'ਮੁਸੱਲੀ', 'ਕੁਕਨੂਸ' (ਨਾਟਕ), ਪੰਜਾਬ ਦਾ ਨਵਾਂ ਰੰਗ ਰੂਪ, ਪੰਜਾਬ ਇਹ ਐਬੇ-ਚਿਕੜ ਕਿਉਂ ਧੋਵੇ (ਵਾਰਤਕ)। ਉਰਦੂ ਵਿਚ ਸਿਧਾਂਤਕ ਜਥੇਬੰਦਕ ਤੇ ਰਾਜਸੀ ਲਿਖਤਾਂ। ਉਸ ਦੀ ਯਾਦ ਵਿਚ ਉੱਘੇ ਲੇਖਕ ਅਫਜ਼ਲ ਅਹਿਸਨ ਰੰਧਾਵਾ ਦੀ ਪੰਜਾਬੀ ਨਜ਼ਮ ਤੇ ਫੈਜ਼ ਦੀਆਂ ਲਿਖੀਆਂ ਯਾਦਾਂ ਛਾਪਦੇ ਹੋਏ ਅਸੀਂ ਇਸ ਸੂਰਮੇ ਪੰਜਾਬੀ ਲੇਖਕ ਦੀ ਯਾਦ ਵਿਚ ਸਿਰ ਝੁਕਾਉਂਦੇ ਹਾਂ। (ਸੰਪਾਦਕ)

## ਮੇਜਰ ਇਸਹਾਕ ਮੁਹੰਮਦ ਦੇ ਨਾਂ ਇਕ ਖ਼ਤ

ਅਫ਼ਜ਼ਲ ਅਹਿਸਨ ਰੰਧਾਵਾ

ਕਿਸ ਦਾ ਜੀਵਨ ਭੋਗ ਭੋਗ ਕੇ ਥੱਕਿਓਂ ਟੁੱਟਿਓਂ ?  
ਕਿਸ ਦੀ ਭੁੱਖ ਨੇ ਪੱਥਰ ਤੇਰੇ ਢਿੱਡ ਤੇ ਬੱਧੇ ?  
ਕਿਸ ਲਈ ਪਾਣੀ ਭਰਦਿਆਂ ਤੈਨੂੰ ਰਾਹ ਵਿਚ ਸ਼ਾਮਾਂ ਪਈਆਂ ?  
ਕਿਸ ਦੀ ਪੈਲੀ ਵਿਚ ਅਮਨ ਦੀ ਸੁੱਖ ਲਈ  
ਜੋਤਰੇ ਲਾਉਂਦਿਆਂ ਲਾਉਂਦਿਆਂ ਸੂਰਜ,  
ਤੇਰੇ ਸਿਰ ਉੱਤੇ ਆ ਡੁੱਬਾ ?  
ਕਿਸ ਦੇ ਜ਼ਖ਼ਮਾਂ ਤੇਰੀ ਚਾਦਰ ਰੱਤੀ ਕੀਤੀ ?  
ਕਿਸ ਦੀ ਰਾਤ ਹਨੇਰੀ ਵਿਚ,  
ਤੂੰ ਜਗ ਜਗ ਕੇ ਆਪਣਾ ਨੂਰ ਲੁਟਾਇਆ ?  
ਕਿਸ ਲਈ ਪਾ ਕੇ ਚਿੱਟਾ ਬਾਣਾ ਤੂੰ ਮੇਲੇ ਨੂੰ ਟੁਰਿਓਂ ?  
ਕਿਹਨਾਂ ਬਾਲਾਂ ਲਈ ਖਿਡੌਣੇ ਲੈ ਕੇ ਕਿੱਦਣ ਪਰਤੇਂਗਾ ?  
ਕਿਹਨਾਂ ਬਾਲੜੀਆਂ ਦੀਆਂ ਗੁੱਡੀਆਂ ਖੋਹਣ ਵਾਲੇ ਚੋਰਾਂ ਨੂੰ  
ਆਪਣੀ ਜੂਹ 'ਚੋਂ ਬਾਹਰ ਕੱਢਕੇ  
ਕਿੱਦਣ ਭੁੱਖਿਆਂ ਢਿਡਾਂ ਲਈ ਰੋਟੀ,  
ਅੰਨੀਆਂ ਅੱਖਾਂ ਲਈ ਚਾਨਣ, ਬੇਆਸੇ ਲੋਕਾਂ ਲਈ  
ਚੰਗੇ ਦਿਨਾਂ ਦੀ ਝੋਲੀ ਭਰਕੇ ਬਹੁੜੇਂਗਾ ?

—o—



## ਮੇਜਰ ਇਸਹਾਕ ਦੀ ਯਾਦ ਵਿੱਚ

ਫ਼ੈਜ਼ ਅਹਿਮਦ ਫ਼ੈਜ਼

ਮੇਜਰ ਇਸਹਾਕ ਨੂੰ ਮੈਂ ਪਹਿਲਾਂ ਪਹਿਲ 1937-38 ਵਿਚ ਇਕ ਬਹੁਤ ਸਾਦਾ ਤੇ ਖਾਮੋਸ਼-ਸੁਭਾਅ, ਪਰ ਬਹੁਤ ਦਿਮਾਗੀ ਤੇ ਮਿਹਨਤੀ ਵਿਦਿਆਰਥੀ ਤੇ ਸ਼ਾਗਿਰਦ ਦੇ ਰੂਪ ਵਿਚ ਵੇਖਿਆ ਸੀ, ਜਦੋਂ ਉਹ ਪਿੰਡ ਤੋਂ ਉੱਠ ਕੇ ਐਮ.ਏ.ਓ. ਕਾਲਜ ਅੰਮ੍ਰਿਤਸਰ ਵਿਚ ਪੜ੍ਹਨ ਲਈ ਆਇਆ ਸੀ, ਉਸ ਪਿਛੋਂ ਹੁਣ ਤਕ ਕਿੰਨੇ ਜ਼ਮਾਨੇ ਬਦਲੇ ਤੇ ਇਸਹਾਕ ਨੂੰ ਕਿਸ ਕਿਸ ਰੰਗ ਵਿਚ ਨਹੀਂ ਵੇਖਿਆ।

1948 ਵਿਚ ਕਸ਼ਮੀਰ ਦੇ ਮੋਰਚੇ ਤੇ ਫੌਜੀ ਅਫਸਰ ਦੀ ਹੈਸੀਅਤ ਵਿਚ ਜਦੋਂ ਉਹ ਥਰਮਾ ਤੋਂ ਮੇਜਰ ਬਣਕੇ, ਜੰਗ ਦੇ ਮੈਦਾਨ ਵਿਚ ਬਹਾਦਰੀ ਦਾ ਬਹੁਤ ਉੱਚਾ ਸਤਿਕਾਰ, 'ਮਿਲਟਰੀ ਕਰਾਸ' ਲੈ ਕੇ ਵਾਪਸ ਆਇਆ। ਫਿਰ ਹੈਦਰਾਬਾਦ ਜੇਲ੍ਹ ਅੰਦਰ 'ਰਾਵਲ-ਪਿੰਡੀ ਸਾਜ਼ਿਸ਼ ਕੇਸ' ਦੀ ਗੁਪਤ ਅਦਾਲਤ ਦੇ ਕਟਹਿਰੇ ਵਿਚ ਇਕ ਸਾਜ਼ਿਸ਼ੀ ਮੁਲਜ਼ਮ ਦੀ ਸੂਰਤ ਵਿਚ, ਜਿਸ ਅਖੌਤੀ ਸਾਜ਼ਿਸ਼ ਦੀ ਉਸ ਦੇ ਫਰਿਸ਼ਤਿਆਂ ਨੂੰ ਵੀ ਖਬਰ ਨਹੀਂ ਸੀ। ਫਿਰ ਉਸ ਦੇ ਨਤੀਜੇ ਵਜੋਂ ਚਾਰ ਸਾਲ ਤੱਕ ਵੱਖ-ਵੱਖ ਜੇਲ੍ਹਾਂ ਵਿਚ ਸਾਥੀ-ਕੈਦੀ ਦੀ ਸੂਰਤ ਵਿਚ। ਇਸ ਪਿਛੋਂ ਇਕ ਅਣਥੱਕ ਰਾਜਸੀ ਕਾਰਕੁਨ, ਫੱਕਰ ਤੇ ਮਜ਼ਦੂਰ ਕਿਸਾਨ ਸਾਥੀ ਤੇ ਆਗੂ ਦੇ ਰੂਪ ਵਿਚ, ਤੇ ਨਾਲ ਹੀ ਨਾਲ ਇਕ ਹੁਨਰਮੰਦ ਲੇਖਕ, ਅਤੇ ਨਾਟਕਕਾਰ ਤੇ ਇਕ ਸਭਿਅਕ ਆਲੋਚਕ ਦੇ ਤੌਰ 'ਤੇ।

ਇਹਨਾਂ ਚਾਲੀ ਵਰ੍ਹਿਆਂ ਤੋਂ ਉੱਤੇ ਦੇ ਲੰਮੇ ਤੇ ਲਗਾਤਾਰ ਜਹਾਦ ਵਿਚ ਕਿੰਨੇ ਮੋਰਚਿਆਂ ਤੇ ਬਿਖੜੀ ਪ੍ਰੀਖਿਆ ਦੇਣ ਲਈ, ਕਿੰਨੇ ਔਖੇ ਇਮਤਿਹਾਨਾਂ 'ਚੋਂ ਲੰਘਣਾ ਪਿਆ, ਕਿੰਨੀਆਂ ਔਕੜਾਂ ਤੇ ਮਸਲਿਆਂ ਦਾ ਸਾਹਮਣਾ ਕਰਨਾ ਪਿਆ। ਐਪਰ ਮੇਜਰ ਇਸਹਾਕ ਵਰਗੇ ਗਿਣਤੀ ਦੇ ਹੀ ਲੋਕ ਹੋਣਗੇ ਜਿਨ੍ਹਾਂ ਦੇ ਨਾ ਕਦੇ ਪੈਰ ਡੋਲੇ, ਨਾ ਈਮਾਨ ਤੇ ਯਕੀਨ ਵਿਚ ਫਰਕ ਆਇਆ, ਨਾ ਹਿੰਮਤ ਤੇ ਹੌਸਲੇ ਵਿਚ ਹੀ ਘਾਟ ਆਈ, ਨਹੀਂ ਤੇ ਇਸ ਦੌਰ ਵਿਚ 'ਥੱਕ ਥੱਕ ਕੇ ਹਰ ਮੁਕਾਮ ਪੇ, ਦੋ ਚਾਰ ਰਹਿ ਗਏ।'

ਰਾਵਲਪਿੰਡੀ ਸਾਜ਼ਿਸ਼ ਕੇਸ ਦੇ ਆਰੰਭ ਤੋਂ, ਅਖੀਰਲੀ ਉਮਰ ਤੀਕ, ਸਾਡਾ ਆਪਸ ਵਿਚ, ਕਈ ਥਾਂ, ਕਈ ਹਾਲਤਾਂ ਵਿਚ, ਸਾਥ ਰਿਹਾ। ਕਦੇ ਕਦੇ ਕੁਝ ਵਕਤੀ ਰਾਜਸੀ ਵਿਰੋਧ, ਵੀ ਪੈਦਾ ਹੋਏ, ਪਰ ਆਪਸੀ ਵਿਹਾਰ, ਤੇ ਵਤੀਰੇ ਵਿਚ ਫ਼ਰਕ ਨਹੀਂ ਆਇਆ। ਇਹਨਾਂ ਸਮਿਆਂ ਦੀਆਂ ਸਾਰੀਆਂ ਯਾਦਾਂ, ਇਕ ਥਾਂ ਲਿਖਣ ਲਈ, ਇਕ ਪੂਰਾ ਦਫ਼ਤਰ ਚਾਹੀਦਾ ਏ। ਸਿਰਫ ਦੋ ਤਿੰਨ ਗੱਲਾਂ ਸੁਣ ਲਓ।

ਹੈਦਰਾਬਾਦ ਜੇਲ੍ਹ ਦੇ ਅੰਦਰ, 'ਰਾਵਲਪਿੰਡੀ ਸਾਜ਼ਿਸ਼ ਕੇਸ ਦੀ ਗੁਪਤ ਅਦਾਲਤ ਦਾ ਪਹਿਲਾ ਦਿਨ। ਇਸ ਮੁਕੱਦਮੇ ਦੇ ਵਾਸਤੇ ਕਾਨੂੰਨ-ਘੜਨੀ ਅਸੰਬਲੀ ਨੇ ਇਕ ਖਾਸ ਐਕਟ ਪਾਸ ਕੀਤਾ ਸੀ, ਰਾਵਲਪਿੰਡੀ ਸਾਜ਼ਿਸ਼ ਐਕਟ, ਜਿਸਦੇ ਅਧੀਨ, ਫੌਜਦਾਰੀ ਕਾਨੂੰਨ

ਦੀਆਂ ਬਹੁਤ ਸਾਰੀਆਂ ਗੱਲਾਂ, ਜੋ ਮੁਲਜ਼ਮਾਂ ਦੇ ਹੱਕ ਵਿਚ ਜਾਂਦੀਆਂ ਸਨ, ਰੱਦ ਕਰ ਦਿਤੀਆਂ ਗਈਆਂ ਸਨ। ਅਸੀਂ ਸਾਰੇ ਮੁਲਜ਼ਮ, ਚੌਦਾਂ ਮਰਦ ਤੇ ਇਕ ਇਸਤਰੀ, ਬੇਗਮ ਨਸੀਮ ਅਕਬਰ ਖਾਨ, ਇਕ ਦਿਨ ਪਹਿਲਾਂ ਲਾਹੌਰ ਤੋਂ ਸਪੈਸ਼ਲ ਗੱਡੀ ਰਾਹੀਂ ਹੈਦਰਾਬਾਦ ਪਹੁੰਚੇ ਸੀ। ਇਸ ਸਾਜਿਸ਼ ਦਾ ਇਕ ਅਜੀਬ ਪਹਿਲੂ ਇਹ ਸੀ ਕਿ ਇਸ ਦਿਨ ਤੋਂ ਪਹਿਲਾਂ ਸਾਡੇ ਵਿਚੋਂ ਕਈਆਂ ਨੇ ਇਕ ਦੂਜੇ ਦੀ ਸ਼ਕਲ ਵੀ ਨਹੀਂ ਸੀ ਵੇਖੀ। ਸਾਡੇ ਕਾਰਨ ਜੇਲ੍ਹ ਖਾਨੇ ਦੇ ਅੰਦਰ-ਬਾਹਰ ਹਥਿਆਰਬੰਦ ਪਹਿਰਾ ਸੀ। ਜੇਲ੍ਹ ਦੀ ਕੰਧ ਦੋ ਫੁੱਟ ਹੋਰ ਉੱਚੀ ਕਰ ਦਿੱਤੀ ਗਈ ਸੀ ਤੇ ਇਸ ਉੱਤੇ ਕੰਡੇਦਾਰ ਤਾਰ, ਸਰਚ ਲਾਈਟਾਂ ਲਗਾ ਦਿੱਤੀਆਂ ਗਈਆਂ ਸਨ। ਸਾਡੇ ਕਾਨੂੰਨ ਅਧੀਨ, ਨਾ ਸਿਰਫ ਮੁਕੱਦਮੇ ਦੀ ਕਾਰਵਾਈ ਗੁਪਤ ਰੱਖੀ ਜਾਣੀ ਸੀ. ਸਗੋਂ ਜੇ ਇਸਦੇ ਬਾਰੇ ਕੋਈ ਵਕੀਲ ਜਾਂ ਮੁਲਜ਼ਮ ਜਾਂ ਅਦਾਲਤੀ ਅਹਿਲਕਾਰ, ਕੋਈ ਗੱਲ ਪ੍ਰਗਟ ਕਰੇ, ਤਾਂ ਉਹਨੂੰ ਵੀ ਦੋ ਸਾਲ ਦੀ ਸਜ਼ਾ ਦਿੱਤੀ ਜਾ ਸਕਦੀ ਸੀ। ਅਰਥਾਤ ਦਹਿਸ਼ਤ ਪੈਦਾ ਕਰਨ ਦਾ ਪੂਰਾ ਪ੍ਰਬੰਧ ਕੀਤਾ ਗਿਆ ਸੀ।

ਅਦਾਲਤ ਦੀ ਕਾਰਵਾਈ ਸ਼ੁਰੂ ਹੋਈ। ਤਿੰਨ ਜੱਜ ਸੁਪਰੀਮ ਕੋਰਟ ਦੇ ਦਿੱਲੀ ਦੇ ਜਸਟਿਸ ਅਬਦੁਲ ਰਹਿਮਾਨ, ਪੰਜਾਬ ਦੇ ਜਸਟਿਸ ਸ਼ਰੀਫ, ਬੰਗਾਲ ਦੇ ਜਸਟਿਸ ਅਮੀਰ ਅੱਲਾ ਬੈਠੇ ਨੇ। ਮੁੱਖ ਜੱਜ ਰਹਿਮਾਨ ਸਾਹਿਬ ਨੇ ਦੋਸ਼ੀਆਂ ਨੂੰ ਵਾਰੀ-ਵਾਰੀ ਬੁਲਾਉਣਾ ਸ਼ੁਰੂ ਕੀਤਾ। ਹਰ ਇਕ ਨੂੰ ਛੇ ਸੱਤ ਦੂਸ਼ਣਾਂ ਦਾ ਵੇਰਵਾ ਵੀ ਸੁਣਾਇਆ ਗਿਆ, ਜਿਹਨਾਂ ਵਿਚ ਤਿੰਨ ਚਾਰ ਦੀ ਸਜ਼ਾ ਮੌਤ ਭੀ ਹੋ ਸਕਦੀ ਸੀ ਤੇ ਅਖੀਰ ਤੇ ਪੁੱਛਿਆ (ਅੰਗਰੇਜ਼ੀ ਵਿਚ) **'Do you plead guilty or not guilty,"**

ਮੈਥੋਂ ਪਹਿਲਾਂ ਇਸਹਾਕ ਦੀ ਵਾਰੀ ਸੀ। ਉਹ ਖੜੇ ਹੋਏ ਤੇ ਜੱਜ ਸਾਹਿਬ ਨੇ ਹਾਲੀ ਗੱਲ ਖਤਮ ਵੀ ਨਹੀਂ ਸੀ ਕੀਤੀ ਕਿ ਇਸਹਾਕ ਵਿਚ ਹੀ ਬੋਲ ਪਏ: "ਮਾਈ ਲਾਰਡ ਮੈਂ ਫੌਜੀ ਅਫਸਰ ਹਾਂ। ਜੇ ਮੇਰੇ ਖਿਲਾਫ ਸ਼ਿਕਾਇਤ ਹੈ ਤਾਂ ਆਰਮੀ ਐਕਟ ਦੇ ਅਧੀਨ ਮੇਰੇ ਵਿਰੁੱਧ ਕੋਰਟ ਮਾਰਸ਼ਲ ਪੇਸ਼ ਹੋਣਾ ਚਾਹੀਦਾ ਹੈ। ਸਿਵਿਲ ਅਦਾਲਤ ਨੂੰ ਮੇਰੇ ਵਿਰੁੱਧ ਕਿਸੇ ਕਾਰਵਾਈ ਦਾ ਹੱਕ ਨਹੀਂ ਹੈ।" ਜਸਟਿਸ ਰਹਿਮਾਨ ਚੀਕਣ ਲੱਗੇ, "ਆਪਣੇ ਵਕੀਲ ਰਾਹੀਂ ਬਾਤ ਕਰੋ, ਆਪਣੇ ਵਕੀਲ ਰਾਹੀਂ।" ਇਸਹਾਕ ਨੇ ਉਸੇ ਹੀ ਸੁਰ ਵਿਚ ਉੱਤਰ ਦਿੱਤਾ, "ਮੈਂ ਕੋਈ ਵਕੀਲ ਆਦਿ ਨਹੀਂ ਜਾਣਦਾ। ਨਾ ਮੈਂ ਕਿਸੇ ਨੂੰ ਆਪਣੀ ਸਫਾਈ ਲਈ ਨੀਯਤ ਕੀਤਾ ਹੈ (ਹੁਸੈਨ ਸ਼ਹੀਦ ਸੁਹਰਾਵਰਦੀ ਤੇ ਸ਼ੇਖ ਮਨਜ਼ੂਰ ਕਾਦਰ ਮਰਹੂਮ ਤੋਂ ਬਿਨਾ ਬਾਕੀ ਸਭ ਸਫਾਈ ਦੇ ਵਕੀਲ ਖੁਦ ਹਕੂਮਤ ਨੇ ਮੁਕੱਰਰ ਕੀਤੇ ਸੀ) ਇਹ ਗੱਲ ਸੁਣ ਕੇ ਜੱਜ ਸਾਹਿਬ ਲਾਲ ਪੀਲੇ ਹੋ ਗਏ। ਉਂਝ ਵੀ ਉਹ ਬੜੇ ਬਦ-ਮਿਜਾਜ਼ ਤੇ ਗੁਸੈਲ ਆਦਮੀ ਸਨ। ਬੋਲੇ, "I will show you no mercy." ਤੈਨੂੰ ਪਤਾ ਨਹੀਂ ਕਿ ਤੂੰ ਕਿਸ ਅਦਾਲਤ ਵਿਚ ਹੈਂ। ਐਸਾ ਸਬਕ ਸਿਖਾਵਾਂਗਾ ਕਿ ਯਾਦ ਕਰੋਗੇ।" ਪਲ ਭਰ ਲਈ ਅਦਾਲਤੀ ਹਾਲ ਵਿਚ ਚੁੱਪ ਵਰਤ ਗਈ। ਤੇ ਫਿਰ ਇਸਹਾਕ ਨੇ ਬਹੁਤ ਸ਼ਾਂਤ ਆਵਾਜ਼ ਵਿਚ ਕਿਹਾ, "go ahead, my lord." ਅਰਥਾਤ ਜੋ ਜੀ ਚਾਹੇ, ਕਰੋ। ਸਾਰੇ ਹਾਲ ਵਿਚ ਸਨਸਨੀ ਜਿਹੀ ਫੈਲ ਗਈ ਕਿ ਵੇਖੀਏ ਹੁਣ ਕੀ ਹੁੰਦਾ



ਹੈ। ਜੱਜ ਸਾਹਿਬ ਨੇ ਪਹਿਲਾਂ ਤਾਂ ਬਹੁਤ ਪਾੜ ਖਾਣੀਆਂ ਨਜ਼ਰਾਂ ਨਾਲ ਸਾਨੂੰ ਘੂਰਿਆ ਤੇ ਫਿਰ ਅਚਾਨਕ ਇਕਦਮ ਠੰਢੇ ਹੋ ਗਏ, "I pity you, I pity you, please sit down." ਅਰਥਾਤ 'ਤੇਰੇ ਤੇ ਤਰਸ ਆਉਂਦਾ ਹੈ, ਬੈਠ ਜਾ।'

ਅਗਲਾ ਦ੍ਰਿਸ਼ ਲਾਹੌਰ ਜੇਲ੍ਹ ਦਾ ਹੈ। ਹੈਦਰਾਬਾਦ ਵਿਚ ਸਜ਼ਾ ਹੋਣ ਤੋਂ ਪਿਛੋਂ ਸਾਨੂੰ ਦੋ-ਦੋ ਤਿੰਨ-ਤਿੰਨ ਦੀਆਂ ਟੁਕੜੀਆਂ ਵਿਚ, ਵੱਖ-ਵੱਖ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ। ਇਸਹਾਕ, ਮੈਂ ਤੇ ਇਕ ਨੌਜਵਾਨ ਕੈਪਟਨ ਖਿਜ਼ਰ ਹਯਾਤ ਮਰਹੂਮ ਜੀਹਨੂੰ ਸਭ 'ਛੋਟਾ' ਆਖਦੇ ਸੀ, ਸਾਹੀਵਾਲ ਜੇਲ੍ਹ ਭੇਜੇ ਗਏ, ਜਿਸਨੂੰ ਉਸ ਵੇਲੇ ਮਿੰਟਗਮਰੀ ਆਖਦੇ ਸੀ। ਮੌਕਾਮੇਲ ਵਜੋਂ ਉਥੇ ਸੁਪਰਡੈਂਟ ਜੇਲ੍ਹ ਇਬਰਾਹੀਮ ਖਾਨ ਤਰੇਨ ਅੰਮ੍ਰਿਤਸਰ ਵਿਚ ਮੇਰੇ ਸ਼ਾਗਿਰਦ ਰਹਿ ਚੁਕੇ ਸਨ। ਬਾਕੀ ਜੇਲ੍ਹ ਦਾ ਅਮਲਾ ਵੀ ਚੰਗੇ ਲੋਕਾਂ ਦਾ ਸੀ। ਅਸਾਂ 'ਜ਼ਿੰਦਾ-ਨਾਮਾ' ਲਿਖਣ ਨਾਲ ਜੀ ਪਰਚਾਉਣਾ ਆਰੰਭ ਕਰ ਦਿੱਤਾ। ਇਸਹਾਕ ਨੇ ਬਾਗ-ਬਾਨੀ ਸ਼ੁਰੂ ਕਰ ਦਿੱਤੀ। ਇੰਗਲੈਂਡ ਤੋਂ ਫੁੱਲਾਂ ਦੇ ਬੀਜ ਮੰਗਵਾਏ। ਤੇ ਕੁਝ ਮਹੀਨਿਆਂ ਵਿਚ, ਸਾਰੀ ਜੇਲ੍ਹ ਗੁਲਜ਼ਾਰ ਬਣ ਗਈ। ਜਦੋਂ ਇਕ ਸਾਲ ਬੀਤ ਚੁੱਕਾ ਤਾਂ ਸਾਡੀ ਸਭ ਦੀ ਤਬੀਅਤ ਅੱਕਣ ਲੱਗੀ। ਮੇਰੇ ਦੰਦਾਂ 'ਚ ਤਕਲੀਫ ਸੀ। ਇਸਹਾਕ ਤੇ 'ਛੋਟੇ' ਨੇ ਵੀ ਐਵੇਂ ਹੀ ਝੂਠ-ਮੂਠ ਬੀਮਾਰੀ ਦਾ ਬਹਾਨਾ ਬਣਾਇਆ ਤੇ ਤੇ ਜੇਲ੍ਹ ਦੇ ਅਫਸਰਾਂ ਨੂੰ ਬੇਨਤੀ ਕੀਤੀ ਕਿ ਸਾਨੂੰ ਸਿਹਤ ਦੀ ਪੜਤਾਲ ਦੇ ਲਈ ਲਾਹੌਰ ਭਿਜਵਾਇਆ ਜਾਏ।

ਗੱਲ ਮੰਨੀ ਗਈ ਤੇ ਲਾਹੌਰ ਜੇਲ੍ਹ ਦੇ ਸਭ ਤੋਂ ਡਰਾਉਣੇ ਵਾਰਡ, ਜਿਸਨੂੰ 'ਬੰਬ ਵਾਰਡ' ਕਹਿੰਦੇ ਸੀ (ਕਿਸੇ ਵੇਲੇ ਭਗਤ ਸਿੰਘ ਆਦਿ ਏਥੇ ਰਹਿ ਚੁੱਕੇ ਸਨ) ਵਿਚ ਭੇਜੇ ਗਏ। ਏਥੋਂ ਦੇ ਅਮਲੇ ਵਿਚ ਸਾਡਾ ਕੋਈ ਜਾਣੂ ਨਹੀਂ ਸੀ। ਅਗਲੀ ਸਵੇਰ ਕੀ ਵੇਖਦੇ ਹਾਂ ਕਿ ਇਕ ਲਾਲ ਟੋਪੀ ਵਾਲਾ ਕੈਦੀ, ਜੀਹਨੂੰ ਨੰਬਰਦਾਰ ਕਹਿੰਦੇ ਸੀ, ਸੂਤ ਦੇ ਕੁਝ ਲੱਛੇ ਤੇ ਤੱਕਲੀ ਜੇਹੀ ਲਈ ਆ ਰਿਹਾ ਹੈ।

ਪੁੱਛਿਆ ਇਹ ਕੀ ਹੈ ਤੇ ਕਹਿਣ ਲੱਗਾ, "ਡਿਪਟੀ ਸਾਹਿਬ ਨੇ ਕਿਹਾ ਹੈ ਕਿ ਆਪ ਬਾਮੁਸ਼ੱਕਤ ਕੈਦੀ ਹੋ, ਇਸ ਲਈ ਇਹ ਆਪ ਦਾ ਮੁਸ਼ੱਕਤ ਦਾ ਸਾਮਾਨ ਹੈ। ਅਸੀਂ ਦੋਵੇਂ ਤਾਂ ਹੱਸ ਪਏ, ਪਰ ਇਸਹਾਕ ਨੇ ਉਹ ਸਭ ਕੁਝ ਚੁੱਕ ਕੇ ਦੀਵਾਰ ਦੇ ਬਾਹਰ ਸੁੱਟ ਦਿੱਤਾ ਤੇ ਲਿਆਉਣ ਵਾਲੇ ਨੂੰ ਕਿਹਾ. "ਜਾਓ, ਜਿਸ ਬੇਵਕੂਫ ਨੇ ਤੈਨੂੰ ਭੇਜਿਆ ਹੈ, ਉਸ ਨੂੰ ਕਹਿ, ਇਹ ਸਭ ਕੁਝ ਆਪਣੇ ਘਰ ਭਿਜਵਾ ਦੇਵੇ। ਇਸ ਵਾਰਡ ਵਿਚ ਜੁਲਾਹੇ ਨਹੀਂ ਰਹਿੰਦੇ।,' ਉਹ ਵਿਚਾਰਾ ਚੁੱਪ ਕਰਕੇ ਚਲਾ ਗਿਆ।

ਘੰਟੇ ਕੁ ਪਿੱਛੋਂ ਸਾਹਿਬ ਆਪਣੇ ਇਕ ਨਾਇਬ ਤੇ ਦੋ ਸਿਪਾਹੀਆਂ ਸਮੇਤ ਅੰਦਰ ਆਏ। ਇਸ ਤੋਂ ਪਹਿਲਾ ਕਿ ਉਹ ਕੁਝ ਕਹਿੰਦੇ ਇਸਹਾਕ ਬੋਲੇ, 'ਆਪ ਅਜੀਬ ਆਦਮੀ ਹੋ। ਅਸੀਂ ਮਰੀਜ਼ ਏਥੇ ਇਲਾਜ ਕਰਾਉਣ ਆਏ ਹਾਂ ਤੇ ਆਪ ਸਾਡੇ ਕੋਲੋਂ ਮੁਸ਼ੱਕਤ ਲੈਣਾ ਚਾਹੁੰਦੇ ਹੋ।' ਡਿਪਟੀ ਸਾਹਿਬ ਵੀ ਕੋਈ ਭਲੇ ਆਦਮੀ ਸਨ। ਸਾਡੀ ਥਾਂ ਨਾਇਬ ਨਾਲ ਗੁੱਸੇ ਹੋਣ ਲੱਗੇ ਕਿ ਇਹਨਾਂ ਕੋਲ ਕਿਸੇ ਨੂੰ ਭੇਜਿਆ ਕਿਉਂ।

ਆਖਰ ਜੇਲ੍ਹ ਤੋਂ ਰਿਹਾਈ ਮਿਲੀ । 'ਜ਼ਿੰਦਾਂ-ਨਾਮਾ' ਦਾ ਖਰੜਾ ਤਿਆਰ ਸੀ । ਇਕ ਦਿਨ ਇਸਹਾਕ ਮਿਲਣ ਲਈ ਆਏ ਤਾਂ ਮੈਂ ਕਿਹਾ; 'ਕਿਤਾਬ ਤਿਆਰ ਹੈ, ਭੂਮਿਕਾ ਕਿਸ ਤੋਂ ਲਿਖਵਾਈਏ ਹੈ ?" ਇਸਹਾਕ ਨੇ ਹੱਸ ਕੇ ਕਿਹਾ, :"ਮੈਂ ਨਾ ਲਿਖ ਦੇਵਾਂ" ਮੈਂ ਆਖਿਆ, 'ਤੂੰ ਤਾਂ ਅੱਜ ਤੀਕ ਇਕ ਹਰਫ਼ ਵੀ ਨਹੀਂ ਲਿਖਿਆ । ਤੂੰ ਕਿਵੇਂ ਲਿਖ ਦੇਵੇਂਗਾ ?' ਬੋਲੇ, ਕੋਸ਼ਿਸ਼ ਕਰ ਦੇਖਦੇ ਹਾਂ, ਮੈਂ ਕਿਹਾ, 'ਹੱਛਾ, ਲੈ ਜਾ ਖਰੜਾ' । ਥੋੜੇ ਦਿਨਾਂ ਪਿੱਛੋ ਉਹ ਆਪਣੀ ਲੰਮੀ ਤੇ ਬਹੁਤ ਹੀ ਸੁੰਦਰ ਭੂਮਿਕਾ ਲਿਖ ਕੇ ਲੈ ਆਏ, ਜਿਸ ਨੂੰ ਪੜ੍ਹ ਕੇ ਦਿਲ ਖੁਸ਼ ਹੋ ਗਿਆ । ਇਹ ਸ਼ਾਇਦ ਇਸਹਾਕ ਦੀ ਪਹਿਲੀ ਸਾਹਿਤਕ ਲਿਖਤ ਸੀ, ਜਿਸ ਦੇ ਪਿੱਛੋਂ ਉਸ ਦੀ ਕਲਮ ਸਦਾ ਹੀ ਚੱਲਦੀ ਰਹੀ ।

ਦੋ ਤਿੰਨ ਸਾਲ ਹੋਰ ਲੰਘ ਗਏ । ਅਯੂਬਖਾਨ ਦੀ ਫੌਜੀ ਹਕੂਮਤ ਕਾਇਮ ਹੋਈ ਤੇ ਪਹਿਲਾ (ਸਗੋਂ ਦੂਸਰਾ) ਮਾਰਸ਼ਲ-ਲਾ ਲਾਗੂ ਹੋਇਆ । ਅਸੀਂ ਲੋਕ ਇਕ ਵੇਰਾਂ ਫੇਰ ਜੇਲ੍ਹਾਂ 'ਚ ਪਹੁੰਚ ਗਏ । ਤੇ ਇਸ ਵਾਰ ਲਾਹੌਰ ਕਿਲ੍ਹੇ ਦੀ ਦਹਿਸ਼ਤ ਨਾਲ ਜੇਲ੍ਹ ਦਾ ਮੂੰਹ ਵੇਖਿਆ । ਚਾਰ-ਪੰਜ ਮਹੀਨੇ ਬਾਅਦ ਰਿਹਾਈ ਹੋਈ । ਬਾਹਰ ਨਿਕਲੇ ਥੋਹੜੇ ਦਿਨ ਹੀ ਹੋਏ ਸਨ ਕਿ ਇਕ ਸ਼ਾਮ ਮਾਲ ਰੋਡ ਤੇ ਮੈਨੂੰ ਲਾਹੌਰ ਕਿਲ੍ਹੇ ਦਾ ਇਕ ਵਾਰਡਰ ਮਿਲਿਆ । ਸਲਾਮ ਤੋਂ ਬਾਅਦ ਉਸ ਨੇ ਕਿਹਾ, ਕਿਲ੍ਹੇ ਵਿਚ ਤੁਹਾਡੇ ਨਾਲ ਦਾ ਕੋਈ ਸਾਥੀ ਕੈਦੀ ਆਇਆ ਸੀ । ਤੇ ਮਰ ਗਿਆ ਹੈ । ਉਸੇ ਸ਼ਾਮ ਜਾਂ ਅਗਲੇ ਦਿਨ ਇਸਹਾਕ ਨਾਲ ਮੁਲਾਕਾਤ ਹੋਈ ਤੇ ਅਸੀਂ ਦੋਹਵਾਂ ਨੇ ਤੈਅ ਕੀਤਾ ਕਿ ਹੋਵੇ ਨਾ ਹੋਵੇ ਇਹ ਕੈਦੀ ਹਸਨ ਨਾਸਰ ਹੀ ਹੋਵੇਗਾ । ਇਸ ਪਿੱਛੋਂ ਜਿਸ ਦਲੇਰੀ ਨਾਲ ਇਸਹਾਕ ਨੇ ਇਸ ਦਰਦਨਾਕ ਕਾਂਡ ਦੇ ਸਿਲਸਿਲੇ ਵਿਚ ਵੱਖ-ਵੱਖ ਦਰਵਾਜ਼ੇ ਖੜਕਾਏ, ਉਸ ਦਾ ਵੇਰਵਾ ਉਨ੍ਹਾਂ ਹੀ ਕਿਤਾਬ, 'ਹਸਨ ਨਾਸਰ ਦੀ ਸ਼ਹਾਦਤ' ਵਿਚ ਦਰਜ ਹੈ ।

ਇਸਹਾਕ ਦੀ ਸਿਆਸੀ ਜ਼ਿੰਦਗੀ ਦਾ ਹਾਲ ਸਾਰੇ ਜਾਣਦੇ ਨੇ । ਮਜ਼ਦੂਰ-ਕਿਸਾਨ ਮਸਲਿਆਂ ਵਿਚ ਹੋਰ ਲੋਕਾਂ ਨੇ ਵੀ ਹਿੱਸਾ ਲਿਆ ਹੈ, ਪਰ ਜਿਸ ਖਲੂਸ, ਸਾਬਤ-ਕਦਮੀਂ, ਦਲੇਰੀ, ਨਾਲ ਇਸਹਾਕ ਨੇ ਸਭ ਸੁੱਖ ਆਰਾਮ ਤੱਜ ਕੇ ਦਰਵੇਸ਼ੀ ਦਾ ਚੋਲਾ ਪਾ ਕੇ ਲਿਤਾੜੇ ਤਬਕੇ ਵਿਚ ਆਪਣੀ ਜ਼ਾਤ ਨੂੰ ਸਮੋ ਲਿਆ ਸੀ, ਉਸ ਨੂੰ ਵੇਖ ਪੜ੍ਹਕੇ ਨੇਰੂਦਾ ਦੇ ਸ਼ਬਦ ਚੇਤੇ ਅਉਂਦੇ ਨੇ ।

"ਮੈਂ ਤੇਰੀ ਝੁੱਗੀ ਦੀ ਮਿੱਟੀ ਵਿਚ ਮਿਲ ਕੇ ਖਾਕ ਹੋ ਗਿਆ ਹਾਂ । ਮੈਂ ਤੇਰੀ ਕਾਲੀ ਬਾਜਰੇ ਦੀ ਰੋਟੀ ਦੀ ਇਕ ਬੁਰਕੀ ਅਤੇ ਤੇਰੇ ਪਾਏ ਹੋਏ ਕੁੜਤੇ ਦੀ ਇਕ ਧੱਜੀ ਬਣ ਗਿਆ ਹਾਂ ।"

(ਹ. ਸ਼. ਹ.)

—o—





## ਪਰਦੇ ਪਿੱਛੇ/ਡਾ. ਅਯੂਬ ਮਿਰਜ਼ਾ

ਮੈਂ ਸਾਹਿਤਕਾਰ ਜਾਂ ਜੀਵਨ ਕਹਾਣੀਆਂ ਲਿਖਣ ਵਾਲਾ ਨਹੀਂ ਹਾਂ । ਸ਼ਾਇਰੀ ਮੇਰੇ ਕੋਲ ਦੀ ਨਹੀਂ ਲੰਘੀ । ਫ਼ੈਜ਼ ਸਾਹਿਬ ਨਾਲ ਨੇੜਤਾ ਹੋਣ ਕਰਕੇ ਇਸ ਬਿਮਾਰੀ ਨਾਲ ਮੱਥਾ ਲਾਉਣਾ ਪੈ ਗਿਆ ਹੈ । ਫ਼ੈਜ਼ ਸਾਹਿਬ ਦੇ 65ਵੇਂ ਜਨਮ ਦਿਨ ਤੇ ਮੈਂ ਇਕ ਮਜ਼ਮੂਨ ਪੜ੍ਹਿਆ ਸੀ ਅਤੇ ਮੰਨੂੰ ਭਾਈ ਨੇ ਇਹ ਕੰਮ ਮੇਰੇ ਜ਼ੁੰਮੇ ਲਾ ਦਿਤਾ । ਮਿੱਤਰਾਂ ਨੇ ਇਹਨੂੰ ਨੇਕ ਕੰਮ ਕਿਹਾ । ਮੈਂ ਫ਼ੈਜ਼ ਜੀ ਦੇ ਪਿਆਰ ਵਿਚ ਆਪਣੀਆਂ ਯਾਦਾਂ ਦੇ ਕੁਆੜ ਖੋਲ੍ਹੇ ਅਤੇ ਬੇਤੁਕੀਆਂ ਲਿਖਦਾ ਰਿਹਾ । ਫ਼ੈਜ਼ ਹੁਰਾਂ ਨੂੰ ਪਤਾ ਲੱਗਾ ਤਾਂ ਬੋਲੇ ਕਿ ਉਹਨਾਂ ਬਾਰੇ ਲਿਖਣ ਦੀ ਮੈਨੂੰ ਕਿਉਂ ਤਕਲੀਫ ਮਹਿਸੂਸ ਹੋਈ । ਮੈਂ ਡੂੰਘੀ ਸੋਚ ਵਿਚ ਡੁੱਬ ਗਿਆ ਕਿ ਫ਼ੈਜ਼ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ । ਉਹ ਤਾਂ ਆਪ ਇਕ ਇਤਿਹਾਸ ਹੈ ।

ਮੈਂ ਕਿਤਾਬ ਦਾ ਖਰੜਾ ਫ਼ੈਜ਼ ਹੁਰਾਂ ਨੂੰ ਵਿਖਾਇਆ ਤਾਂ ਜੋ ਉਹ ਵੇਖ ਲੈਣ ਕਿ ਕੋਈ ਵਾਕਿਆ ਗ਼ਲਤ ਨਾ ਲਿਖਿਆ ਗਿਆ ਹੋਵੇ । ਫ਼ੈਜ਼ ਸਾਹਿਬ ਦੇ ਅੰਦਰ ਚੀਫ਼ ਐਡੀਟਰੀ ਚਮਕ ਉੱਠੀ ਅਤੇ ਉਹਨਾਂ ਖਰੜੇ ਦੀ ਚੰਗੀ ਖੱਲ ਲਾਹੀ । ਕਹਿਣ ਲਗੇ ਕਿ ਜੀਂਦੇ ਬੰਦਿਆਂ ਦਾ ਦਿਲ ਦੁਖਾਉਣ ਦੀ ਕੀ ਲੋੜ ਹੈ ? ਮੁਰਦਿਆਂ ਬਾਰੇ ਕਿਹਾ ਕਿ ਦੱਬੇ ਹੋਏ ਮੁਰਦੇ ਪੁੱਟਣ ਦਾ ਕੀ ਅਰਥ ! ਗੱਲ ਕੀ ਉਹਨਾਂ ਦੀ ਨਜ਼ਰ 'ਚੋਂ ਨਿਕਲਕੇ ਬਚਿਆ ਖਰੜਾ ਹਾਜ਼ਰ ਹੈ ।

ਭਾਸ਼ਾ ਤੇ ਬਿਆਨ ਦੀਆਂ ਕਮਜ਼ੋਰੀਆਂ ਦਾ ਮੈਨੂੰ ਪੂਰਾ ਅਹਿਸਾਸ ਹੈ । ਭਾਸ਼ਾ ਦੇ ਮਾਹਿਰ ਤੇ ਭਾਸ਼ਾ ਵਿਗਿਆਨੀਆਂ ਨੂੰ ਬੇਨਤੀ ਹੈ ਕਿ ਉਹ ਮੇਰੇ ਵਰਗੇ ਅਜਨਬੀ ਨੂੰ ਮੁਆਫ਼ ਕਰ ਦੇਣ । ਉਰਦੂ ਸਾਡੀ ਕੌਮੀ ਭਾਸ਼ਾ ਹੈ ਤੇ ਇਹਦੇ ਨਾਲ ਮੇਰਾ ਸਲੂਕ ਏਸੇ ਤਰ੍ਹਾਂ ਦਾ ਹੈ ਜਿਸ ਤਰ੍ਹਾਂ ਦਾ ਦੂਜੇ ਕੌਮੀ ਮਸਲਿਆਂ ਨਾਲ । ਇਹ ਪੁਸਤਕ ਘਟਨਾਵਾਂ ਅਤੇ ਸਮੇਂ ਦੇ ਪੱਖੋਂ ਸ਼ਾਇਦ ਇਕਾਈ ਨਾ ਜਾਪੇ, ਕਿਉਂਕਿ ਫ਼ੈਜ਼ ਨਾਲ ਗੱਲਬਾਤ ਵੱਖਰੇ-ਵੱਖਰੇ ਸਮਿਆਂ ਤੇ ਹੋਈ ਸੀ ।

ਇਸ ਪੁਸਤਕ ਦੀ ਤਿਆਰੀ ਸੰਬੰਧੀ ਮੇਰੇ ਕੁਝ ਦੋਸਤਾਂ (ਜਿਹੜੇ ਵਿਦਿਆ ਤੇ ਸਾਹਿਤ ਵਿਚ ਪ੍ਰਸਿੱਧ ਹਨ) ਨੇ ਬਹੁਤ ਮਦਦ ਕੀਤੀ । ਇਨ੍ਹਾਂ ਵਿਚ ਪ੍ਰੋਫ਼ੈਸਰ ਤੌਸੀਫ਼ ਤਬੱਸਮ, ਮੰਨੂੰ ਭਾਈ, ਅਬਦੁਲ ਗ਼ਨੀ ਮਹਿਤਾ ਅਤੇ ਆਈ.ਏ. ਰਹਿਮਾਨ ਦੇ ਨਾਮ ਵਰਣਨਯੋਗ ਹਨ । ਮਿੱਤਰਾਂ ਵਲੋਂ ਕੀਤੀ ਹੌਸਲਾ ਅਫ਼ਜ਼ਾਈ ਮੈਨੂੰ ਸਦਾ ਯਾਦ ਰਹੇਗੀ ।

ਅੰਤ ਵਿਚ ਬੇਨਤੀ ਹੈ ਕਿ ਪੁਸਤਕ ਪੜ੍ਹਨ ਉਪਰੰਤ ਜੇ ਤੁਸੀਂ ਮੈਨੂੰ ਕਿਸੇ ਪੁੰਨ ਜਾਂ ਪਾਪ ਦਾ ਭਾਗੀ ਸਮਝੋ ਤਾਂ ਇਹ ਪੁੰਨ ਪਾਪ ਮੇਰੇ ਮਿਤਰਾਂ ਦੇ ਨਾਮ ਲਾ ਦਿਓ ਜਾਂ ਫਿਰ ਫ਼ੈਜ਼ ਸਾਹਿਬ ਨੂੰ ਪੁਜਦਾ ਕਰ ਦਿਓ, ਮੈਂ ਇਹਦਾ ਬਿਲਕੁਲ ਹੱਕਦਾਰ ਨਹੀਂ ਹਾਂ ।

—o—

ਦੋ ਗਜ਼ਲਾਂ

## 1. ਗ਼ਜ਼ਲ/ਤਾਲਿਬ ਜਤੋਈ

ਮੈਂ ਤੇ ਸਮਝਾਂ, ਚੁੰਮਦਾ ਪਈ ਏ ਮੇਰੇ ਵਾਲ ਹਵਾ।
ਸਿਰ ਮੇਰੇ ਪਰ ਮਿੱਟੀ ਪਾ ਗਈ, ਬੁੱਕਾਂ ਨਾਲ ਹਵਾ।
ਪਹਿਲਾਂ ਖੋਹ ਕੇ ਲੈ ਗਈ ਮੈਥੋਂ, ਮੇਰੀ ਅੱਲ੍ਹੜ ਸੋਚ,
ਮੁੜ ਕੇ ਮੇਰੇ ਉੱਤੇ ਪਾ ਗਈ, ਚੁੱਪ ਦਾ ਜਾਲ ਹਵਾ।
ਜਿਹੜੇ ਵੇਲੇ ਵੀ ਕੀਤਾ ਏ, ਮੈਂ ਇਸਦਾ ਇਤਬਾਰ,
ਮੇਰੇ ਨਾਲ ਤੇ ਉਸੇ ਵੇਲੇ, ਚੱਲ ਗਈ ਚਾਲ ਹਵਾ।
ਫਿਰ ਇਹ ਹੋਇਆ, ਸਮਝ ਗਿਆ ਮੈਂ, ਜਦੋਂ ਹਵਾ ਦਾ ਭੇਤ
ਮੈਥੋਂ ਦੂਰ ਖਲੋ ਗਈ ਜਾ ਕੇ, ਮਾਰ ਕੇ ਛਾਲ ਹਵਾ।
ਇਹ ਤੇ ਪਲ ਦੋ ਪਲ ਦੀ ਗੱਲ ਏ, ਇਹਦਾ ਕਰ ਨਾ ਮਾਣ,
ਝੱਲਿਆ ਕਿੱਤਣ ਤਾਈਂ ਰਹਿਸੀ, ਤੇਰੇ ਨਾਲ ਹਵਾ।
ਸਾਡੇ ਲਈ ਜੇ ਕਦੇ ਨਾ ਆਉਣੀ, ਖੁਸ਼ਬੋਆਂ ਦੀ ਰੁੱਤ,
ਝੂਠੇ ਲਾਰੇ ਲਾ ਜਾਂਦੀ ਏ, ਕਿਉਂ ਹਰ ਸਾਲ ਹਵਾ?
ਅੱਖਾਂ ਵਿਚ ਪਿਆ ਏ ਘੱਟਾ, ਇੰਜ ਉੱਡੀ ਏ ਧੂੜ,
ਕੀ ਦੱਸਾਂ ਮੈਂ ਕਰ ਗਈ ਕੇਡਾ, ਭੈੜਾ ਹਾਲ ਹਵਾ।
ਤਾਲਿਬ ਤੂੰ ਈ ਦੱਸਦੇ ਮੈਨੂੰ, ਬੰਨ੍ਹ ਸਕੇਗਾ ਕੌਣ?
ਕੀਤਾ ਮੇਰੇ ਅੱਗੇ ਏਹੋ, ਰਾਤ ਸਵਾਲ ਹਵਾ।

(ਮਾਂ-ਬੋਲੀ ਮਾਸਿਕ ਲਾਹੌਰ, ਮਾਰਚ 95 'ਚੋਂ)

## 2. ਗ਼ਜ਼ਲ/ਤਾਰਿਕ ਗੋਜਰ ਫਤਿਹਪੁਰੀਆ

ਜੁੱਸਿਆਂ ਉੱਤੇ ਨੀਲ ਪਏ ਨੇ, ਰੂਹਾਂ ਅੰਦਰ ਖੱਡੇ,
ਮੋਇਆਂ ਦੇ ਦੁੱਖ ਭੁੱਲ ਜਾਂਦੇ ਨੇ, ਧਰਤੀ ਦੇ ਦੁੱਖ ਵੱਡੇ।
ਧਰਮ ਛਫੀ ਨੇ ਮੇਰੇ ਦੇਸ਼ ਦੀ, ਹਿੱਕ ਤੇ ਲੀਕਰ ਪਾਕੇ,
ਸਾਰੇ ਵਸਨੀਕਾਂ ਦੇ ਜੁੱਸੇ, ਲਹੂ-ਲਹੂ ਕਰ ਛੱਡੇ।
ਖੌਰੇ ਕਿਹਦੀ ਨਜ਼ਰ ਸੀ ਖਾ ਗਈ, ਹੱਸਦੇ ਵਸਦੇ ਘਰ ਨੂੰ,
ਵਿਹੜੇ ਵਿਚ ਖਲੋ ਕੇ ਭਾਈਆਂ, ਭਾਈਆਂ ਦੇ ਗਲ ਵੱਢੇ।
ਏਸ ਧਰਤੀ ਤੇ ਦਿਨੇ ਦੁਪਹਿਰੇ, ਅਜਬ ਤਮਾਸ਼ਾ ਹੋਇਆ,
ਘਰ ਦੇ ਮਾਲਕ ਘਰ ਵਿਚ ਆਕੇ, ਲੋਕਾਂ ਘਰ 'ਚੋਂ ਕੱਢੇ।
ਸੜਦੇ ਬਲਦੇ ਥਲ ਮਾਰੂ ਵਿਚ, ਖੌਰੇ ਕੀ ਸੀ ਜਾਦੂ,
ਲੋਕਾਂ ਰੇਤ 'ਚ ਘਰ ਪਾਵਣ ਲਈ, ਮਹਿਲ ਮੁਨਾਰੇ ਛੱਡੇ।
'ਤਾਰਕ' ਸਮੇਂ ਤੋਂ ਬਾਗ਼ੀ ਹੋਇਆ, ਇਹ ਗੱਲ ਜਾਣੇ ਬੁੱਝੇ,
ਜਿਹੜੇ ਵੇਲੇ ਨਾਲ ਨੇ ਟੁਰਦੇ, ਉਹੋ ਸਭ ਤੋਂ ਵੱਡੇ।

(ਲਹਿਰਾਂ, ਲਾਹੌਰ, ਫਰਵਰੀ 95)



## ਇੱਕ ਘੱਟ ਵੀਹਵੀਂ ਰਾਤ/ਅਫ਼ਜ਼ਲ ਅਹਿਸਨ ਰੰਧਾਵਾ

ਅਸਾਂ ਅੱਖ ਨਾ ਵੇਖੀ ਮੀਟ ਕੇ, ਰਾਤਾਂ ਲੰਮੀਆਂ,
ਅਸਾਂ ਸੂਲਾਂ ਸੇਜ ਹੰਢਾਈਆਂ ਪਾਸੇ ਪਰਤ ਪਰਤ।

ਸਾਡੇ ਸੁਪਨੇ ਝੂਲੇ ਬਣ ਗਏ ਜਾਗੋ ਮੀਟਿਆਂ,
ਸਾਡੇ ਲੂੰ ਲੂੰ ਵਿਚ ਧਈ ਵਗਦੀ ਪੀੜ ਫਰਾਕ ਦੀ।

ਸਭ ਅੱਥਰੂ ਮੁੱਕ ਗਏ ਅੱਜ 'ਚੋਂ ਵਰਖਾ ਕੀ ਵਰ੍ਹੇ,
ਸਭ ਗੱਲਾਂ ਸੁੱਤੀਆਂ ਚੁੱਪ-ਭੜੋਲੇ ਮੱਲ ਕੇ।

ਕੋਈ ਚਾਂਗਰ, ਹਾਕਰ, ਲਲਕਰ, ਕੂਕ ਨਾ ਜਾਗਦੀ,
ਸਭ ਮੌਸਮ ਆਣ ਖਲੋਤੇ ਇੱਕੋ ਰਾਤ 'ਤੇ

ਸਭ ਅੱਖਾਂ ਪੱਥਰ ਹੋਈਆਂ ਕਾਲਖ਼ ਵੇਖ ਵੇਖ,
ਕੋਈ ਤਾਰਾ ਝਾਕੇ ਰਾਤ ਦਾ ਬੱਦਲ ਪਾੜ ਕੇ।

ਕਿਤੇ ਚੰਨ ਚੜ੍ਹੇ ਕਾਲਖ਼ ਦਾ ਰੱਕੜ ਸਾੜ ਕੇ,
ਕਿਤੋਂ ਸੁਹਣਾ ਆਣ ਮਿਲੇ ਕੋਈ ਮੌਕਾ ਤਾੜ ਕੇ।

ਇਸ ਯੁੱਧ ਵਿਚ ਦੁੱਖ ਤਗੜੇ ਨੇ ਤੇ ਦਿਲ ਮਾਰੜੇ,
ਹੁਣ ਕਿਹਨੂੰ ਵਾਜਾਂ ਮਾਰੀਏ, ਭਾਈ ਦੀਨ ਮੁਹੰਮਦਾ।

(ਜ਼ਿਲਾ ਕਚਹਿਰੀਆਂ, ਲਾਇਲਪੁਰ, ਪਾਕਿਸਤਾਨ

—o—

## ਗਜ਼ਲ/ਅਖ਼ਲਾਕ ਆਤਿਫ਼

ਸੌਂ ਗਿਆ ਰੋ ਰੋ ਕਦੇ ਹੱਸ ਹੱਸ ਕੇ ਦੋਹਰਾ ਹੋ ਗਿਆ।
ਮੈਂ ਕਿਸੇ ਦੀ ਯਾਦ ਅੰਦਰ ਸਭ ਤੋਂ ਵੱਖਰਾ ਹੋ ਗਿਆ।

ਵਕਤ ਦਾ ਕੋਈ ਵੀ ਫੇਹਾ ਕਰ ਨਹੀਂ ਸਕਦਾ ਅਸਰ,
ਫੱਟ ਕਿਸੇ ਦੇ ਹਿਜਰ ਦਾ ਐਨਾ ਕੁ ਗਹਿਰਾ ਹੋ ਗਿਆ।

ਮਨ ਦੇ ਸ਼ੰਸ਼ੇ ਕਾਲਿਆਂ ਪੱਥਰਾਂ ਤੋਂ ਵੱਧ ਕਾਲੇ ਹੋ ਗਏ,
ਜਿਸਮ ਕਾਲੇ ਰੰਗ ਦਾ ਭਾਵੇਂ ਸੁਨਹਿਰਾ ਹੋ ਗਿਆ।

ਆਪਣਿਆਂ ਕੋਲਾਂ ਦੀ ਰਾਖੀ ਵੀ ਨਾ ਜਿਹੜੇ ਕਰ ਸਕੇ,
ਸਾਡੀਆਂ ਸੋਚਾਂ ਤੇ ਹੁਣ ਉਹਨਾਂ ਦਾ ਪਹਿਰਾ ਹੋ ਗਿਆ।

ਪੀ ਕੇ ਲਹੂ ਇਸ ਦੇਸ ਦੇ ਇਕ ਦਰਦਮੰਦ ਇਨਸਾਨ ਦਾ,
ਮੁਨਸਫਾਂ ਦਾ ਵਹਿਸ਼ੀਆਂ ਦੇ ਵਾਂਗ ਚਿਹਰਾ ਹੋ ਗਿਆ।

ਮੈਂ ਤੇ ਇੱਕ ਅੱਥਰੂ ਸਾਂ ਆਤਿਫ਼ ਰੁਲ ਗਿਆ ਮਿੱਟੀ ਦੇ ਵਿੱਚ,
ਫੁੱਲ ਸੀ ਉਹ, ਜੋ ਕਿਸੇ ਦੇ ਸਿਰ ਦਾ ਸਿਹਰਾ ਹੋ ਗਿਆ।

—o—

## ਕਵੀ, ਕਵਿਤਾ ਤੇ ਲੋਕ/ਹਰਭਜਨ ਸਿੰਘ ਹੁੰਦਲ

ਗੱਲ ਤਾਂ ਤੋਰਨੀ ਹੀ ਪਵੇਗੀ। ਲਿਹਾਜ਼ ਛੱਡਣੇ ਪੈਣਗੇ। ਮੂੰਹ-ਮੁਲਾਹਜ਼ੇਦਾਰੀਆਂ ਤੱਜਣੀਆਂ ਪੈਣਗੀਆਂ। ਬਹੁਤ ਸਾਰੇ ਲੋਕ ਨਾਰਾਜ਼ ਹੋਣਗੇ। ਹੋ ਲੈਣ ਦਿਓ। ਕੁਫ਼ਰ ਦੇ ਮਾਰਗ ਤੇ ਤੁਰਨ ਨਾਲੋਂ ਨਾਰਾਜ਼ਗੀ ਚੰਗੀ। ਗੱਲ ਤੁਰੇਗੀ ਤਾਂ ਕਿਸੇ ਸਿਰੇ ਵੀ ਲੱਗੇਗੀ। ਜੇ ਲਿਹਾਜ਼ਦਾਰੀਆਂ ਵਿਚ ਪਏ ਰਹੇ ਤਾਂ ਕਿੰਨਾ ਵਕਤ ਜ਼ਾਇਆ ਕਰ ਚੁੱਕੇ ਹੋਵਾਂਗੇ।

ਸਮੇਂ ਨੇ ਤੁਰੀ ਜਾਣਾ ਹੈ। ਉਸ ਨੇ ਤਾਂ ਲਿਹਾਜ਼ ਨਹੀਂ ਕਰਨਾ। ਇਹ ਚੰਗੀ ਗੱਲ ਨੂੰ ਸਵੀਕਾਰ ਕਰਦਾ ਤੇ ਮਾੜੀ ਨੂੰ, ਗ਼ਲਤ ਨੂੰ ਰੱਦ ਕਰਦਾ ਹੈ; ਪਰ ਸਾਨੂੰ ਭੁਲੇਖੇ ਹੁੰਦੇ ਹਨ, ਨਿੱਜੀ ਜਾਂ ਜ਼ਾਤੀ ਸਵਾਰਥ। ਲੋਭ-ਲਾਲਚ ਮੂੰਹ ਬੰਦ ਕਰੀ ਰੱਖਦੇ ਹਨ।

ਗੱਲ ਖੁੱਲ੍ਹ ਕੇ ਕਰਨੀ ਪਵੇਗੀ। ਨਹੀਂ ਕਰਦੇ, ਤਾਂ ਦੋਸ਼ੀ ਹਾਂ। ਇਤਿਹਾਸ ਦੇ ਮੁਜਰਮ। ਸਮੁੱਚਾ ਸੱਚ ਕਿਸੇ ਕੋਲ ਵੀ ਨਹੀਂ ਹੁੰਦਾ। ਹਰ ਚੇਤੰਨ ਤੇ ਪ੍ਰਤਿਭਾਸ਼ੀਲ ਬੰਦੇ ਕੋਲ ਸੱਚ ਦੇ ਕੁਝ ਕਿਣਕੇ, ਕੁਝ ਟੁਕੜੇ ਹੁੰਦੇ ਹਨ। ਉਹ ਉਹਨਾਂ ਹੀ ਟੁਕੜਿਆਂ ਤੇ ਕਿਣਕਿਆਂ ਨੂੰ ਆਖ਼ਰੀ ਜਾਂ ਸਮੁੱਚਾ ਸੱਚ ਸਮਝੀ ਰੱਖਦਾ ਹੈ।

ਚੂਹੇ ਨੂੰ ਸੁੰਢ ਦੀ ਇੱਕ ਗੰਢੀ ਲੱਭ ਪਈ ਸੀ ਤੇ ਉਹ ਵੈਦ ਸਮਝ ਬੈਠਾ ਸੀ। ਅਸੀਂ ਸਾਰੇ ਸੁੰਢ ਦੀਆਂ ਨਿੱਕੀਆਂ ਨਿੱਕੀਆਂ ਗੰਢੀਆਂ ਲੱਭੀ, ਲੁਕਾਈ ਫ਼ਿਰਦੇ ਹਾਂ। ਆਓ ਇਹਨਾਂ ਵਿਅਕਤੀਗਤ ਗੰਢੀਆਂ ਨੂੰ ਇਕ ਥਾਂ ਕੱਠੀਆਂ ਕਰੀਏ। ਸ਼ਾਇਦ ਕੋਈ ਹਿਕਮਤ ਦਾ ਕੇਂਦਰ ਸਿਰਜਿਆ ਜਾ ਸਕੇ। ਖੋਲਾਂ ਤੋਂ ਬਾਹਰ ਆਈਏ। ਧੁੱਪ ਵਿਚ ਖਲੋ ਕੇ ਚਿਹਰੇ ਪਛਾਣੀਏ।

ਯਾਰੀਆਂ ਪਾਲਦੇ ਹਾਂ। ਕਿਸੇ ਨੂੰ ਚੁੱਕਦੇ ਹਾਂ, ਕਿਸੇ ਨੂੰ ਠਿੱਬੀ ਲਾਉਂਦੇ ਹਾਂ। ਵਿਰੋਧੀ ਨੂੰ ਅਣਡਿੱਠ ਕਰਦੇ ਹਾਂ। ਸਾਰਾ ਸਾਹਿਤਕ-ਸੰਸਾਰ ਸਾਡੀ ਮੁੱਠ ਵਿਚ ਕੈਦ ਨਹੀਂ ਰਹਿ ਸਕਦਾ। ਜੁਗਤਾਂ ਲੜਾਇਆਂ ਕੋਈ ਇਨਾਮ ਤਾਂ ਹਥਿਆ ਸਕਦੇ ਹਾਂ। ਢੋਲਕੀਆਂ-ਛੈਣਿਆਂ ਵਾਲੇ ਆਲੋਚਕ ਸਿਰਜਣ-ਸ਼ੀਲ ਲੇਖਕ ਦਾ ਕੀ ਸੰਵਾਰ ਸਕਦੇ ਹਨ? ਇਹ ਵਿਗਾੜ ਵੀ ਕੁਝ ਨਹੀਂ ਸਕਦੇ। ਇਕ ਆਲੋਚਕ ਸਾਰੀ ਉਮਰ ਨੇਰੂਦਾ ਦੇ ਖਿਲਾਫ਼ ਲਿਖਦਾ ਰਿਹਾ, ਪਰ ਨੇਰੂਦਾ ਪ੍ਰਾਪਤੀਆਂ ਦੀ ਮੰਜ਼ਿਲ ਵਲ ਵਧਦਾ ਹੀ ਚਲਾ ਗਿਆ।

ਆਪਾਂ ਗੱਲ ਕਵਿਤਾ ਦੀ ਕਰਨੀ ਹੈ। ਬਹੁਤਾ ਖਿਲਾਰਾ ਨਹੀਂ ਪਾਉਣਾ। ਆਉ ਇਸ ਖੇਤਰ ਵਿਚੋਂ ਆਪਣਾ ਆਪਣਾ ਅਨੁਭਵ ਸਾਂਝਾ ਕਰੀਏ। ਖੁੱਲ੍ਹ ਕੇ ਗੱਲ ਕਰੀਏ। ਗੱਲ ਅੱਗੇ ਤੋਰੀਏ।

ਲੋਭ ਦੀ ਝਾਕ ਹੈ ਤਾਂ ਪੰਗਾ ਨਾ ਲਿਓ। ਬਹੁਤ ਸਾਰੇ ਇਨਾਮ ਮਿੱਤਰਾਂ-ਯਾਰਾਂ ਦੀ ਕ੍ਰਿਪਾ-ਦ੍ਰਿਸ਼ਟੀ ਤੇ ਜੁਗਤ ਦਾ ਸਿੱਟਾ ਹੁੰਦੇ ਹਨ। ਫੇਰ ਵੀ, ਜੇ ਜੁਗਤਾਂ ਲੜਾਇਆਂ, ਕਿਸੇ ਚੰਗੇ ਲੇਖਕ ਨੂੰ ਕੋਈ ਇਨਾਮ ਮਿਲ ਜਾਂਦਾ ਹੈ ਤਾਂ ਸਵਾਗਤ ਤਾਂ ਕਰਨਾ ਹੀ ਚਾਹੀਦਾ ਹੈ ਨਾ! ਪਰ ਪ੍ਰਤਿਭਾ-ਸ਼ੀਲ ਲੇਖਕ ਨੂੰ ਜੇ ਇਨਾਮ ਨਹੀਂ ਵੀ ਮਿਲਦਾ ਤਾਂ ਉਸਦਾ ਘਟਦਾ ਕੁਝ ਨਹੀਂ, ਸਗੋਂ ਉਹ ਗੰਦੀ ਖੇਡ ਤੋਂ ਬਚਿਆ ਰਹਿੰਦਾ ਹੈ।



ਅੰਮ੍ਰਿਤਾ ਬੜੇ ਸਾਲਾਂ ਤੋਂ ਭਾਰਤੀ ਸਾਹਿਤ ਅਕਾਦਮੀ ਦੀ ਪ੍ਰਧਾਨ ਚਲੀ ਆ ਰਹੀ ਹੈ। ਹਰ ਦੂਜੇ ਤੀਜੇ ਸਾਲ ਆਪਣੇ ਕਿਸ ਚੇਲੇ ਜਾਂ ਚੇਲੀ ਨੂੰ ਸਾਹਿਤ ਅਕਾਦਮੀ ਦਾ ਇਨਾਮ ਦੇ ਜਾਂ ਦਿਵਾ ਦਿੰਦੀ ਹੈ। ਪਰ ਕੀ ਉਹ ਖ਼ੁਦ ਦੇਵਿੰਦਰ ਸਤਿਆਰਥੀ ਨਾਲੋਂ ਵਧੀਆ ਸ਼ਾਇਰੀ ਕਰਦੀ ਹੈ?

ਸ਼ਾਇਰੀ ਤਾਂ ਕਦੋਂ ਦੀ ਉਸਨੂੰ ਬੇਦਾਵਾ ਦੇ ਚੁੱਕੀ ਹੈ। "ਅੱਜ ਆਖਾਂ ਵਾਰਸ ਸ਼ਾਹ ਨੂੰ, ਕਿਤੇ ਕਬਰਾਂ ਵਿੱਚੋਂ ਬੋਲ" ਤੇ 'ਸੁਨੇਹੜੇ' ਪੁਸਤਕ ਤੋਂ ਬਾਅਦ ਪਤਨਸ਼ੀਲ ਕਿਉਂ ਹੋ ਗਈ? ਹਾਕਮ-ਜਮਾਤਾਂ ਦੀ ਸੇਵਾ ਤੇ ਸੱਚੀ-ਸੁੱਚੀ ਸ਼ਾਇਰੀ ਨਾਲੋ-ਨਾਲ ਨਹੀਂ ਚੱਲ ਸਕਦੇ ਭਾਈ ਜਾਨ'

ਸ਼ਾਇਰੀ ਦਾ ਸਲੀਕਾ ਜਾਂ ਅੰਦਾਜ਼ ਤਾਂ ਡਾ: ਹਰਿਭਜਨ ਸਿੰਘ ਵਿਚ ਹੀ ਬਹੁਤ ਹੈ। ਉਸ ਨੂੰ ਗੱਲ ਕਰਨੀ ਆਉਂਦੀ ਹੈ। ਗੱਲ 'ਸੁੰਦਰਮ' ਹੁੰਦੀ ਹੈ। ਪਰ ਸਾਨੂੰ ਨਿਰੀ ਸੁੰਦਰਤਾਂ ਦੀ ਹੀ ਲੋੜ ਨਹੀਂ; ਭਾਵੇਂ ਇਹ ਲੋੜ ਵੀ ਬਹੁਤ ਜ਼ਰੂਰੀ ਤੇ ਮਹੱਤਵ-ਪੂਰਨ ਹੈ। 'ਸੁੰਦਰਮ' ਦੇ ਨਾਲ ਸਤਿਅਮ ਤੇ ਸ਼ਿਵਮ ਵੀ ਹੋਵੇ। ਪੁਆੜਾ ਵੀ ਏਥੇ ਆ ਕੇ ਹੀ ਪੈਂਦਾ ਹੈ। ਗੱਲ ਸੱਚੀ ਵੀ ਹੋਵੇ, ਮਨੁੱਖ ਦੇ ਭਲੇ ਤੇ ਕਲਿਆਣ ਵਾਲੀ ਵੀ ਹੋਵੇ, ਤੇ ਕੋਮਲ ਅਥਵਾ ਸੁੰਦਰ ਵੀ ਹੋਵੇ।

ਪਰ ਤਿੰਨੇ ਗੁਣਾਂ ਦਾ ਸੁਮੇਲ ਵੀ ਮੁਸ਼ਕਿਲ ਹੈ। ਕਿਸੇ ਕੋਲ ਸੱਚੀ ਗੱਲ ਹੈ, ਗੱਲ ਮਨੁੱਖਤਾ ਲਈ ਕਲਿਆਣਕਾਰੀ ਵੀ ਹੈ, ਪਰ ਸੁੰਦਰ ਨਹੀਂ। ਪਰ ਇਹ ਸਾਹਿਤ-ਕਲਾ ਨਹੀਂ ਬਣਦੀ। ਨਿਰਾਂ ਪ੍ਰਚਾਰ ਬਣਕੇ ਰਹਿ ਜਾਵੇਗੀ। ਤੇ ਅਖੀਰ ਨੂੰ ਰੱਦੀ ਦੇ ਭਾਅ ਵਿਕੇਗੀ।

ਪਰ ਸਾਨੂੰ ਆਪਣਾ ਕਾਵਿ-ਵਿਰਸਾ ਵੀ ਵੇਖਣਾ ਪਵੇਗਾ। ਸਾਡੇ ਵੱਡ-ਵਡੇਰੇ, ਆਪਣੇ ਸਮੇ, ਆਪਣੇ ਯੁੱਗ ਦੀਆਂ ਚੁਣੌਤੀਆਂ ਨੂੰ ਕਿਵੇਂ ਪ੍ਰਵਾਨ ਕਰਦੇ ਸਨ। ਬਾਬਾ ਫਰੀਦ ਨੇ ਕਿਵੇਂ ਕੀਤਾ ਸੀ, ਇਸਲਾਮ ਦੀ ਚੜ੍ਹਦੀ ਕਲਾ ਦੇ ਯੁੱਗ ਵਿਚ? ਗੁਰੂ ਨਾਨਕ ਦੀ ਪ੍ਰਤਿਭਾ ਅਣ-ਕਿਆਸੀਆਂ ਸਿਖਰਾਂ ਨੂੰ ਕਿਵੇਂ ਛੂਹ ਸਕੀ ਹੈ? ਉਹ ਲੰਮੀਆਂ ਉਦਾਸੀਆਂ ਤੇ ਕਿਉਂ ਤੁਰ ਪੈਂਦੇ ਸਨ? ਹਰ ਉਦਾਸੀ ਤੋਂ ਬਾਅਦ ਕੀ ਖੱਟੀ-ਕਮਾਈ ਖੱਟਕੇ ਲਿਆਉਂਦੇ ਸਨ। ਅਨੁਭਵ ਦੀ ਡੂੰਘਾਈ ਤੇ ਵਿਸ਼ਾਲਤਾ ਉਨ੍ਹਾਂ ਨੂੰ ਪ੍ਰਾਪਤ ਕਿਵੇਂ ਹੋਈ ਸੀ? ਤੇ ਬਾਕੀ ਗੁਰੂ-ਕਵੀ ਉਥੋਂ ਤੀਕ ਕਿਉਂ ਨਹੀਂ ਪਹੁੰਚ ਸਕੇ?

ਇਹਨਾਂ ਹੀ ਪ੍ਰਸ਼ਨਾਂ ਦੇ ਉਤਰਾਂ ਵਿਚ ਮਹਾਨ ਸਾਹਿਤ ਦੀ ਸਿਰਜਣਾ ਦੇ ਭੇਤ ਲੁਕੇ ਪਏ ਹਨ। ਅਨੁਭਵ ਤੇ ਜਾਂ ਫਿਰ ਪ੍ਰਤਿਭਾ ਕੋਈ ਵਿਰਸੇ 'ਚੋਂ ਹੀ ਪ੍ਰਾਪਤ ਨਹੀਂ ਹੋ ਜਾਂਦੇ। ਵਿਰਸਾ ਤੇ ਵਰਤਮਾਨ, ਪਰੰਪਰਾ ਤੇ ਆਲਾ-ਦੁਆਲਾ ਮਨੁੱਖੀ ਪ੍ਰਤਿਭਾ ਨੂੰ ਢਾਲਦੇ, ਘੜਦੇ, ਡੋਲਦੇ ਤੇ ਵਿਕਸਤ ਕਰਦੇ ਹਨ।

ਵਾਰਸ-ਸ਼ਾਹ ਦੀ ਹੀਰ ਵਿਚਲੇ ਅਨੁਭਵ ਦੀਆਂ ਅਨੇਕ ਪਰਤਾਂ ਕਿਵੇਂ ਖੁੱਲ੍ਹੀਆਂ

ਸਨ। ਇਹਨਾਂ ਗੁਣਾਂ ਦੀ ਪ੍ਰਾਪਤੀ ਲਈ ਸਾਧਨਾਂ ਤੇ ਰਿਆਜ਼ ਕਰਨਾ ਪੈਂਦਾ ਹੈ। ਸੁੱਚੇ ਸੱਚ ਦੀ ਪ੍ਰਾਪਤੀ ਕਦੇ ਵੀ ਸਹਿਲ ਕਾਰਜ ਨਹੀਂ ਹੁੰਦਾ।

ਸੁਲਤਾਨ ਬਾਹੂ ਹਾਲੀ ਵੀ ਕਿਉਂ ਸਾਨੂੰ ਹਿਲਾ ਕੇ ਰੱਖ ਦਿੰਦਾ ਹੈ। ਬੁੱਲੇ-ਸ਼ਾਹ ਦੀ ਬੇਬਾਕ-ਬਿਆਨੀ ਸਾਨੂੰ ਚੰਗੀ ਕਿਉਂ ਲੱਗਦੀ ਹੈ। ਉਹ ਇਸਲਾਮੀ ਸੰਸਥਾਵਾਂ ਧਾਰਮਕ ਪਾਖੰਡਾਂ ਤੇ ਕਰਮ-ਕਾਂਡਾਂ ਨੂੰ ਨਿਰਭੈ ਹੋ ਕੇ ਰੱਦ ਕਿਉਂ ਤੇ ਕਿਵੇਂ ਕਰਦਾ ਹੈ? ਸ਼ਾਹ ਮੁਹੰਮਦ ਦੀ ਮੁਹਾਵਰੇ ਦੀ ਸਾਦਗੀ ਤੇ ਜੜਤ ਸਾਨੂੰ ਅੱਜ ਵੀ ਕਿਉਂ ਚੰਗੀ ਲੱਗਦੀ ਹੈ। ਮੁਸਲਮਾਨ ਹੋ ਕੇ ਵੀ ਉਹ ਪੰਜਾਬੀਆਂ ਦੇ ਖੁੱਸੇ ਰਾਜ ਨੂੰ ਆਪਣਾ ਰਾਜ ਕਿਵੇਂ ਸਮਝਦਾ ਹੈ?

ਅਜੋਕੇ ਸਮੇਂ ਵਿਚ ਬਾਵਜੂਦ ਅਤਿ ਉੱਨਤ ਸੰਚਾਰ ਸਾਧਨਾਂ ਦੇ, ਕੀ ਕਾਰਨ ਹੈ ਕਿ ਪ੍ਰੋ. ਮੋਹਨ ਸਿੰਘ, ਪ੍ਰੋ. ਪੂਰਨ ਸਿੰਘ ਤੇ ਧਨੀ ਰਾਮ ਚਾਤ੍ਰਿਕ ਹਾਲੀ ਵੀ ਸਾਡੇ ਸਭ ਤੋਂ ਵੱਧ ਹਰਮਨ ਪਿਆਰੇ ਕਵੀ ਹਨ। ਬਾਵਾ ਬਲਵੰਤ ਫਲਸਫੇ ਦਾ ਕਵੀ ਹੈ, ਪਰ ਜਦੋਂ ਪਿਆਰ ਦੀ ਗੱਲ ਕਰਦਾ ਹੈ ਤਾਂ ਦੇਰ ਤੀਕਰ ਮਨ ਵਿਚ ਲਰਜ਼ਦਾ, ਥਿਰਕਦਾ ਰਹਿੰਦਾ ਹੈ।

ਰੋਜ਼ ਉਸ ਦਾ ਹਾਰ ਟੁੱਟ ਜਾਇਆ ਕਰੇ,
ਮੁਸਕਰਾਉਂਦੀ ਆ ਕੇ ਬਣਵਾਇਆ ਕਰੇ।
ਮੇਰੇ ਪੁੱਛਣ ਤੇ ਕਿ "ਟੁੱਟਾ ਕਿਸ ਤਰ੍ਹਾਂ?"
ਪਾ ਕੇ ਵਲ ਗਰਦਨ ਨੂੰ ਸ਼ਰਮਾਇਆ ਕਰੇ।

(ਸੁਗੰਧ ਸਮੀਰ)

ਆਓ ਹੁਣ ਨਵੀਂ ਕਵਿਤਾ ਦੀ ਗੱਲ ਤੋਰੀਏ। ਪ੍ਰਸ਼ਨ ਤਾਂ ਕਈ ਹਨ। ਪ੍ਰਸ਼ਨ-ਦਰ ਪ੍ਰਸ਼ਨ? ਪਰ ਉੱਤਰ? ਇਹ ਤਾਂ ਸ਼ਾਇਦ ਸਾਡੇ ਕੋਲ ਵੀ ਨਹੀਂ ਹਨ। ਚਲੋ ਪ੍ਰਸ਼ਨ ਕਰੀਏ ਤਾਂ ਸਹੀ। ਪ੍ਰਸ਼ਨ ਉੱਠਣਗੇ ਤਾਂ ਉੱਤਰ ਵੀ ਲੱਭੇ ਜਾਣਗੇ। ਇਕੱਲੇ ਨਾ ਸਹੀ ਤਾਂ ਰਲਕੇ ਇਹਨਾਂ ਦੇ ਉੱਤਰ ਲੱਭ ਲਵਾਂਗੇ। ਤੁਰੰਤ ਨਾ ਸਹੀ। ਠਹਿਰ ਕੇ, ਰਤਾ ਦੇਰ ਨਾਲ ਲੱਭ ਲਵਾਂਗੇ।

ਦੋਸਤ ਅਕਸਰ ਇਕ ਪ੍ਰਸ਼ਨ ਕਰਦੇ ਹਨ। ਕਰਦੇ ਵੀ ਹਨ ਤੇ ਚੁੱਪ ਵੀ ਵੱਟ ਜਾਂਦੇ ਹਨ। ਸੁਆਦ ਤਾਂ ਹੈ ਜੇ ਪ੍ਰਸ਼ਨ ਖੁਲ੍ਹ ਕੇ ਕਰਨ। ਅਸਲ ਵਿਚ ਉਹ ਚੁੱਪ ਤਾਂ ਕਰ ਜਾਂਦੇ ਹਨ, ਕਿਉਂਕਿ ਉਹਨਾਂ ਨੂੰ ਕੁਝ ਮਿਲਣ ਦੀ, ਊਠ ਦਾ ਬੁੱਲ੍ਹ ਡਿੱਗਣ ਦੀ, ਉਡੀਕ ਰਹਿੰਦੀ ਹੈ। ਨਹੀਂ ਤਾਂ ਉਹ ਚੁੱਪ ਕਿਉਂ ਕਰਨ!'

ਪ੍ਰਸ਼ਨ ਹੈ ਕਿ ਪ੍ਰੋ. ਵਿਸ਼ਵਾ ਨਾਥ ਤਿਵਾੜੀ, ਸੁਖਪਾਲਵੀਰ ਸਿੰਘ ਹਸਰਤ, ਮਨਜੀਤ ਟਿਵਾਣਾ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਕਿਵੇਂ ਤੇ ਕਿਉਂ ਮਿਲਿਆ? ਕੀ ਇਹ ਤਿੰਨੇ ਕਵੀ, ਦੇਵਿੰਦਰ ਸਤਿਆਰਥੀ, (ਸਹਿਰਾਈ ਤੇ ਧੀਰ ਨੂੰ ਹਾਲੀ ਛੱਡ ਲਈਏ) ਡਾ. ਜਗਤਾਰ ਤੇ ਅਜਾਇਬ ਚਿਤਰਕਾਰ ਨਾਲੋਂ ਵਧੀਆ ਕਵਿਤਾ ਲਿਖਦੇ ਸਨ? ਆਖਿਰ ਕਾਰਨ ਕੀ ਹੈ ਕਿ ਜਿਸ ਨੂੰ ਇਨਾਮ ਮਿਲਣਾ ਹੁੰਦਾ ਹੈ, ਅੰਦਰ-ਖ਼ਾਤੇ ਉਸ ਦੇ ਉਪਰਾਲਿਆਂ ਦਾ ਇਕ ਸਾਲ ਪਹਿਲਾਂ ਹੀ ਕਿਉਂ ਪਤਾ ਲੱਗ ਜਾਂਦਾ ਹੈ?



ਖ਼ੈਰ; ਛੱਡੋ ਇਹਨਾਂ ਇਨਾਮਾਂ ਦੀ ਗੱਲ। ਕੀ ਪਿਆ ਹੈ ਇਹਨਾਂ ਗੱਲਾਂ ਵਿਚ? ਇਨਾਮ ਨਾਲ ਕੋਈ ਕਵੀ ਵੱਡਾ ਨਹੀਂ ਬਣ ਜਾਂਦਾ ਤੇ ਜਿਹਨੂੰ, ਚੰਗੇ ਕਵੀ ਨੂੰ, ਹਰ ਵਾਰ ਅਣਡਿੱਠ ਕੀਤਾ ਜਾਂਦਾ ਹੈ, ਉਸ ਦਾ ਵਿਗੜਦਾ ਵੀ ਕੁਝ ਨਹੀਂ। ਮਿੱਟੀ ਧਾਉ ਇਹਨਾਂ ਇਨਾਮਾਂ 'ਤੇ। ਕਿਉਂ ਨਾ ਆਪਾ ਚੰਗੀ ਕਵਿਤਾ ਦੀ ਗੱਲ ਕਰੀਏ।

ਇੱਕ ਪ੍ਰਸ਼ਨ ਇਹ ਵੀ ਹੈ ਕਿ ਇਕ ਪਾਸੇ ਜਦ ਸਭਿਆਚਾਰਕ ਸਮਾਗਮਾਂ ਦਾ ਹੜ੍ਹ ਆਇਆ ਹੋਇਆ ਹੈ ਤੇ ਦੂਜੇ ਪਾਸੇ ਆਧੁਨਿਕ ਕਵਿਤਾ ਦੀ ਪੁਸਤਕ ਨੂੰ ਕੋਈ ਪਾਠਕ ਚਿਮਟੇ ਨਾਲ ਵੀ ਛੂਹਣ ਨੂੰ ਕਿਉਂ ਤਿਆਰ ਨਹੀਂ ਹੁੰਦਾ? ਬਹੁਤੀਆਂ ਪੁਸਤਕਾਂ ਮੁਫ਼ਤ ਕਿਉਂ ਵੰਡੀਆਂ ਜਾ ਰਹੀਆਂ ਹਨ? ਸਾਹਿਤਕ ਸਮਾਗਮਾਂ ਵਿਚ ਔਸਤ ਹਾਜ਼ਰੀ ਪੰਜਾਹ ਹੀ ਕਿਉਂ ਹੁੰਦੀ ਹੈ? ਕਵੀ ਦਰਬਾਰ ਵੇਲੇ ਸਿਰਫ਼ ਕਵੀ ਇਕ-ਦੂਸਰੇ ਨੂੰ ਸੁਣਨ ਲਈ ਨਹੀਂ ਬੈਠੇ ਹੁੰਦੇ, ਸਗੋਂ ਉਹ ਤਾਂ ਬੈਠਦੇ ਹਨ ਕਿ ਉਹਨਾਂ ਵੀ ਕਵਿਤਾ ਪੜ੍ਹਨੀ ਹੁੰਦੀ ਹੈ। ਹਰ ਕਵੀ ਕਵਿਤਾ ਸੁਣਾ ਕੇ ਉੱਠ ਕੇ ਭੱਜਣ ਦੀ ਕਿਉਂ ਕਰਦਾ ਹੈ? ਸਰੋਤਾ ਜਾਂ ਪਾਠਕ ਐਤਵਾਰ ਨੂੰ ਘਰ ਬੈਠਾ ਟੀ.ਵੀ. ਵੇਖ ਰਿਹਾ ਹੁੰਦਾ ਹੈ ਤੇ ਜਾਂ ਫਿਰ ਅਖ਼ਬਾਰ ਪੜ੍ਹਨੀ ਪਸੰਦ ਕਰਦਾ ਹੈ। ਆਖਿਰ ਕਿਉਂ?

ਮੈਨੂੰ ਅਜਿਹੀ ਹਾਲਤ ਵੇਖ ਕੇ ਅਕਸਰ ਜਾਰਜ ਥਾਂਪਸਨ (ਮਾਰਕਸਵਾਦ ਤੇ ਕਵਿਤਾ) ਦੀ ਇਕ ਟੂਕ ਯਾਦ ਆਉਣ ਲੱਗਦੀ ਤੇ। ਉਹ ਆਖਦਾ ਹੈ;

"ਪਰ ਸ਼ੁਰੂ ਤੋਂ ਕਵਿਤਾ ਉਤਪਤੀ ਤੋਂ, ਇਕ ਸਾਂਝਾ ਲੋਕ-ਕਾਰਜ ਹੈ, ਜਿਸ ਵਿਚ ਲੋਕੀਂ ਤੇ ਕਵੀ ਗੁਫ਼ਤਗੂ ਕਰਦੇ ਹਨ! ਸਾਡੀ ਕਵਿਤਾ ਏਸ ਹੱਦ ਤੀਕ ਵਿਅਕਤੀਵਾਦੀ ਬਣਾ ਦਿੱਤੀ ਗਈ ਹੈ ਕਿ ਇਸ ਦਾ ਜੀਵਨ ਦੇ ਸੋਮੇ ਨਾਲੋਂ ਰਿਸ਼ਤਾ ਟੁੱਟ ਗਿਆ ਹੈ। ਇਹ ਜੜ੍ਹ ਤੋਂ ਸੁੱਕ ਗਈ ਹੈ।"

ਕੀ ਸਾਡੀ ਪੰਜਾਬੀ ਕਵਿਤਾ ਨਾਲ ਵੀ ਕਿਤੇ ਇਹੀ ਦੁਖਾਂਤ ਤੇ ਨਹੀਂ ਵਾਪਰ ਰਿਹਾ ਜਾਂ ਵਾਪਰਨ ਵਾਲਾ? ਕਵੀ-ਦਰਬਾਰਾਂ ਦੀ ਪਿਛਲੇ 70 ਸਾਲਾਂ ਦੀ ਅਮੀਰ ਤੇ ਲੰਮੇਰੀ ਪਰੰਪਰਾ ਖ਼ਤਮ ਹੋ ਗਈ ਲੱਗਦੀ ਹੈ। ਹੁਣ ਤਾਂ ਸਾਡੇ ਕਵੀਆਂ ਨੂੰ ਸਿਰਫ਼ ਟੀ. ਵੀ. 'ਤੇ ਹੀ ਵੇਖੀਦਾ ਹੈ। ਖ਼ੈਰ ਉੱਥੇ ਵੀ ਕਈ ਅਜੇਹੇ ਕਵੀ ਜਾ ਅੱਪੜਦੇ ਹਨ, ਜਿਹੜੇ ਉਂਝ ਸਾਹਿਤਕ ਖੇਤਰ ਵਿਚ ਕਿਤੇ ਰੜਕੇ ਹੀ ਨਹੀਂ ਹੁੰਦੇ। ਮਘੋਰੇ ਜਾਂ ਚੋਰ-ਦਰਵਾਜ਼ੇ ਹਰ ਥਾਂ ਲੱਭ ਜਾਂ ਕੱਢ ਲਏ ਜਾਂਦੇ ਹਨ। ਮੋਹ-ਮਾਇਆ ਦੇ ਯੁਗ ਵਿਚ ਹਰ ਸੰਸਥਾ ਵਿਚ ਭ੍ਰਿਸ਼ਟਾਚਾਰ ਦਾ ਬੋਲ-ਬਾਲਾ ਹੋ ਚੁੱਕਾ ਹੈ ਤੇ ਜਾਂ ਆਪਣੇ ਟੱਬਰ ਪਾਲਣ ਦੀ ਰੁਚੀ।

ਯਾਦ ਆਉਂਦਾ ਹੈ ਕਿ ਇੱਕ ਵਾਰ, ਟੀ.ਵੀ. ਦੇ ਮਾੜੇ ਪੰਜਾਬੀ ਪ੍ਰੋਗਰਾਮਾਂ ਵਿਰੁੱਧ ਧਰਨੇ ਦਾ ਐਲਾਨ ਹੋਇਆ ਤਾਂ ਟੀ.ਵੀ. 'ਤੇ ਕੰਮ ਕਰਦਾ ਇਕ ਕਵੀ-ਅਧਿਕਾਰੀ ਮੈਨੂੰ ਪੁੱਛਣ ਲੱਗਾ; "ਤੁਸੀਂ ਧਰਨੇ 'ਤੇ ਆਉਣ ਦਾ ਕਿਉਂ ਐਲਾਨ ਕੀਤਾ? ਤੁਹਾਨੂੰ ਕੀ ਸ਼ਿਕਾਇਤ ਹੈ? ਤੁਹਾਡੇ ਉੱਤੇ ਇਕ ਫਿਲਮ ਬਣਾ ਦਿੰਦੇ ਹਾਂ। ਤੁਹਾਡੀ ਸੱਜਰੀ ਛਪੀ ਪੁਸਤਕ ਤੇ ਬਹਿਸ ਰਖਵਾ ਦਿੰਦੇ ਹਾਂ? ਤੁਸੀਂ ਭਾਅ ਜੀ, ਧਰਨੇ 'ਤੇ ਨਾ ਆਇਓ।"

ਮੈਂ ਆਖਿਆ "ਪ੍ਰੈਸ-ਬਿਆਨ ਦੇ ਕੇ ਧਰਨੇ 'ਤੇ ਨਾ ਪਹੁੰਚਾਂ? ਇਹ ਨਹੀਂ ਹੋ

ਸਕਦਾ।'' ਨਤੀਜਾ? ਉਸ ਨੇ ਮੈਨੂੰ ਆਪਣੇ ਕਾਰਜ-ਕਾਲ ਸਮੇਂ ਬਲੈਕ-ਲਿਸਟ ਕਰੀ ਰੱਖਿਆ। ਸੋ ਇੰਝ ਕਰਦੇ ਨੇ ਟੀ.ਵੀ. ਦੇ ਕਵੀ-ਅਧਿਕਾਰੀ ਧਿਆਰਿਓ!

ਪ੍ਰਸ਼ਨ ਉੱਠਦਾ ਹੈ ਕਿ ਅਜੋਕੇ ਸਮੇਂ ਵਿਚ ਕਵਿਤਾ ਦਾ ਅਜੇਹਾ ਕਿਹੜਾ ਰੂਪ ਹੋਵੇ, ਜਿਹੜਾ ਸਰੋਤੇ ਜਾਂ ਪਾਠਕ ਤੇ ਕਵਿਤਾ ਦੇ ਟੁੱਟੇ ਰਿਸ਼ਤੇ ਨੂੰ ਜੋੜ ਸਕੇ। ਪ੍ਰਸ਼ਨ ਬੜਾ ਵਾਜਬ ਹੈ ਪਰ ਮੁਸ਼ਕਿਲ ਵੀ। ਇਸ ਨੁਕਤੇ 'ਤੇ ਵਿਚਾਰਾਂ ਦੇ ਵਖਰੇਵੇਂ ਤੇ ਟਕਰਾਅ ਦੀ ਸੰਭਾਵਨਾ ਵੀ ਵਧੇਰੇ ਹੈ। ਕੋਈ ਗੱਲ ਨਹੀਂ, ਤੁਸੀਂ ਗੱਲ ਤਾਂ ਤੋਰੋ। ਵਖਰੇਵੇਂ ਵੀ, ਗੱਲ ਤੋਰਿਆਂ ਹੀ ਘਟਦੇ ਹਨ। ਨਾ ਵੀ ਘਟਣ, ਤਾਂ ਕੀ ਹੈ? ਗੱਲ ਤੁਰਦੀ ਰਹਿਣੀ ਚਾਹੀਦੀ ਹੈ।

ਜੇ ਕਵੀ ਦਾ ਅਨੁਭਵ-ਖੇਤਰ ਵਿਸ਼ਾਲ ਹੈ ਤੇ ਡੂੰਘਾ ਵੀ, ਜੇ ਉਸ ਕੋਲ ਅਦੁੱਤੀ ਪ੍ਰਤਿਭਾ ਤੇ ਲਾਮਿਸਾਲ ਕਲਾ-ਕੌਸ਼ਲਤਾ ਹੈ ਤੇ ਸ਼ਿਲਪ ਦੀ ਪਰਪੱਕਤਾ ਵੀ, ਤਾਂ ਉਹ ਜਿਸ ਕਾਵਿ-ਰੂਪ ਤੇ ਹੱਥ ਅਜ਼ਮਾਵੇਗਾ, ਸ਼ਾਹਕਾਰ ਰਚਨਾ ਦੀ ਸਿਰਜਣਾ ਕਰੇਗਾ।

ਜਦੋਂ ਅਸੀਂ ਪਾਬਲੋ ਨੈਰੂਦਾ, ਨਾਜ਼ਿਮ ਹਿਕਮਤ, ਬ੍ਰੈਖ਼ਤ, ਮਾਇਆਕੋਵਸਕਾਈ, ਯੇਸੇਨਿਨ, ਮਹਿਮੂਦ ਦਰਵੇਸ਼, ਜਾਂ ਟੈਗੋਰ ਨੂੰ ਅਨੁਵਾਦਿ-ਰੂਪ ਵਿਚ ਪੜ੍ਹਦੇ ਹਾਂ, ਤਾਂ ਸਭ ਲੈ ਤਾਲ, ਛੰਦ, ਤੇ ਕਾਫੀਏ ਦੀਆਂ ਕਾਰੀਗਰੀਆਂ ਨੂੰ ਪਾਸੇ ਰੱਖ ਕੇ ਕਿਵੇਂ ਅਨੋਖਾ ਕਾਵਿ-ਰਸ ਅਨੁਭਵ ਕਰਦੇ ਹਾਂ। ਗੱਲ ਅਨੁਭਵ ਦੀ ਵਿਲੱਖਣਤਾ, ਅੰਦਾਜ਼ੇ-ਬਿਆਂ, ਬਿੰਬ ਦੀ ਮੌਲਿਕਤਾ ਤੇ ਵਿਚਾਰਾਂ ਦੀ ਸਾਂਝ ਦੀ ਹੈ।

ਪੰਜਾਬੀ ਵਿਚ ਬੜੇ ਘੱਟ ਕਵੀ ਹਨ ਜਿਹੜੇ ਹਰ-ਫ਼ਨ-ਮੌਲਾ ਹਨ। ਪ੍ਰੋ. ਮੋਹਣ ਸਿੰਘ ਹਰ ਕਾਵਿ-ਰੂਪ ਦਾ ਪਰਪੱਕ ਕਲਾਕਾਰ ਸੀ। ਮਗਰਲੀ ਪੀੜੀ 'ਚੋਂ ਸ. ਸ. ਮੀਸ਼ਾ, ਜਗਤਾਰ ਤੇ ਤਾਰਾ ਸਿੰਘ ਆਦਿ ਨਜ਼ਮ, ਗ਼ਜ਼ਲ ਤੇ ਗੀਤ ਦੇ ਇੱਕੋ ਜੇਹੇ ਸਫਲ ਕਲਾਕਾਰ ਹਨ।

ਅਜਾਇਬ ਚਿਤਰਕਾਰ ਗ਼ਜ਼ਲ ਦਾ ਉਸਤਾਦ ਸ਼ਾਇਰ ਹੈ, ਪਰ ਨਜ਼ਮ ਵਿਚ ਉਹ ਗੱਲ ਨਹੀਂ। ਆਜ਼ਾਦ ਨਜ਼ਮ ਵਿਚ ਜਗਤਾਰ, ਤਾਰਾ ਸਿੰਘ, ਮੀਸ਼ਾ ਕਮਾਲ ਦੀ ਉਚਾਈ ਨੂੰ ਛੂੰਹਦੇ ਹਨ। ਅੰਮ੍ਰਿਤਾ ਦੀ ਗੱਲ ਹੁਣ ਬੀਤੇ ਦੀ ਗੱਲ ਹੈ। ਆਧੁਨਿਕ ਬਣਨ ਦੇ ਚੱਕਰ ਵਿਚ ਉਹ ਕਾਵਿ-ਹੁਨਰ ਹੀ ਭੁਲਾ ਬੈਠੀ ਹੈ।

ਅਸਲੋਂ ਨਵੇਂ ਕਵੀ ਗੀਤ ਤੇ ਗ਼ਜ਼ਲ ਨੂੰ ਛੱਡ, ਆਜ਼ਾਦ ਨਜ਼ਮ ਲਿਖਣਾ ਪਸੰਦ ਕਰਦੇ ਹਨ, ਜਿਸ ਵਿਚ ਜਨ-ਜੀਵਨ ਦਾ ਡੂੰਘੇਰਾ ਅਨੁਭਵ ਤਾਂ ਹੁੰਦਾ ਨਹੀਂ, ਨਾਲ ਹੀ ਕਵਿਤਾ ਤੇ ਵਾਰਤਿਕ ਦਾ ਅੰਤਰ ਵੀ ਅਲੋਪ ਹੋ ਜਾਂਦਾ ਹੈ।

ਪਾਸ਼ ਆਜ਼ਾਦ ਨਜ਼ਮ ਦਾ ਸ਼ਾਇਰ ਸੀ, ਪਰ ਉਸ ਦੇ ਅੰਦਾਜ਼ ਦੀ ਵਿਲੱਖਣਤਾ, ਜਨ-ਵਾਦੀ ਵਿਸ਼ਵਾਸ਼, ਤੇ ਬਿੰਬ ਦੀ ਮੌਲਿਕਤਾ ਤੇ ਉਚੇਰੀ ਕਾਲਪਨਿਕ ਸਮੱਰਥਾ ਨੇ ਅਜੇਹੇ ਕਾਵਿ-ਪ੍ਰਮਾਣ ਦਿੱਤੇ ਹਨ ਕਿ ਮਿਸਾਲ ਮਿਲਣੀ ਮੁਸ਼ਕਿਲ ਹੈ। 'ਯੁੱਧ ਤੇ ਸ਼ਾਂਤੀ'



ਉਸ ਦੀ ਸਰਬੋਤਮ ਨਜ਼ਮ ਹੈ।

ਯੁੱਧ ਇਸ਼ਕ ਦੀ ਸਿਖਰ ਦਾ ਨਾਂ ਹੈ
ਯੁੱਧ ਲਹੂ ਦੇ ਲਾਡ ਦਾ ਨਾਂ ਹੈ
ਯੁੱਧ ਜੀਣ ਦੇ ਨਿੱਘ ਦਾ ਨਾਂ ਹੈ
ਯੁੱਧ ਕੋਮਲ ਹਸਰਤਾਂ ਦੀ ਮਾਲਕੀ ਦਾ ਨਾਂ ਹੈ
ਯੁੱਧ ਅਮਨ ਦੇ ਸ਼ੁਰੂ ਦਾ ਨਾਂ ਹੈ
ਯੁੱਧ ਵਿਚ ਰੋਟੀ ਦੇ ਹੁਸਨ ਨੂੰ
ਨਿਹਾਰਨ ਜਹੀ ਸੂਖਮਤਾ ਹੈ
ਯੁੱਧ ਵਿਚ ਸ਼ਰਾਬ ਨੂੰ ਸੁੰਘਣ ਜਿਹਾ ਅਹਿਸਾਸ ਹੈ

ਗ਼ਜ਼ਲ ਬਾਰੇ ਚਰਚਾ ਚੱਲਦੀ ਰਹਿੰਦੀ ਹੈ। 'ਉਸਤਾਦ ਸ਼ਾਇਰਾਂ'' ਨੂੰ ਗਿਲਾ ਵੀ ਹੈ ਤੇ ਤੌਖਲਾ ਵੀ ਕਿ ਨਵੇਂ ਮੁੰਡੇ ਨਾ ਹੁੱਕੇ 'ਤੇ ਧਰਨ ਲਈ ਅੱਗ ਲਿਆਉਂਦੇ ਹਨ ਤੇ, ਨਾ ਸਿਰ ਢੱਕਣ ਲਈ ਸਿਰੋਪੇ। ਬੱਸ ਦੇਸੀ ਦਾਰੂ ਪਿਆ ਕੇ ਉੱਲੂ ਸਿੱਧਾ ਕਰ, ਤਿੱਤਰ ਹੋ ਜਾਂਦੇ ਹਨ।

ਗ਼ਜ਼ਲ ਦੀ ਪੁਰਾਣੀ ਪਰੰਪਰਾ ਅਨੁਸਾਰ ਹਰ ਸ਼ਿਅਰ ਦੇ ਅਰਥ ਵੱਖੋ-ਵੱਖਰੇ ਤੇ ਇੱਕ ਦੂਜੇ ਤੋਂ ਉਲਟ ਹੁੰਦੇ ਜਾਂ ਹੋ ਸਕਦੇ ਹਨ। ਪਰ ਇਸ ਨਾਲ ਆਪਾ-ਵਿਰੋਧੀ ਖਿਆਲ ਦੀ ਪੇਸ਼ਕਾਰੀ ਕਿਸੇ ਬੱਝਵੀਂ ਤੇ ਸਿਲਸਿਲੇਵਾਰ ਪ੍ਰਭਾਵ ਨੂੰ ਸਿਰਜਣ ਵਿਚ ਰੁਕਾਵਟ ਬਣਦੀ ਹੈ। ਉਰਦੂ ਵਾਲੇ ਤਾਂ ਗ਼ਜ਼ਲੇ'ਮਸੱਲਸਲ ਨੂੰ ਗ਼ਜ਼ਲ ਹੀ ਨਹੀਂ ਮੰਨਦੇ। ਪਰ ਕਿਉਂ? ਗ਼ਜ਼ਲ ਦੀ ਬਣਤਰ ਪਰ ਖ਼ਿਆਲ ਨਜ਼ਮ ਵਾਂਗ ਉਸਰਦਾ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ, ਪਰ ਨਹੀਂ, ਉਸਤਾਦ ਔਖੇ ਹੋ ਜਾਂਦੇ ਹਨ ਤੇ ਹਾਲ ਪਾਰ੍ਹਿਆ ਕਰ ਉੱਠਦੇ ਹਨ ਕਿ ਵੇਖੋ ਜੀ, ਇਹਨਾਂ ਨਵੇਂ ਛੋਕਰਿਆਂ ਨੂੰ ਸ਼ਿਅਰ ਕਹਿਣਾ ਵੀ ਨਹੀਂ ਆਉਂਦਾ।

ਆਖਿਰ ਬਲਵਿੰਦਰ ਰਿਸ਼ੀ, ਬੀਬਾ ਬਲਵੰਤ, ਬੂਟਾ ਸਿੰਘ ਚੌਹਾਨ ਤੇ ਵਿਜੈ ਵਿਵੇਕ ਡਾ. ਰਵਿੰਦਰ ਵਰਗੇ ਅਸਲੋਂ ਹੀ ਨਵੀਂ ਪੀੜ੍ਹੀ ਦੇ ਸ਼ਾਇਰਾਂ ਨੇ, ਜਿਹੜੇ ਉਰਦੂ ਫਾਰਸੀ ਨਹੀਂ ਪੜ੍ਹੇ, ਗ਼ਜ਼ਲ ਕਹਿਣੀ ਕਿੱਥੋਂ ਸਿੱਖੀ ਹੈ?

ਕੈਸਿਟ-ਸਭਿਆਚਾਰ ਨੇ ਪੰਜਾਬੀ ਕਵੀਆਂ ਨੂੰ ਨਰੋਏ ਗੀਤ ਲਿਖਣ ਲਈ ਪ੍ਰੇਰਿਆ ਤਾਂ ਹੈ, ਪਰ ਗਾਉਣ ਵਾਲਿਆਂ ਨੂੰ ਇਹ ਗੀਤ ਪਸੰਦ ਨਹੀਂ। ਉਹਨਾਂ ਨੂੰ ਗਰਮ-ਮਸਾਲਾ ਚਾਹੀਦਾ ਹੈ, ਚੱਟਪਟਾ ਤੇ ਤੇਜ਼। ਤੇ ਖੱਬੀ ਪੱਖੀ ਜਨਵਾਦੀ, ਧਰਮ ਨਿਰਪੱਖ ਲਹਿਰ ਕੋਲ ਸੰਗੀਤ ਦੇ ਮਾਹਰ ਗਵੱਈਏ ਨਹੀਂ ਹਨ। ਹਰ ਗੱਲ ਦੀ ਇੰਤਹਾ ਹੁੰਦੀ ਹੈ। ਮੱਛੀ ਇੱਕ ਵਾਰ ਪੱਥਰ ਚੱਟ ਕੇ ਹੀ ਪਿਛਾਂਹ ਮੁੜਦੀ ਹੈ, ਤੇ ਉਪਰਾਲੇ ਕਰੀ ਜਾਣੇ ਫਰਜ਼ ਦੀ ਪੂਰਤੀ ਵੀ ਹੈ ਤੇ ਚੰਗੇ ਦਿਨਾਂ ਦੀ ਆਸ ਵਿਚ ਭਰੋਸਾ ਵੀ।

ਜਦੋਂ ਨਰੋਈਆਂ ਕਦਰਾਂ-ਕੀਮਤਾਂ ਵਾਲੀਆਂ ਜਨਵਾਦੀ ਲਹਿਰਾਂ ਕਮਜ਼ੋਰ ਹੋਣ ਤਾਂ ਪ੍ਰਗਤੀਸ਼ੀਲ ਸ਼ਾਇਰਾਂ ਦਾ ਕਾਰਜ ਕੁਝ ਔਖੇਰਾ ਤਾਂ ਹੁੰਦਾ ਹੀ ਹੈ, ਪਰ ਸਮਾਜ ਵਿਚ, ਕਦੇ ਅਪ੍ਰਤੱਖ ਤੇ ਕਦੇ ਪਰਤੱਖ ਸੰਘਰਸ਼ ਤਾਂ ਚੱਲਦਾ ਹੀ ਰਹਿੰਦਾ ਹੈ। ਤੇ ਫੈਸ਼ਨ-ਪ੍ਰਸਤ ਕਵੀਆਂ ਨੂੰ ਕਈ ਵਾਰ ਇਹ ਨਜ਼ਰ ਵੀ ਨਹੀਂ ਆਉਂਦਾ।

ਸਰਲਤਾ ਤੇ ਸਪੱਸ਼ਟਤਾ ਕਵਿਤਾ ਦੇ ਔਗੁਣ ਨਹੀਂ ਹਨ। ਨੇਰੂਦਾ ਆਖਦਾ ਹੈ, "ਸਰਲ ਲਿਖਣਾ ਮੇਰੇ ਲਈ ਹਮੇਸ਼ਾ ਹੀ ਸਭ ਤੋਂ ਔਖਾ ਕਾਰਜ ਰਿਹਾ ਹੈ।" ਸਰਲਤਾ ਤੇ ਸਪੱਸ਼ਟਤਾ ਹੀ ਸਾਨੂੰ ਜਨ-ਸਾਧਾਰਨ ਨਾਲ ਜੋੜਨ ਵਿਚ ਸਹਾਈ ਹੋਵੇਗੀ। ਹਰਿਨਾਮ, ਪਾਠਕ ਤਾਂ ਕੀ, ਕਿਸੇ ਪੰਜਾਬੀ ਕਵੀ ਨੂੰ ਵੀ ਸਮਝ ਨਹੀਂ ਸੀ ਆਉਂਦਾ। ਤੇ ਫਿਰ ਲਿਖਣ ਦਾ ਲਾਭ ਕੀ ?

ਨਵੇਂ ਉੱਠਦੇ ਕਵੀ, ਕਵਿਤਾ ਦੇ ਖੇਤਰ ਵਿਚ ਆਪਣੇ ਪੈਰ ਜਮਾਉਣ ਤੋਂ ਪਹਿਲਾਂ ਹੀ, ਰਾਤੋ-ਰਾਤ ਪ੍ਰਸਿੱਧ ਹੋਣ ਦੀ ਲਾਲਸਾ ਅਧੀਨ, ਅਲੋਕਾਰ, ਚੌਂਕਾ ਦੇਣ ਵਾਲੀਆਂ ਗੱਲਾਂ ਕਰਦੇ ਹਨ, ਦੂਸਰੀਆ ਭਾਸ਼ਾਵਾਂ ਵਿਚ ਅਨੁਵਾਦਿ ਰੂਪ ਵਿਚ ਛਪਣ ਲਈ ਇਕ-ਦੂਸਰੇ ਦੀ ਚਾਪਲੂਸੀ ਕਰਦੇ ਹਨ। ਅਨੁਵਾਦਿ ਬਾਅਦ, ਦੇਰ ਪਿੱਛੋਂ ਦੀ ਗੱਲ ਹੈ। ਪਹਿਲਾਂ ਆਪਣੀ ਭਾਸ਼ਾ ਵਿਚ ਆਪਣਾ ਲੋਹਾ ਮੰਨਵਾ ਲਿਆ ਜਾਵੇ। ਨਹੀਂ ਤਾਂ ਕੱਚ ਘਰੜ ਕਵਿਤਾ ਦੂਸਰੀ ਭਾਸ਼ਾ ਵਿਚ ਅਨੁਵਾਦਿ ਹੋ ਕੇ ਛਪੀ, ਪੰਜਾਬੀ ਕਵਿਤਾ ਨੂੰ ਹੀ ਬਦਨਾਮ ਕਰੇਗੀ।

ਤੇ ਆਖਰੀ ਗੱਲ ! ਹਰ ਸਾਹਿਤ; ਹਰ ਕਲਾ (ਤੇ ਕਵਿਤਾ ਵੀ) ਪਾਠਕ, ਸਰੋਤੇ, ਦਰਸ਼ਕ ਅਥਵਾ ਲੋਕਾਂ ਲਈ ਹੁੰਦੀ ਹੈ। ਲੋਕ ਹੀ ਕਲਾਕਾਰ ਨੂੰ, ਕਵੀ ਨੂੰ ਸਿਰ 'ਤੇ ਚੁੱਕਦੇ ਹਨ, ਪਲਕਾਂ 'ਤੇ ਬਿਠਾਉਂਦੇ ਹਨ। ਜਨ-ਸਮੂਹ ਹੀ ਇਤਿਹਾਸ ਦੇ, ਕਲਾ ਦੇ ਸਿਰਜਣਹਾਰੇ ਹੁੰਦੇ ਹਨ। ਇਹਨਾਂ ਲੋਕਾਂ ਦੇ ਦੁੱਖ-ਦਰਦ, ਖੁਸ਼ੀਆਂ, ਸੁਪਨੇ, ਤਾਂਘਾਂ, ਨਿਰਾਸ਼ਤਾਵਾਂ, ਜਿੱਤਾਂ ਤੇ ਹਾਰਾਂ, ਨਿਮੋਸ਼ੀਆਂ ਤੇ ਚੜ੍ਹਤਾਂ ਸਾਡੀ ਕਲਾ ਦੀ, ਕਵਿਤਾ ਦੀ ਕੱਚੀ ਸਮੱਗਰੀ ਹੈ, ਤੇ ਪ੍ਰੇਰਨਾ ਦਾ ਸੋਮਾ ਵੀ।

ਇਹਨਾਂ ਆਮ ਲੋਕਾਂ ਨੂੰ ਕਦੇ ਨਾ ਭੁੱਲੀਏ।

ਰੂਸੀ ਚਿੰਤਕ ਬੈਲਿੰਸਕੀ ਕਹਿੰਦਾ ਹੈ;

"ਲੋਕ ਕਵੀ ਦੀ ਮਹੱਤਤਾ ਇਸ ਗੱਲ 'ਤੇ ਨਿਰਭਰ ਹੈ ਕਿ ਕਿੰਨੀ ਭਰਪੂਰਤਾ ਨਾਲ ਉਸ ਦੀ ਸ਼ਖ਼ਸ਼ੀਅਤ ਆਪਣੀ ਕੌਮ ਦੀ ਆਤਮਾ ਨੂੰ ਪ੍ਰਤੀਬਿੰਬਤ ਕਰਦੀ ਹੈ।"

ਅਤੇ

"ਕਵਿਤਾ ਤਾਂ ਹੀ ਸੱਚੀ ਕਵਿਤਾ ਹੈ ਜੇ ਉਹ ਲੋਕਾਂ ਨਾਲ ਆਪਣੀ ਨੇੜਤਾ ਪ੍ਰਗਟਾਉਂਦੀ ਹੈ।"

ਐਪਰ ਆਪਣਾ ਵੱਖਰਾ ਰੰਗ, ਵੱਖਰਾ ਬਿੰਬ ਉਸਾਰਨਾ ਕੋਈ ਸੌਖਾ ਕਾਰਜ ਨਹੀਂ ਹੁੰਦਾ। ਇਸ ਲਈ ਵਕਤ ਲੱਗਦਾ ਹੈ। ਕੋਈ ਵੀ ਸਾਹਿਤਕ-ਪ੍ਰਾਪਤੀ ਰਾਤੋ-ਰਾਤ ਨਹੀਂ ਮਿਲ ਜਾਂਦੀ। ਧੀਰਜ ਨਾਲ, ਕਠਿਨ ਅਭਿਆਸ ਨਾਲ, ਸਿਰੜ ਨਾਲ ਤੇ ਲੋਕਾਂ ਨਾਲ ਆਪਣੀ ਨੇੜਤਾ ਵਧਾਈ ਜਾਣ ਨਾਲ ਹੀ ਵੱਡੀਆਂ ਪ੍ਰਾਪਤੀਆਂ ਹੋ ਸਕਦੀਆਂ ਹਨ।

ਲੋਰਕਾ ਲਿਖਦਾ ਹੈ;

"ਉਹ ਕਵਿਤਾ ਅਜੇ ਲਿਖੀ ਜਾਣੀ ਹੈ, ਜਿਹੜੀ ਦਿਲ ਨੂੰ ਕਟਾਰ ਵਾਂਗ ਚੀਰ ਕੇ

(ਬਾਕੀ ਸਫ਼ਾ 50 ਤੇ)





## ਅਸੀਂ ਹਾਰੇ ਹੋਏ ਸ਼ਖ਼ਸ਼ ਨਹੀਂ ਹਾਂ/ਦਰਸ਼ਨ ਬੁਲੰਦਵੀ

ਅਸੀਂ ਹਾਰੇ ਹੋਏ ਸ਼ਖ਼ਸ਼ ਨਹੀਂ ਹਾਂ
ਹਾਰ ਜਿੱਤ ਤਾਂ
ਸਾਡੀ ਇਕੋ ਅੱਖ ਦੇ ਦੋ ਹੰਝੂ ਹਨ
ਕਿਸੇ ਵਕਤ ਵੀ
ਸਾਡੀ ਹਾਰ ਦੇ ਹੰਝੂਆਂ ਵਿਚ
ਜਿੱਤ ਦੇ ਅਕੂੰ ਸੁਲਗ ਸਕਦੇ ਹਨ
ਸਾਡੀ ਜਿੱਤ ਦੇ ਹੰਝੂਆਂ ਵਿਚ
ਹਾਰ ਦੇ ਬੀਜ ਪੁੰਗਰ ਸਕਦੇ ਹਨ
ਜੇ ਅਸੀਂ ਜਿੱਤੇ ਹੋਏ ਨਹੀਂ
ਹਾਰੇ ਹੋਏ ਸ਼ਖ਼ਸ਼ ਵੀ ਨਹੀਂ ਹਾਂ।
ਜੰਡ ਦੇ ਹੇਠ ਵੱਢੇ ਜਾਣਾ
ਕੋਈ ਹਾਰ ਨਹੀਂ ਹੁੰਦੀ
ਹਾਰ ਤਾਂ ਹੁੰਦੀ ਏ
ਦਾਨਾਬਾਦ ਨੂੰ ਜਾਣ ਦੇ ਪਲ ਨੂੰ ਟਾਲ ਦੇਣਾ
ਮੂਹਰੇ ਤਿਆਰ ਖੜੀ ਬੱਕੀ ਨੂੰ ਘੂਰ ਦੇਣਾ
ਹਾਰ ਹੁੰਦੀ ਏ।
ਆਪਣੇ ਮੀਲ ਪੱਥਰਾਂ ਨੂੰ ਸਰ ਕਰਦਿਆਂ
ਆਪਣੀ ਮੰਜ਼ਿਲ ਦੇ ਫੁੱਲ ਨੂੰ
ਆਪਣੇ ਕਾਲਰ ਤੇ ਸਜਾ ਨਾ ਸਕਣਾ
ਉਹਦੀ ਮਹਿਕ ਵਿਚ
ਆਪਣੇ ਆਪ ਨੂੰ ਭਿਉਂ ਨਾ ਸਕਣਾ
ਕੋਈ ਹਾਰ ਨਹੀਂ ਹੁੰਦੀ,
ਹਾਰ ਤਾਂ ਹੁੰਦੀ ਏ
ਆਪਣੀ ਮੰਜ਼ਿਲ ਦੀ ਤਪਸ਼ ਤੋਂ ਭੱਜ ਕੇ
ਆਪਣੇ ਘਰ ਦੀ ਛਾਂ ਵਲ ਪਰਤ ਜਾਣਾ
ਆਪਣੇ ਸਫ਼ਰ ਦੇ ਵੇਗ ਨੂੰ
ਆਪਣੇ ਪੈਰਾਂ 'ਚ ਫਰੀਜ਼ ਕਰ ਦੇਣਾ
ਹਾਰ ਹੁੰਦੀ ਏ।
ਦੋਜ਼ਖ਼ ਦੀ ਅੱਗ ਚੋਂ
ਸੂਕਦੇ ਦਰਿਆ ਵਾਂਙ ਲੰਘਣਾ, ਤੇ ਸੁੱਕ ਜਾਣਾ

ਮੀਂਹ ਦੇ ਛਰਾਟੇ ਵਾਂਙ ਡਿੱਗਣਾ ਤੇ ਮੁੱਕ ਜਾਣਾ
ਕੋਈ ਹਾਰ ਨਹੀਂ ਹੁੰਦੀ,
ਹਾਰ ਤਾਂ ਹੁੰਦੀ ਏ
ਅੱਗ ਦਾ ਸੇਕ ਸਹਿੰਦਿਆਂ ਹੀ
ਆਪੇ ਆਪਣੇ ਖੋਲ ਅੰਦਰ
ਸਲੱਗ ਵਾਂਙ ਚਿਪਕ ਜਾਣਾ
ਆਪੇ ਆਪਣੇ ਘੁਰਨਿਆਂ 'ਚ
ਖਰਗੋਸ਼ ਵਾਂਙ ਦੁੱਬਕ ਜਾਣਾ
ਹਾਰ ਹੁੰਦੀ ਏ ।
ਅਸੀਂ ਜੋ ਹਾਰ ਜਿੱਤ ਦੇ ਦਰਮਿਆਨ
ਹਲਕਾਏ ਹੋਏ ਹਨੇਰੇ ਦੇ ਖਿਲਾਫ਼ ਲੜੇ ਹਾਂ
ਖੰਡਰ ਹੋਏ ਘਰ ਦੀ ਚੀਖ਼ ਦੇ ਹੱਕ ਵਿਚ ਖੜੇ ਹਾਂ
ਆਪਣੀ ਸਲੀਬ ਆਪਣੇ ਮੋਢੇ ਤੇ ਰੱਖ ਕੇ ਤੁਰੇ ਹਾਂ
ਜ਼ਖ਼ਮੀਂ ਹੋਏ ਸੱਚ ਦੀ ਤਲੀ ਤੇ ਫੁੱਲ ਧਰਦੇ ਆਏ ਹਾਂ
ਹਾਰੇ ਹੋਏ ਸ਼ਖ਼ਸ਼ ਨਹੀਂ ਹਾਂ । (ਫਾਰਦੇਮ, ਯੂ.ਕੇ,)

—o—

## ਸ਼ਬਦਕੋਸ਼/ਵਰਿੰਦਰ ਪਰਿਹਾਰ

ਇਸ ਦੌਰ ਦਾ ਸ਼ਬਦਕੋਸ਼
ਹੁਣ ਮੁਕੰਮਲ ਹੋਣ ਵਾਲਾ ਹੈ
ਇਸ ਦੇ ਆਸਾਰ
ਧੁੱਧ ਦੀ ਚਿਲਕੋਰ ਵਾਂਗ
ਸਾਫ਼ ਨਜ਼ਰੀਂ ਪੈ ਰਹੇ ਹਨ
ਇਸ ਦੇ ਮੁਕੰਮਲ ਹੋਣ ਦਾ ਸਿਹਰਾ
ਸਾਡੇ ਸਾਰੇ ਸਭਿਅਕ ਇਨਸਾਨਾਂ ਦੇ
ਕੁਝ ਸੋਚਵਾਨ, ਨੀਤੀਵਾਨ ਸਿਆਸਤਦਾਨਾਂ ਦੇ
ਤੇ ਨਵੀਂ ਨਸਲ ਦੇ ਬੰਦੂਕਵਾਨਾਂ ਦੇ ਸਿਰਾਂ ਤੇ ਹੈ
ਭਵਿਖ ਦੇ ਅਜਾਇਬ ਘਰਾਂ ਨੂੰ
ਬੜੀ ਬੇਸਬਰੀ ਨਾਲ ਇਸ ਦੀ ਉਡੀਕ ਹੈ
... ... ... ...
ਮੁੱਢ ਤੋਂ ਲੈ ਕੇ ਅੰਤ ਤੀਕ
ਇਕ ਇਕ ਸ਼ਬਦ ਦੇ ਅਸਾਂ ਅਰਥ ਬਦਲ ਦਿੱਤੇ ਨੇ
ਜਿਹਦੀ ਕਿ ਇਸ ਨਵਯੁਗ ਨੂੰ



ਇਸ ਨਵੀਂ ਨਸਲ ਨੂੰ
ਬਹੁਤ ਸਖ਼ਤ ਲੋੜ ਸੀ
ਉਦਾਹਰਣ ਦੇ ਤੌਰ ਤੇ—
ਮਾਤਮ ਸ਼ਬਦ ਦਾ ਅਰਥ ਹੁਣ
ਉਦਾਸੀ, ਚੁੱਪ ਜਾਂ ਰੋਣਾ ਕੁਰਲਾਉਣਾ ਨਹੀਂ
ਸਗੋਂ ਮਾਤਮ ਦਾ ਅਰਥ ਹੁਣ ਖ਼ੁਸ਼ੀ ਹੈ
ਖ਼ੁਸ਼ੀ ਸ਼ਬਦ ਦਾ ਅਰਥ ਹੁਣ
ਇਨਸਾਨੀ ਲਾਸ਼ਾਂ ਦੇ ਚੁਫ਼ੇਰੇ
ਕਾਵਿਆਂ ਦੇ ਭੌਣ ਦਾ ਤਾਂਡਵ ਨਰਿਤ ਹੈ ।

ਮਾਂ-ਬਾਪ
ਭੈਣ-ਭਰਾ
ਨੂੰਹ-ਧੀ
ਪਤੀ-ਪਤਨੀ
ਦੋਸਤ
ਜਾਣ-ਪਛਾਣ—

ਇਨ੍ਹਾਂ ਸਾਰਿਆਂ ਰਿਸ਼ਤਿਆਂ ਦਾ ਅਰਥ
ਅਸਾਂ ਹੁਣ ਮਤੇਚਕਾ ਰੱਖ ਦਿੱਤਾ ਹੈ
ਇਸ ਅਰਥ ਦੇ ਹੋਂਦ ਵਿਚ ਆਉਂਦਿਆਂ ਹੀ
ਸਾਰੇ ਸਮਾਜੀ ਤੇ ਗ਼ੈਰ ਸਮਾਜੀ ਰਿਸ਼ਤਿਆਂ ਦੇ ਤਰਜਮੇ
ਇਕਦਮ ਆਸਾਨ ਹੋ ਗਏ ਨੇ
ਸੱਚ ਤਾਂ ਇਹ ਹੈ
ਕਿ ਇਸ ਨਵੇਂ ਸ਼ਬਦਕੋਸ਼ ਨੇ
ਸਾਡੇ ਜੀਉਣ ਦੇ
ਪੁਰਾਣੇ ਤੇ ਗਲੇ ਸੜੇ ਅਰਥ ਨੂੰ
ਇੰਦਰਧਨੁਸ਼ ਵਰਗਾ
ਸੱਤਰੰਗਾ ਤੇ ਹੁਸੀਨ ਰੂਪ ਦੇ ਦਿੱਤਾ ਹੈ
ਮੌਤ ਹੁਣ ਖ਼ੁਸ਼ੀ ਦੀ ਵਜਾਹ ਬਣ ਗਈ ਹੈ
ਕਿਉਂਜੋ—
ਨਵੀਂ ਨਸਲ ਦੀ ਸਿਰਜਣਾ 'ਚੋਂ
ਇਸ ਕਤਲਗਾਹ 'ਚੋਂ
ਮਰ ਕੇ ਖਿੱਛਾ ਛਡਾਉਣਾ
ਖ਼ੁਸ਼ੀ ਦੇ ਇਜ਼ਹਾਰ ਤੋਂ ਇਲਾਵਾ
ਹੋਰ ਕੀ ਹੋ ਸਕਦਾ ਸੀ

ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ
ਸ਼ਬਦਾਂ ਦੇ ਮਰ ਗਏ ਅਰਥਾਂ ਨੂੰ
ਨਵਾਂ ਜਨਮ ਦੇਣਾ ਹੀ ਸਮਝਦਾਰੀ ਸੀ
ਇਸ ਨਵੇਂ ਸ਼ਬਦਕੋਸ਼ ਦੀ ਰਚਨਾ ਹੀ ਸਮਝਦਾਰੀ ਸੀ।

(ਸਾਊਥੈਂਪਟਨ, ਯੂ.ਕੇ.)

—o—

## ਗ਼ਜ਼ਲ/ਜਸਵਿੰਦਰ ਮਾਨ

ਜਰ ਸਕੋਗੇ ਨਾ ਹਾਦਸੇ ਲੋਗੋ,
ਆਪਣੇ ਆਪੇ ਤੋਂ ਫਾਸਲੇ ਲੋਗੋ।
ਦਿਨ-ਬ-ਦਿਨ ਹੋਰ ਹੋ ਗਏ ਪੀਢੇ,
ਮੇਰੇ ਪੈਰਾਂ 'ਚ ਦਾਇਰੇ ਲੋਗੋ।

ਵਾਂਗ ਪੱਤਣਾਂ ਦੇ ਮੈਂ ਖੜਾ ਹੀ ਰਿਹਾ,
ਲੰਘ ਚਲੇ ਨੇ ਕਾਫਲੇ ਲੋਗੋ।

ਆਪ ਹੀ ਸਾਂ ਮੈਂ ਜੋ ਮੁਜਰਿਮ ਆਪਣਾ,
ਕੌਣ ਕਰਦਾ ਫੇਰ ਫੈਸਲੇ ਲੋਗੋ।

ਨਾ ਹੀ ਮਾਂਝੀ ਨਾ ਹੈ ਪਤਵਾਰ ਕੋਈ,
ਨਾ ਹੀ ਸੀਨੇ 'ਚ ਹੌਂਸਲੇ ਲੋਗੋ।

ਏਹਨਾਂ ਕੰਧਾਂ 'ਚ ਰੋਜ਼ ਰੋਂਦੇ ਨੇ,
ਮੇਰੇ ਮੋਏ ਜੋ ਕਹਿਕਹੇ ਲੋਗੋ। (ਯੂ.ਕੇ.)

—o—

## ਗ਼ਜ਼ਲ/ਸੰਤੋਖ ਧਾਲੀਵਾਲ

ਨਜ਼ਰਾਂ ਦੀ ਨੋਕ ਉੱਤੇ ਦੀਵਾ ਕੋਈ ਬਾਲ ਰੱਖ,
ਰਾਤ ਚਾਨਣੀ ਹੈ ਭਾਵੇਂ, ਆਪਣਾ ਖਿਆਲ ਰੱਖ।
ਜੀਵਨ ਦੇ ਪੈਰੀਂ ਚੁਭਿਆ ਹੈ ਜਿਹੜਾ ਹਾਦਸਾ,
ਸੁੰਨੇ ਦਿਨਾਂ ਦੀ ਖਾਤਰ ਉਹਨੂੰ ਸੰਭਾਲ ਰੱਖ।
ਝੱਖੜ, ਲੂਆਂ, ਰੇਤੇ, ਵੀਰਾਨੀਆਂ ਨੇ ਤਾਂ ਵੀ,
ਦਿਲ ਦੀ ਤਲੀ ਤੇ ਸਾਂਭ ਕੇ ਨਿੱਘਾ ਸਿਆਲ ਰੱਖ।
ਨਾ ਖਹਿਬੜ ਸਦਾ ਬੀਤੇ ਪਲਾਂ ਦੇ ਨਾਲ ਤੂੰ,
ਨਵਾਂ ਦਿਨ ਹੈ, ਮੂਹਰੇ ਕੋਈ ਸੱਜਰਾ ਸਵਾਲ ਰੱਖ।
ਸੱਚ ਹੈ, ਚਮਨ 'ਚ ਲੁੱਟ ਹੁੰਦੀ ਹੈ ਮਹਿਕ ਰੋਜ਼,
ਇਸ ਦੇ ਬਚਾ ਲਈ ਕੋਈ ਪਹਿਰੇ ਬਿਠਾਲ ਰੱਖ। (ਨੌਟਿੰਗਮ, ਯੂ.ਕੇ.)

—o—



ਕਹਾਣੀ

## ਅੰਦਰਲਾ ਬੰਦਾ/ਅਜਮੇਰ ਸਿੱਧੂ

ਹੈਂਅ! ਅੱਜ ਫ਼ੇ' ਗੋਲੀ......? ਅਜੇ ਤਾਂ ਮੈਨੂੰ ਦੋ ਹਫ਼ਤੇ ਪਹਿਲਾਂ ਚੱਲੀ ਗੋਲੀ ਵਾਲੀ ਘਟਨਾ ਨ੍ਹੀਂ ਭੁੱਲਦੀ। ਉਸ ਦਿਨ ਵਿਚਾਰਾ...ਤੇ ਅੱਜ...? ਉਸ ਦਿਨ ਵੀ ਅੱਜ ਵਾਂਗ ਹਾਹਾਕਾਰ ਮੱਚੀ ਸੀ। ਮੈਂ ਕੋਠੇ 'ਤੇ ਚੜ੍ਹਿਆ ਤਾਂ ਸਭ ਲੋਕੀਂ ਭੱਜੇ ਜਾ ਰਹੇ ਸਨ। ਮੈਂ ਵੀ ਮਗਰ ਭੱਜਿਆ।......ਹੈਂਅ ਜਿੰਦਰ ਦਾ ਕਤਲ '...ਗੋਲੀਆਂ? ਲੋਕਾਂ ਦੇ ਸਾਹ ਕਾਹਲੇ ਪਏ ਹੋਏ ਸਨ। ਲਾਸ਼ ਕੋਲ ਖੜੇ ਲੋਕ ਸਰਪੰਚ ਨੂੰ ਉਡੀਕਣ ਲੱਗੇ। ਉਸਨੂੰ ਫੁਰਤੀ ਨਾਲ ਲਿਆਂਦਾ ਗਿਆ ਸੀ। ਉਹ ਲਾਸ਼ ਨੂੰ ਵੇਖ ਕੇ ਘਬਰਾ ਗਿਆ ਸੀ।

"ਜਰਨੈਲ ਸਿਆਂ, ਇਹ ਭਾਣਾ ਕਿਵੇਂ ਵਾਪਰਿਆ?"

"ਸਰਪੰਚ ਸਾਹਿਬ, ਸਲੋਹ ਵਾਲੇ ਪਾਸੇ ਤੋਂ ਗੋਲੀ ਚਲਦੀ ਆਈ ਏ। ਇਹ ਵਿਚਾਰਾ ਲੰਬੜਾਂ ਦੇ ਮੰਜੇ ਠੋਕ ਕੇ ਆ ਰਿਹਾ ਸੀ। ਬੱਸ...ਗੋਲੀ ਛੱਡਦੀ ਕਿਤੇ?"

"ਬਚਾਈਂ ਵਾਹਿਗੁਰੂ।" ਸਰਪੰਚ ਕਲੇਜਾ ਫੜ ਕੇ ਬੈਠ ਗਿਆ। ਬਚਨ ਸਿੰਘ ਸਰਪੰਚ ਦੁਆਲੇ ਹੋ ਗਿਆ।

"ਕਾਕਾ, ਕੁਝ ਸੋਚੋ। ਬਚਾਅ ਕਰਨ ਦੀ ਸੋਚੋ। ਲਹਿਣੇ ਦਾ ਭੰਤਾ ਟਰੱਕ ਲੈ ਕੇ ਆਇਆ ਸੀ। ਉਹ ਦੱਸ ਕੇ ਗਿਆ—ਸ਼ਹਿਰ ਵੀ ਲਗਾਤਾਰ ਗੋਲੀ ਚੱਲੀ ਐ। ਸੱਤ ਬੰਦੇ ਥਾਂਏ ਮਾਰੇ ਗਏ ਨੇ। ਅੰਧਾਧੁੰਦ ਗੋਲੀਆਂ ਦੀ ਵਾਛੜ ਕਰਦੇ ਸਲੋਹ ਵੱਲ ਨੂੰ ਨਿਕਲ ਗਏ। ਉਥੇ ਵੀ ਇੱਕ ਮਾਰ'ਤਾ। ਸਰਪੰਚ ਪਸੀਨੋ-ਪਸੀਨੀ ਹੋ ਗਿਆ ਸੀ।

ਘਟਨਾ ਬਾਰੇ ਲੋਕਾਂ ਦੀਆਂ ਵੱਖ-ਵੱਖ ਰਾਵਾਂ ਸਨ। ਹਰ ਇੱਕ ਦਾ ਆਪਣਾ ਨਜ਼ਰੀਆ ਸੀ। ਇਕ ਤਰ੍ਹਾਂ ਲੋਕਾਂ ਵਿਚ ਸਹਿਮ ਸੀ। ਮੰਗੀ ਨੂੰ ਭਾਈ ਜੀ ਵੱਲ ਭੇਜ ਦਿੱਤਾ ਸੀ। ਲੋਕਾਂ ਵਿਚ ਤਰ੍ਹਾਂ-ਤਰ੍ਹਾਂ ਦੇ ਚਰਚੇ ਸਨ। ਜਾਗੀਰ ਸਿੰਘ ਪੁਲਿਸ ਦੁਆਲੇ ਹੋ ਗਿਆ ਸੀ।

"ਦੇਖੋ ਜੀ, ਜਦੋਂ ਉਲਟੀ ਵਾੜ ਹੀ ਖੇਤ ਨੂੰ ਖਾਈ ਜਾਏ। ਫ਼ੇ' ਕੀ ਹੋ ਸਕਦੈ? ਸਰਕਾਰ ਅੰਨ੍ਹੀ ਹੋ ਗ਼ਈ ਏ। ਕਾਨੂੰਨ ਨੇ ਤਾਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਈ ਏ। ਭੰਤਾ ਦੱਸ ਕੇ ਗਿਆ—ਜਦੋਂ ਸ਼ਹਿਰ ਗੋਲੀ ਚੱਲੀ, ਪੁਲਿਸ ਡਰ ਕੇ ਅੰਦਰੀਂ ਵੜ ਗਈ।" ਸਰਪੰਚ ਅੰਦਰੋਂ ਸਹਿਮਿਆ ਪਿਆ ਸੀ। ਉਹ ਜਾਗੀਰ ਸਿੰਘ ਨੂੰ ਟੁੱਟ ਕੇ ਪੈ ਗਿਆ।

"ਚੁੱਪ ਕਰ, ਜਾਗੀਰ ਸਿਆਂ। ਸਾਨੂੰ ਇਥੇ ਕੁਝ ਸੁਝਦਾ ਨ੍ਹੀਂ ਤੇ ਤੂੰ ਕਾਨੂੰਨ ਨੂੰ ਲਈ ਫਿਰਦੈਂ।...ਓ ਭਾਈ ਦੇਖੋ ਕਿਤੇ, ਭਾਈ ਜੀ ਆ ਰਹੇ ਨੇ ਜਾਂ ਨ੍ਹੀਂ।"

',ਸਰਪੰਚਾ, ਜੋ ਕਰਨੈ ਆਪ ਕਰ ਲੋ। ਤੁਹਾਨੂੰ ਭਾਈ ਦਾ ਪਤਾ ਈ ਐ। ਸੰਤ ਬੰਦਾ ਏ। ਉਹਨਾਂ ਦੁਨੀਆਂਦਾਰੀ ਤੋਂ ਕੀ ਲੈਣੈ? ਕਿਤੇ ਬੈਠੇ ਰੱਬ ਦਾ ਨਾਮ ਜਪਦਾ ਹੋਣੈ। ਜੇ ਉਨ੍ਹਾਂ ਨੂੰ ਹੀ ਉਡੀਕਦੇ ਰਹੇ—ਲਾਸ਼ ਦਾ ਭੁੜਥਾ ਬਣ ਜਾਣੈ।"

"ਚਾਚਾ ਬਚਨ ਸਿਆਂ, ਪਰ ਆਪਾਂ ਨੂੰ ਭਾਈ ਜੀ ਨੂੰ ਜ਼ਰੂਰ ਉਡੀਕਣਾ ਪੈਣੈ। ਨਾਲੇ

ਅਜੇ ਪੁਲਿਸ ਨੇ ਆਉਣੈ।" ਸਰਪੰਚ ਪੁਲਿਸ ਨੂੰ ਵੀ ਉਡੀਕਣਾ ਚਾਹੁੰਦਾ ਸੀ। ਪਰ ਭਾਈ ਜੀ ਅਜੇ ਤੱਕ ਪੁੱਜੇ ਨਹੀਂ ਸਨ।

× × × ×

ਇਲਾਕੇ ਵਿਚ ਮੇਰੇ ਪਿੰਡ ਵਾਲੇ ਖੁੰਢਿਆਂ ਦਾ ਘਰ ਬੜਾ ਮਸ਼ਹੂਰ ਸੀ। ਗਿਆਨੀ ਕੇਵਲ ਸਿੰਘ ਦੀ ਦੂਰ-ਦੂਰ ਤੱਕ ਪੁੱਛ ਪ੍ਰਤੀਤ ਸੀ। ਲੋਕੀਂ ਉਨ੍ਹਾਂ ਨੂੰ 'ਭਾਈ ਜੀ' ਕਹਿੰਦੇ ਹਨ। ਉਹ ਕਿਸੇ ਸਮੇਂ ਦਾੜ੍ਹੀ ਖੁਲ੍ਹੀ ਛੱਡਦੇ ਸੀ। ਸਿਰ 'ਤੇ ਪੱਗ ਬੰਨ੍ਹਣ ਦੀ ਬਿਜਾਏ ਸਾਫ਼ਾ ਰਖਦੇ। ਸਫੇਦ ਕੱਪੜਿਆਂ ਵਿਚ ਪੂਰਨ ਰੱਬ ਦੇ ਦੂਤ ਲਗਦੇ। ਉਹ ਘਰ-ਘਰ ਰੱਬ ਦੇ ਨਾਮ ਦੀਆਂ ਖੁਸ਼ਬੋਆਂ ਵੰਡਦੇ।

"ਸਾਰੇ ਜੱਗ ਨੂੰ ਜੀਵਨ ਦੇਣ ਵਾਲਾ ਇਕ ਹੀ ਦਾਤਾ ਹੈ। ਜਿੰਨੇ ਵੀ ਦੁਨੀਆਂ 'ਤੇ ਜੀਵ ਅਸੀਂ ਦੇਖ ਰਹੇ ਹਾਂ, ਉਨ੍ਹਾਂ ਸਭ ਨੂੰ ਪੈਦਾ ਕਰਨ ਵਾਲਾ ਏ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ—'ਸਭਨਾ ਜੀਆਂ ਕਾ ਇਕੁ ਦਾਤਾ, ਸੋ ਮੈਂ ਵਿਸਿਰ ਨ ਜਾਈ'।"

ਅਸੀਂ ਨਿੱਕੇ ਹੁੰਦਿਆਂ ਅਕਸਰ ਭਾਈ ਜੀ ਦੇ ਘਰ ਅੱਗੇ ਖੇਡਣ ਚਲੇ ਜਾਂਦੇ। ਕਈ ਵਾਰ ਸਕੂਲ ਦੇ ਮੈਦਾਨ ਵਿਚ ਚਲੇ ਜਾਂਦੇ ਤਾਂ ਬਾਜੀਗਰਾਂ ਦਾ ਕੇਲਾ ਲੋਹਾ ਲਾਖਾ ਹੋ ਜਾਂਦਾ।

"ਓਏ ਸਾਲਿਓ, ਇਥੇ ਕੀ ਭਾਲਦੇ ਓ? ਖੇਡਣਾ ਈ ਆਂ ਤਾਂ ਭਾਈ ਜੀ ਦੇ ਘਰ ਅੱਗੇ ਖੇਡੋ। ਮਿੱਠੀਆਂ ਗੋਲੀਆਂ ਮਿਲਣਗੀਆਂ। ਕੀ ਪਤਾ ਪ੍ਰਸ਼ਾਦਿ ਈ ਮਿਲ ਜੇ।" ਭਾਈ ਜੀ ਪਾਠ ਕਰਨ ਤੋਂ ਬਾਅਦ ਮਿੱਠੀਆਂ ਗੋਲੀਆਂ ਵੰਡਦੇ। ਇਸ ਨਾਲ ਅਸੀਂ ਨੱਚਦੇ—ਟੱਪਦੇ—ਲੁੱਡੀਆਂ ਪਾਉਂਦੇ।

ਭਾਈ ਜੀ ਸਾਨੂੰ ਦੇਖ ਕੇ ਖੁਸ਼ੀ ਮਹਿਸੂਸ ਕਰਦੇ। ਅਸੀਂ ਗੋਲੀਆਂ ਖਾਣ ਦੀ ਤਾਕ ਵਿਚ ਚਲੇ ਤਾਂ ਜਾਂਦੇ। ਪਰ ਗੋਲੀਆਂ ਦੀ ਉਡੀਕ ਵਿਚ ਲੁਕਣ-ਮੀਟੀ ਜਾਂ ਚੋਰ-ਸਿਪਾਹੀ ਘੰਟਿਆ ਬੱਧੀ ਖੇਡਣੀ ਪੈਂਦੀ। ਭਾਈ ਜੀ ਇਕ ਮਣਕਿਆਂ ਦੀ ਮਾਲਾ ਲੈ ਕੇ, ਅੱਖਾਂ ਬੰਦ ਕਰਕੇ ਰੱਬ ਦਾ ਨਾਮ ਜਪਦੇ ਰਹਿੰਦੇ। ਸਾਡੇ ਵਿਚੋਂ ਬਾਜੀਗਰਾਂ ਦਾ ਕੇਲਾ ਬੜਾ ਸ਼ਰਾਰਤੀ ਹੁੰਦਾ ਸੀ। ਉਹ ਖੇਡਦਾ-ਖੇਡਦਾ ਭਾਈ ਜੀ ਨੂੰ ਟੋਟਕੇ ਲਾਉਂਦਾ ਰਹਿੰਦਾ।

"ਭਾਈ ਜੀ, ਕਿਉਂ ਲੋਹੇ ਦਾ ਥਣ ਬਣਦੇ ਓ। ਘਰ ਵੀ ਜਾਣੈ। ਬੁੱਢੀ ਛਿੱਤਰ ਮਾਰੇਗੀ।"

"ਸਾਲਿਆ, ਮਰਦਾ ਕਿਉਂ ਜਾਨੈਂ। ਐਵੀਂ ਲਾਅਲਾਂ ਸੁੱਟੀ ਜਾਂਦੈਂ।" ਮੈਂ ਕੇਲੇ ਨੂੰ ਚੁੱਪ ਕਰਾ ਦਿੰਦਾ। ਭਾਈ ਜੀ ਨਾਮ ਜਪਣ ਵਿਚ ਲੀਨ ਰਹਿੰਦੇ। ਉਨ੍ਹਾਂ ਦਾ ਸਵੇਰੇ-ਸ਼ਾਮ ਨਾਮ ਜਪਣ ਅਤੇ ਇਸ਼ਨਾਨ ਕਰਨ ਦਾ ਨਿੱਤ-ਨੇਮ ਸੀ। ਪਿੰਡ ਦੇ ਲੋਕੀਂ ਦਿਨ-ਤਿਉਹਾਰ ਜਾਂ ਕਿਸੇ ਵਿਸ਼ੇਸ਼ ਅਵਸਰ 'ਤੇ ਭਾਈ ਜੀ ਨੂੰ ਨਿਉਂਦਾ ਦਿੰਦੇ। ਉਹ ਸੁਨੇਹਾ ਦੇਣ ਵਾਲੇ ਨੂੰ ਸਮਝਾਉਣ ਲਗਦੇ।



"ਦੇਖੋ ਜੀ, ਮੈਂ ਆ ਤਾਂ ਜਾਊਂ। ਪਰ ਇਕ ਗੱਲ ਦਾ ਖਿਆਲ ਰੱਖਿਓ—ਮੇਰੇ ਲਈ ਤੁਹਾਡੇ ਜਿਸ ਜੀਅ ਨੇ ਪ੍ਰਸ਼ਾਦਾ ਬਣਾਣਾ ਐ—ਛਕਾਣਾ ਐ—ਉਹ ਪਹਿਲਾਂ ਨਹਾਵੇ। ਫੇ' ਸਵੱਛ ਬਸਤਰ ਪਹਿਨੇ।"

ਭਾਈ ਜੀ ਹਰ ਇਕ ਨਾਲ ਸਹਿਜ ਅਤੇ ਸਲੀਕੇ ਨਾਲ ਬੋਲਦੇ। ਇਥੋਂ ਤੱਕ ਕਿ ਬੱਚਿਆਂ ਨੂੰ ਵੀ 'ਜੀ' ਕਹਿ ਕੇ ਬੁਲਾਉਂਦੇ। 'ਉਹ ਕਿਹੜੀ ਗਲੀ ਜਿਥੇ ਭਾਗੋ ਨੀ ਖਲੀ' ਦੇ ਅਖਾਣ ਵਾਂਗ ਪਿੰਡ 'ਚ ਕੋਈ ਧਾਰਮਕ ਸਮਾਗਮ ਹੁੰਦਾ—ਕੋਈ ਹੋਰ ਮੌਕਾ ਹੁੰਦਾ, ਭਾਈ ਜੀ ਸਭ ਤੋਂ ਅੱਗੇ ਦਿਖਾਈ ਦਿੰਦੇ। ਉਹ ਰੱਬ ਦੀ ਰਜ਼ਾ ਵਿਚ ਰਹਿਣ ਦਾ ਵਿਖਿਆਨ ਕਰਦੇ।

"ਪ੍ਰਮਾਤਮਾ ਦੇ ਬੰਦਿਓ, ਮੇਰਾ ਇਹ ਨਿਸ਼ਚਾ ਹੈ—ਪ੍ਰਮਾਤਮਾ ਦੀ ਮਰਜ਼ੀ ਤੋਂ ਬਿਨਾਂ ਪੱਤਾ ਵੀ ਨ੍ਹੀਂ ਹਿੱਲ ਸਕਦਾ। ਅਸੀਂ ਹਮੇਸ਼ਾ ਫ਼ਿਕਰ 'ਚ ਲੱਗੇ ਰਹਿੰਦੇ ਹਾਂ—ਬਈ ਕਤਲ ਹੋ ਗਏ।—ਔਰਤਾਂ ਵਿਧਵਾ ਹੋ ਗਈਆਂ—ਬੱਚੇ ਯਤੀਮ ਰੋ ਗਏ—ਰੋਟੀ, ਕੱਪੜੇ ਪਿੱਛੇ ਦਿਨ-ਰਾਤ ਭਟਕਦੇ—ਤੜਫ਼ਦੇ ਫਿਰਦੇ ਹਾਂ। ਮੌਤ ਦਾ ਡਰ ਹਮੇਸ਼ਾ ਲੱਗਾ ਰਹਿੰਦੈ। ਸਾਨੂੰ ਇਸ ਸਭ ਕਾਸੇ ਦਾ ਫ਼ਿਕਰ ਨੀ' ਕਰਨਾ ਚਾਹੀਦੈ। ਉਹ ਸਭ ਕੁਝ ਜਾਣਦੈ। ਉਹਦੇ ਹੁਕਮ ਨਾਲ ਈ ਸਭ ਕੁਝ ਹੁੰਦੈ।"

ਉਨ੍ਹਾਂ ਦੀ ਅਧਿਆਤਮਿਕ ਸੋਚ ਅਤੇ ਰੱਬੀ ਲਗਨ ਤੋਂ ਅਸੀਂ ਸਾਰੇ ਕਾਇਲ ਸਾਂ। ਉਹ ਨਾਮ ਨੂੰ ਲਿਵ ਵਜੋਂ ਲੈਂਦੇ ਹੋਏ, ਨਾਮ ਭਗਤੀ ਦੀ ਮਹੱਤਤਾ ਬਾਰੇ ਲੋਕਾਂ ਨੂੰ ਜਾਣੂ ਕਰਾਉਂਦੇ ਰਹਿੰਦੇ। ਉਨ੍ਹਾਂ ਦਾ ਇਕ ਅਸੂਲ ਸੀ—ਜਿੰਨਾ ਚਿਰ ਉਹ ਭਗਤੀ ਤੋਂ ਨਾ ਉੱਠਦੇ, ਘਰ ਦਾ ਕੋਈ ਵੀ ਜੀਅ ਕੁਝ ਖਾ-ਪੀ ਨਹੀਂ ਸਕਦਾ ਸੀ। ਰਾਤ ਨੂੰ ਬੱਚੇ ਤਾਂ ਅਕਸਰ ਭੁੱਖੇ ਢਿੱਡ ਹੀ ਸੌਂ ਜਾਂਦੇ ਸਨ।

ਭਾਈ ਜੀ ਪਿੰਡ ਦੀ ਸੱਥ ਵਿਚ ਜੁੜ ਕੇ ਬੈਠੇ ਲੋਕਾਂ ਨੂੰ ਕੋਈ ਨਾਂ ਕੋਈ ਉਪਦੇਸ਼ ਦਿੰਦੇ ਰਹਿੰਦੇ। ਉਨ੍ਹਾਂ ਨਸ਼ਿਆਂ ਵਿਰੁੱਧ ਅਜਿਹੀ ਮੁਹਿੰਮ ਛੇੜੀ ਕਿ ਲੋਕ ਹੁਣ ਕਦੇ ਚੋਰੀ ਛਿਪੇ ਹੀ ਸਿਗਰਟ ਜਾਂ ਦਾਰੂ ਪੀਂਦੇ। ਇਸ ਮੁਹਿੰਮ ਵਿਚ ਮੈਂ 'ਤੇ ਮੇਰੇ ਸਾਥੀਆਂ ਨੇ ਭਾਈ ਜੀ ਦਾ ਪੂਰਾ ਸਾਥੀ ਦਿੱਤਾ।

ਉਨ੍ਹਾਂ ਦੇ ਘਰ ਔਰਤਾਂ ਦੀ ਭੀੜ ਲੱਗੀ ਰਹਿੰਦੀ। ਉਹ ਭਾਈ ਜੀ ਕੋਲ ਹੱਥ ਵਿਖਾਉਣ ਆਉਂਦੀਆਂ। ਬਾਬਾ ਬਚਨ ਸਿੰਘ ਦੂਰ-ਦੁਰਾਡੇ ਤੋਂ ਆਏ ਲੋਕਾਂ ਨੂੰ ਹੱਲਾ-ਸ਼ੇਰੀ ਦਿੰਦਾ।

"ਭਾਈ ਜੀ ਜੋਤਿਸ਼ ਵਿਦਿਆ ਦਾ ਡੂੰਘਾ ਗਿਆਨ ਰੱਖਦੇ ਨੇ। ਇਨ੍ਹਾਂ ਨੂੰ ਗ੍ਰਹਿ ਚਾਲਾਂ ਬਾਰੇ ਬਹੁਤ ਜਾਣਕਾਰੀ ਏ। ਜੋਤਸ਼ੀਆਂ ਨਾਲੋਂ ਵਧੀਆ ਢੰਗ ਨਾਲ ਜੰਤਰੀ ਦੇਖਦੇ ਨੇ। ਲੋਕਾਂ ਦੀਆਂ ਕਿਸਮਤਾਂ, ਦੁੱਖਾਂ-ਕਲੇਸ਼ਾਂ ਨੂੰ ਦੂਰ ਕਰਨ ਦਾ ਉਪਾਅ ਦੱਸਦੇ ਨੇ।"

ਜੇ ਪਿੰਡ ਵਿਚ ਕਿਸੇ ਦਾ ਪਸ਼ੂ ਬਿਮਾਰ ਹੋ ਜਾਂਦਾ ਤਾਂ ਲੋਕੀ ਉਨ੍ਹਾਂ ਦੇ ਪੈਰ ਫੜ ਲੈਂਦੇ।

"ਭਾਈ ਜੀ, ਆਪਣਾ ਲਵੇਰਾ ਜਰਾ ਸਵੇਰ ਦਾ ਭੰਨ ਤੜੱਕੇ ਕਰੀ ਜਾਂਦੈ। ਆਹ

ਲੋ ਪੇੜਾ ਕਰਿਓ। ਪਤਾ ਨ੍ਹੀਂ ਕਿਸ ਸਾਲੇ ਦੀ ਨਜ਼ਰ ਲੱਗ ਗਈ।"

ਬਿਮਾਰ ਬੱਚਿਆਂ ਦੀਆਂ ਮਾਵਾਂ ਤਾਂ ਫ਼ੇਰੇ 'ਤੇ ਫੇਰਾ ਲਾਉਂਦੀਆਂ ਰਹਿੰਦੀਆਂ।

"ਭਾਈ ਜੀ, ਆਹ ਜੁਆਕ ਨੂੰ ਲੇਰੀ ਲੱਗੀ ਹੋਈ ਏ। ਪਤਾ ਨ੍ਹੀਂ ਅਹਿਨੂੰ ਕਿਹਦਾ ਪਰਛਾਵਾਂ ਪੇ ਗਿਆ ਏ, ਬੱਸ ਸੁੱਕੀ ਜਾਂਦੈ।" ਭਾਈ ਜੀ ਬੱਚਿਆਂ ਦੇ ਰੋਗ ਦੂਰ ਕਰਨ ਲਈ ਕਾਫ਼ੀ ਸਮਾਨ ਲਿਖਵਾਉਂਦੇ ਤੇ ਉਸਦਾ ਟੂਣਾਂ ਕਰਨ ਲਈ ਕਹਿੰਦੇ।

"ਕੁੜੇ ਧੀਏ। ਇਕ ਲਾਲ ਕੱਪੜੇ ਵਿਚ ਲਲੇਰ ਲਪੇਟ ਕੇ ਤੇ ਬਾਕੀ ਜਿਹੜਾ ਸਮਾਨ ਲਿਖਵਾਇਐ—ਅਹਿਨੂੰ ਸਾਰੇ ਨੂੰ ਨਹਿਰ ਹਵਾਲੇ ਕਰ ਆਣਾ।"

ਦੂਰੋਂ ਲਾਲ ਕੱਪੜੇ ਵਿਚ ਲਪੇਟਿਆ ਲਲੇਰ ਆਉਂਦਾ ਦੇਖ ਕੇ ਕੈਲਾ ਕੱਪੜੇ ਲਾਹੁੰਦਾ ਤੇ ਨਹਿਰ ਵਿਚ ਧਾਹ ਦੇਣੀ ਛਾਲ ਮਾਰ ਦਿੰਦਾ। ਬਜ਼ੁਰਗ ਉਸ ਨੂੰ ਰੋਕਦੇ ਵੀ। ਪਰ ਉਹ ਲਲੇਰ ਨੂੰ ਭੰਨਦਾ ਹੋਇਆ ਕਹਿੰਦਾ।

"ਓ ਜਾਣ ਦੇ ਤਾਇਆ। ਭੁੱਖ ਦੇ ਮਾਰੇ ਲੋਕਾਂ ਕੋਲੋਂ ਭੂਤ ਤਾਂ ਕੀ ਰੱਬ ਵੀ ਡਰਦੈ। ਵਲਾ ਇਹ ਤਾਂ ਹੈ ਈ ਲਲੇਰ।"

ਪਿੰਡ ਵਿਚ ਕੋਈ ਮਰਨ ਜੰਮਣ ਹੁੰਦਾ। ਭਾਈ ਜੀ ਮੋਹਰੇ ਹੁੰਦੇ। ਕਿਸੇ ਘਰ ਮੌਤ ਹੋ ਜਾਂਦੀ ਤਾਂ ਲੋਕੀਂ ਰੋਂਦੇ ਕੁਰਲਾਉਂਦੇ ਹੁੰਦੇ। ਪਰ ਭਾਈ ਜੀ ਸਭ ਨੂੰ ਰੱਬ ਦਾ ਭਾਣਾ ਮੰਨਣ ਦਾ ਉਪਦੇਸ਼ ਦਿੰਦੇ। ਉਹ ਪਾਣੀ ਵਾਲੀ ਗੜਬੀ ਚੁੱਕ ਲੈਂਦੇ। ਪਾਠ ਕਰਦੇ। ਜਨਾਜ਼ੇ ਦੇ ਅੱਗੇ ਪਾਣੀ ਦਾ ਛਿੱਟਾ ਦਿੰਦੇ ਤੁਰੇ ਜਾਂਦੇ। ਉਨ੍ਹਾਂ ਦੇ ਚਿਹਰੇ ਤੇ ਪਹਿਲਾਂ ਵਾਂਗ ਹੀ ਭਖਦਾ ਨੂਰ ਹੁੰਦਾ। ਲੋਕ ਗੁੱਸਾ ਨਾ ਕਰਦੇ। ਸਗੋਂ ਉਹ ਭਾਈ ਜੀ ਦਾ ਪੂਰਾ ਸਤਿਕਾਰ ਕਰਦੇ।

"ਭਾਈ ਜੀ ਸਾਡੇ ਨਾਲੋਂ ਸਿਆਣੇ ਨੇ। ਜੋ ਕਰਦੇ ਨੇ। ਠੀਕ ਹੀ ਕਰਦੇ ਹੋਣਗੇ।"

ਜਦੋਂ ਮੈਂ ਦਸਵੀਂ ਜਮਾਤ ਵਿਚ ਪੜ੍ਹਦਾ ਸੀ। ਭੈਣ ਕੁਲਬੀਰੋ ਦੇ ਵਿਆਹ 'ਤੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰਖਵਾਇਆ। ਉਦੋਂ ਭਾਈ ਜੀ ਨੂੰ ਨੇੜਿਓਂ ਤੱਕਣ ਦਾ ਮੌਕਾ ਮਿਲਿਆ ਉਹ ਸਾਨੂੰ ਉਪਦੇਸ਼ ਦਿੰਦੇ।

"ਕਾਕਾ, ਗੁਰੂ ਆਪਣੇ ਬਚਨਾਂ ਨਾਲ ਕਮਜ਼ੋਰ ਇਰਾਦੇ ਨੂੰ ਬਲਵਾਨ ਕਰਦੈ। ਗੁਰੂ ਤੋਂ ਬਿਨਾਂ ਮੁਕਤੀ ਨ੍ਹੀਂ ਮਿਲਦੀ। ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਨੇ—'ਕਹੁ ਨਾਨਕ ਪ੍ਰਭਿ ਇਹੈ ਜਨਾਈ। ਬਿਨ ਗੁਰ ਮੁਕਤਿ ਨ ਪਾਈਐ ਭਾਈ॥' ਗੁਰੂ ਅਰਜਨ ਦੇਵ ਜੀ ਦਾ ਇਕ ਹੋਰ ਸ਼ਲੋਕ ਐ।—'ਮਤ ਕੋ ਭਰਮਿ ਭੁਲੈ ਸੰਸਾਰਿ। ਗੁਰ ਬਿਨ ਕੋਇ ਨ ਉਤਰਸਿ ਪਾਰਿ।"

ਜਿਸ ਦਿਨ ਭੋਗ ਪਿਆ। ਉਹਨਾਂ ਸੰਗਤ ਨੂੰ ਆਪਣੇ ਬਚਨਾਂ ਨਾਲ ਨਿਹਾਲ ਕਰਨਾ ਸ਼ੁਰੂ ਕਰ ਦਿੱਤਾ।

"ਗੁਰੂ ਸਾਜੀ—ਨਿਵਾਜੀ ਸਾਧ ਸੰਗਤ ਜੀਓ। ਪ੍ਰਮਾਤਮਾ ਇਸ ਸ੍ਰਿਸ਼ਟੀ ਦੇ ਕਣ-ਕਣ ਵਿਚ ਬਿਰਾਜਮਾਨ ਏ। ਸਭਨਾਂ ਜੀਆਂ ਦੀ ਆਤਮਾਂ ਵਿਚ ਉਸ ਦਾ ਵਾਸਾ ਏ। ਸਾਨੂੰ



ਦਿੱਭ ਸ਼ਕਤੀ ਨਾਲ ਗਿਆਨ ਅਤੇ ਭਗਤੀ ਦਾ ਸੁਮੇਲ ਕਰਕੇ ਗਾਡੀ ਰਾਹ ਬਣਾਨਾ ਚਾਹੀਦੈ। ...ਭਾਈ! ਗੁਰ ਪ੍ਰਸ਼ਾਦਿ ਨਾਲ ਹੀ ਹਉਮੈ ਤੋਂ ਮੁਕਤੀ ਮਿਲਦੀ ਐ।...ਇਸ ਨਾਲ ਸਾਡੇ ਸਾਰੇ ਕਰਮ ਸ਼ੁੱਧ ਤਾ ਹੁੰਦੇ ਹੀ ਨੇ, ਨਾਲ ਅਕ੍ਰਮ ਤੇ ਨਿਸ਼ਕਾਮ ਅਵਸਥਾ ਵੀ ਮਿਲ ਜਾਂਦੀ ਏ। ਪਰ ਭਾਈ। ਕਲਯੁੱਗ ਵਿਚ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਦੇ ਦਰਿਆ ਲੋਕਾਂ ਦੇ ਮਨਾਂ ਵਿਚ ਠਾਠਾਂ ਮਾਰਦੇ ਨੇ।"

ਸੰਗਤ ਸ਼ਾਂਤ ਹੋ ਗਈ ਸ਼ੀ। ਭਾਈ ਜੀ ਆਪਣੇ ਬਚਨਾਂ ਦੀ ਡੂੰਘਾਈ ਵਿਚ ਹੋਰ ਜਾਣ ਲੱਗੇ।

"ਨਾਸ਼ਵਾਨ ਮਨੁੱਖ, ਕੂੜ ਪ੍ਰਚਾਰ ਕਰਕੇ ਆਪਣੇ ਮੁਫ਼ਾਦਾਂ ਲਈ ਬੁਰੇ ਕਰਮਾਂ ਦਾ ਭਾਰ ਆਪਣੇ ਉੱਤੇ ਲੱਦੀ ਜਾ ਰਿਹੈ। ਮੂਰਖ ਮਨੁੱਖ ਨੇ ਇਸ ਭਾਰ ਥੱਲੇ ਆ ਕੇ ਮਾਰਿਆ ਜਾਣੈ। ਸੋ ਭਾਈ! ਸਾਨੂੰ ਸਿਰਫ਼ ਨਾਮ ਹੀ ਮਲਾਹ ਬਣ ਕੇ ਪਾਰ ਲੰਘਾਏਗਾ। ਮਾੜੇ ਕਰਮ ਕਰਨ ਵਾਲਿਆਂ ਨੂੰ, ਯਮਦੂਤ ਮੁੱਛਾਂ ਤੋਂ ਰੱਸਿਆਂ ਨਾਲ ਬੰਨ੍ਹ ਕੇ ਲੈ ਜਾਣਗੇ।"

ਸਾਰੀ ਸੰਗਤ "ਵਾਹੇ ਗੁਰੂ—ਵਾਹਿਗੁਰੂ" ਕਰਨ ਲਗ ਪਈ। ਕੈਲੇ ਤੋਂ ਰਿਹਾ ਨਾ ਗਿਆ।

"ਬੁੱਢਿਆ, ਜੇ ਵਲੈਤੀ ਬਾਣੀਏ ਵਰਗੇ ਦੀਆਂ ਮੁੱਛਾਂ ਹੀ ਨਾ ਹੋਣ। ਰੱਸਾ ਕਿਥੇ ਪਵੇਗਾ।" ਮੇਰਾ ਹਾਸਾ ਨਿਕਲ ਗਿਆ। ਮੈਂ ਕੈਲੇ ਦੇ ਹੁੱਝ ਮਾਰੀ। ਇਹੋ ਜਿਹੀ ਸਖ਼ਸ਼ੀਅਤ ਦੇ ਵਿਰੁੱਧ ਕੁਝ ਵੀ ਸੁਣਨਾ ਮੇਰੇ ਵਸੋਂ ਬਾਹਰ ਸੀ। ਉਹ ਦੋ ਚਾਰ ਗਾਲ੍ਹਾਂ ਹੋਰ ਕੱਢ ਗਿਆ।

ਸਾਲ ਪਹਿਲਾਂ ਪਿੰਡ ਵਿਚ ਇਕ ਦੁੱਖਦਾਈ ਘਟਨਾ ਵਾਪਰੀ। ਫੌਜਣ ਦਾ ਨਿੰਮਾ ਵਿਦੇਸ਼ ਜਾਣ ਲਈ ਦਿੱਲੀ ਗਿਆ। ਪੈਸੇ ਹੜੱਪ ਕਰਨ ਦੇ ਮਨਸ਼ੇ ਨਾਲ ਏਜੰਟ ਨੇ ਉਸਦਾ ਕਤਲ ਕਰਵਾ ਦਿੱਤਾ। ਬਾਬਾ ਬਚਨ ਸਿੰਘ ਕੁਰਲਾ ਉੱਠਿਆ।

"ਓਏ ਉਪਰ ਵਾਲਿਆ! ਤੂੰ ਇਹ ਕੀ ਜ਼ੁਲਮ ਕੀਤਾ। ਵਿਚਾਰੀ ਫੌਜਣ ਨੂੰ ਬੇਸਹਾਰਾ ਕਰਕੇ। ਇਸ ਮੁੰਡੇ ਨੇ ਤਾਂ ਪਹਿਲਾਂ ਹੀ ਬੜੇ ਦੁੱਖ ਝੱਲੇ ਨੇ। ..ਪ੍ਰਤਾਪ ਸਿਆਂ! ਜਦੋਂ ਇਹ ਮੁੰਡਾ ਦੋ ਮਹੀਨੇ ਦਾ ਸੀ, ਪਾਕਿਸਤਾਨ ਨਾਲ ਜੰਗ ਲੱਗੀ ਹੋਈ ਸੀ। ਇਹਦਾ ਪਿਓ ਉਦੋਂ ਭੇਟ ਚੜ੍ਹ ਗਿਆ।...ਸਾਲੀਆਂ ਰਾਜਿਆਂ ਦੀਆਂ ਲੜਾਈਆਂ ਤੇ ਸਾਡੇ ਪੁੱਤਰਾਂ ਦਾ ਘਾਣ।" ਬਜ਼ੁਰਗ ਬਚਨ ਸਿੰਘ ਭੁੱਬਾਂ ਮਾਰ ਕੇ ਰੋਣ ਲੱਗ ਪਿਆ।

ਨਿੰਮੇ ਦੀ ਮੌਤ ਦੀ ਖ਼ਬਰ ਇਲਾਕੇ ਨੂੰ ਸੁੰਨ ਕਰ ਗਈ। ਫੌਜਣ ਨੇ ਪਿੱਟ-ਪਿੱਟ ਕੇ ਆਪਣਾ ਬੁਰਾ ਹਾਲ ਕਰ ਲਿਆ ਸੀ। ਉਹ ਲਾਸ਼ ਨਹੀਂ ਚੁੱਕਣ ਦੇ ਰਹੀ ਸੀ। ਭਾਈ ਜੀ ਨੇ ਫੌਜਣ ਨੂੰ ਹੌਂਸਲਾ ਦਿੱਤਾ।

"ਬੀਬਾ, ਪਾਗਲ ਨੀ' ਬਣੀਦਾ। ਇਹ ਜੱਗ ਚਲੋ ਚਲੀ ਦਾ ਮੇਲਾ ਐ। ਸਭ ਨੇ ਅੱਗੇ ਪਿੱਛੇ ਵਿਛੜ ਜਾਣੈ! ਇਥੇ ਬੈਠੇ ਕੀਹਨੇ ਰਹਿਣੈ।...ਅਸੀਂ ਸਭ ਮਿੱਟੀ ਦੇ ਪੁਤਲੇ ਹਾਂ। ਸਾਡੀ ਜ਼ਿੰਦਗੀ ਇਕ ਪਾਣੀ ਦੇ ਬੁਲਬੁਲੇ ਦੀ ਤਰ੍ਹਾਂ ਏ। ਜੋ ਉਪਰ ਵਾਲਾ ਕਰਦੈ, ਠੀਕ ਈ ਕਰਦਾ ਜੇ। ਜੇ ਸਭ ਨੇ ਉਸ ਕੋਲ ਚਲੇ ਜਾਣੈ ਤਾਂ ਫ਼ੇ' ਰੋਣ ਦਾ ਕੀ ਫ਼ੈਦਾ? ਉਪਰ ਵਾਲੇ 'ਤੇ ਭਰੋਸਾ ਰੱਖ, ਬੀਬਾ।" ਭਾਈ ਜੀ ਪਾਣੀ ਦੀ ਗੜਬੀ 'ਚੋਂ ਛਿੱਟਾ ਦਿੰਦੇ ਨਿੰਮੇ ਦੇ ਜਨਾਜ਼ੇ ਮੋਹਰੇ ਪਾਠ ਪੜ੍ਹਦੇ ਸ਼ਾਂਤ ਮਨ ਨਾਲ ਤੁਰ ਪਏ।

ਨਿੰਮੇ ਦਾ ਸਸਕਾਰ ਕਰਕੇ ਲੋਕੀਂ ਵਾਪਿਸ ਆ ਗਏ । ਮੈਂ ਭਾਈ ਜੀ ਕੋਲ ਬੈਠ ਗਿਆ। ਉਹ ਕ੍ਰਮ ਕਾਂਡਾਂ ਦੀਆਂ ਕਹਾਣੀਆਂ ਸੁਣਾ-ਸੁਣਾ ਫ਼ੋਜਣ ਦਾ ਧੀਰਜ ਬੰਨ੍ਹਾ ਰਹੇ ਸਨ ।

"ਬੀਬਾ, ਢੇਰੀ ਨੀ' ਚਾਹੀਦੀ । ਗੁਰੂ ਜੀ ਕਹਿੰਦੇ ਨੇ—

'ਦੁੱਖ-ਸੁੱਖ ਦੋਨੋਂ ਸਮ ਕਰ ਜਾਨੈ, ਅਵਰ ਮਾਨ ਅਪਮਾਨਾਂ ॥'

ਜੇ ਉਧਰ ਵਾਲਾ ਨਿੰਮੇ ਵਰਗੇ ਪੁੱਤਰਾਂ ਦੀ ਖੁਸ਼ੀ ਦਿੰਦੈ ਤਾਂ ਉਹਦਾ ਦੁੱਖ ਵੀ ਝੱਲਣਾ ਚਾਹੀਦੈ । ਸਾਡਾ ਕੁਝ ਨੀ' ਐ । ਸਭ ਕੁਝ ਉੱਪਰ ਵਾਲੇ ਦਾ ਏ । ਫ਼ੇ' ਚਿੰਤਾ ਕਿਸ ਗੱਲ ਦੀ, ਬਾਈ ਬੀਬਾ !"

"ਭਾਈ ਜੀ, ਇੱਕ ਮਾਂ ਦੀ ਹਾਲਤ ਮਾਂ ਹੀ ਜਾਣ ਸਕਦੀ ਏ । ਤੁਸੀਂ ਕੀ ਜਾਣੋਂ ? ਦੁੱਖ ਕੀ ਹੁੰਦੇ ਨੇ ? ਪਹਿਲਾਂ ਮੈਨੂੰ ਰੰਡੀ ਕੀਤਾ । ਹੁਣ ਨਪੁੱਤੀ ਕਰ 'ਤਾ । ਇਹੋ ਜਿਹੇ ਰੱਬ ਨੂੰ ਚੁੱਲ੍ਹੇ 'ਚ ਲਾਣੈ ।" ਫ਼ੋਜਣ ਧਾਹਾਂ ਮਾਰਨ ਲੱਗ ਪਈ ।

ਭਾਈ ਜੀ ਅਜੇ ਤੱਕ ਪੁੱਜੇ ਨਹੀਂ ਸਨ । ਸਭ ਲੋਕੀਂ ਉਹਨਾਂ ਦਾ ਰਾਹ ਤੱਕ ਰਹੇ ਸਨ । ਸਰਪੰਚ ਜ਼ਿਆਦਾ ਚਿੰਤੁਤ ਸੀ ।

"ਚਾਚਾ ਬਚਨ ਸਿਆਂ । ਤੁਹਾਨੂੰ ਭਾਈ ਜੀ ਦੇ ਸੁਭਾਅ ਦਾ ਪਤਾ ਈ ਐ । ਬੇਸ਼ੱਕ ਜਿੰਦਰ ਭਾਈ ਜੀ ਦਾ ਮੁੰਡਾ ਏ । ਪਰ ਜਿੰਦਰ ਦੇ ਮਰਨ ਨਾਲ ਭਾਈ ਜੀ ਨੂੰ ਕੀ ਫ਼ਰਕ ਪੈਣਾ । ਉਹਨਾਂ ਨੇ ਤਾਂ ਉਪਰ ਵਾਲੇ ਦਾ ਭਾਣਾ ਮੰਨ ਲਿਆ ਹੋਣੈ । ਪਾਠ ਕਰ ਰਹੇ ਹੋਣੈ ।"

– "ਸਰਪੰਚਾ, ਭਾਈ ਰੱਬ ਦਾ ਬੰਦਾ ਏ । ਉਹਦੇ ਲਈ ਸਭ ਬਰਾਬਰ ਨੇ । ਚਾਹੇ ਨਿੰਮਾ ਹੋਵੇ, ਚਾਹੇ ਜਿੰਦਰ ।"

ਜਿੰਦਰ ਦੀ ਲਾਸ਼ ਦੁਆਲੇ ਸਾਰਾ ਪਿੰਡ ਇਕੱਠਾ ਹੋ ਗਿਆ ਸੀ । ਪਰ ਭਾਈ ਜੀ ਕਿਤੇ ਵੀ ਦਿਖ ਨਹੀਂ ਰਹੇ ਸਨ । ਭਾਈ ਜੀ ਦੇ ਨਾ ਆਉਣ ਦੀ ਘੁਸਰ-ਮੁਸਰ ਹੋ ਰਹੀ ਸੀ । ਲੋਕੀਂ ਭਾਈ ਜੀ ਦੇ ਵੱਡੇ ਜੇਰੇ ਦੀ ਸਿਫਤ ਕਰ ਰਹੇ ਸਨ । ਲਾਸ਼ ਖੂਨ ਨਾਲ ਲੱਥਪੱਥ ਹੋਈ ਪਈ ਸੀ । ਥੋੜ੍ਹੇ ਚਿਰ ਬਾਅਦ ਭਾਈ ਜੀ ਮੰਗੀ ਦੇ ਸਾਇਕਲ ਪਿੱਛੇ ਬੈਠੇ ਲੋਕਾਂ ਦੇ ਨਜ਼ਰੀਂ ਪਏ । ਸਾਰਿਆਂ ਦਾ ਧਿਆਨ ਭਾਈ ਜੀ ਵੱਲ ਹੋ ਗਿਆ । ਭਾਈ ਜੀ ਸਾਇਕਲ ਤੋਂ ਬੜੇ ਸਹਿਜ ਨਾਲ ਉਤਰੇ । ਉਨ੍ਹਾਂ ਦੇ ਹੱਥ ਵਿਚ ਮਾਲਾ ਸੀ । ਉਹ ਮਣਕਿਆਂ ਨੂੰ ਫੇਰਦੇ ਸ਼ਾਂਤ ਮਨ ਨਾਂਲ ਲਾਸ਼ ਵੱਲ ਤੁਰਦੇ ਗਏ । ਉਹਨਾਂ ਜਿੰਦਰ ਦੇ ਮੂੰਹ ਤੋਂ ਕੱਪੜਾ ਉਤਾਰਿਆ । ਮੂੰਹ ਨੂੰ ਚੁੰਮ ਕੇ ਮੁਸਕਰਾ ਪਏ । ਮੇਰੇ ਮਨ ਵਿਚ ਭਾਈ ਜੀ ਦਾ ਹੋਰ ਸਤਿਕਾਰ ਵੱਧ ਗਿਆ । ਉਹ ਕਿੰਨਾ ਸਮਾਂ ਚੁੱਪਚਾਪ ਬੈਠੇ ਰਹੇ । ਮੈਨੂੰ ਲੱਗਿਆ ਜਿਵੇਂ ਪਾਠ ਕਰ ਰਹੇ ਹੋਣ । ਭਾਈ ਜੀ ਇਕ ਦਮ ਬੁੜ-ਬੁੜਾਏ ਉਨ੍ਹਾਂ ਲਾਸ਼ ਤੋਂ ਕੱਪੜਾ ਵਗਾਹ ਕੇ ਪਰ੍ਹਾਂ ਮਾਰਿਆ ।

"ਓ ਉੱਪਰ ਵਾਲਿਆ । ਇਹ ਤੂੰ ਕੀ ਕਹਿਰ ਕਮਾਇਆ ।" ਭਾਈ ਜੀ ਦੁਹੱਥੜੀ ਮਾਰ ਕੇ ਲਾਸ਼ ਉੱਪਰ ਗਸ਼ ਖਾ ਕੇ ਢੇਰੀ ਹੋ ਗਏ । ਸਰਪੰਚ ਉਨ੍ਹਾਂ ਨੂੰ ਲਾਸ਼ ਤੋਂ ਉਠਾ ਰਿਹਾ ਸੀ । ਪਰ ਭਾਈ ਜੀ ਦੀ ਦੰਦਲ ਨਹੀਂ ਸੀ ਟੁੱਟ ਰਹੀ ।

C/o ਜੰਡੇ ਹੇਅਰ ਡਰੈਸਰਜ਼, ਚੰਡੀਗੜ੍ਹ ਰੋਡ, ਨਵਾਂ ਸ਼ਹਿਰ 144514

—o—





## (1) ਗ਼ਜ਼ਲ/ਪ੍ਰਕਾਸ਼ ਕੌਰ ਹਮਦਰਦ

ਦੇਖਦਿਆਂ ਹੀ ਦੇਖਦਿਆਂ, ਇਨਸਾਨ ਬਦਲਦੇ ਦੇਖੇ ਨੇ
ਸਿਰ ਚੜ੍ਹ ਹਿਤ ਜਦ ਬੋਲ ਪੈਣ, ਈਮਾਨ ਬਦਲਦੇ ਦੇਖੇ ਨੇ ।
'ਲੇਖਕ ਸੱਚ ਸਮੇਂ ਦਾ ਕਹਿੰਦੇ', ਬੀਤ ਚੁੱਕੇ ਦੀ ਬਾਤ ਬਣੀ,
ਸਮੇਂ ਮੁਤਾਬਿਕ ਲਿਖਤਾਂ ਦੇ, ਉਨਵਾਨ ਬਦਲਦੇ ਦੇਖੇ ਨੇ ।
ਕਾਹਦਾ ਫ਼ਨ ਤੇ ਕਾਹਦੀ ਵਿਦਿਆ, ਜੇ ਪੱਲੇ ਕਿਰਦਾਰ ਨਹੀਂ,
ਹੁਣ ਤਾਂ ਅਹੁਦੇ-ਪਦਵੀ ਲਈ, ਵਿਦਵਾਨ ਬਦਲਦੇ ਦੇਖੇ ਨੇ ।
ਹੱਕ ਕਿਸੇ ਦਾ ਲੈ ਗਿਆ ਕੋਈ, ਝਪਟਾ ਮਾਰ ਮੱਕਾਰੀ ਦਾ,
ਮੰਨੋ ਭਾਵੇਂ ਨਾ ਮੰਨੋ, ਸਨਮਾਨ ਬਦਲਦੇ ਦੇਖੇ ਨੇ ।
ਅੱਜ ਪੈਮਾਨਾ ਬਦਲ ਗਿਆ ਹੈ, ਅਕਲ ਇਲਮ, ਦਾਨਾਈ ਦਾ,
ਭੋਲੇ-ਭਾਲੇ ਸਿੱਧ-ਪੱਧਰੇ ਅਨਜਾਨ, ਬਦਲਦੇ ਦੇਖੇ ਨੇ ।
ਕਪਟ-ਮੱਕਾਰੀ ਐਸੀ ਛਾਈ ਚਾਰ-ਚੁਫੇਰੇ ਦੁਨੀਆਂ ਦੇ,
ਸੱਚੇ-ਸੁੱਚੇ ਬੰਦਿਆਂ ਦੇ ਅਰਮਾਨ ਬਦਲਦੇ ਦੇਖੇ ਨੇ ।
ਸ਼ਰਮ-ਧਰਮ ਸਭ ਹਵਾ ਨੇ ਹੋਏ, ਨੌਸਰਬਾਜੀ ਹੈ ਪ੍ਰਧਾਨ,
ਹੁਣ ਤਾਂ ਸਾਧਾਂ-ਸੰਤਾਂ ਦੇ ਫੁਰਮਾਨ ਬਦਲਦੇ ਦੇਖੇ ਨੇ ।
ਮੋਹ-ਪਿਆਰ ਦੀ ਜਗ੍ਹਾ ਲਈ ਹੁਣ, ਵੀਡੀਓ, ਕਾਰ ਫਰਿਜ, ਫੋਨ
ਆਪਣੀ ਅੱਖੀਂ ਜੀਵਨ ਦੇ, ਸਾਮਾਨ ਬਦਲਦੇ ਦੇਖੇ ਨੇ ।
ਨਿੱਤ ਨਾਰੀ ਸੰਗ ਹੋਏ ਵਧੀਕੀ, ਕਿੱਥੇ ਨਾਨਕ, ਕ੍ਰਿਸ਼ਨ ਤੇ ਰਾਮ,
ਅਸੀਂ ਤਾਂ ਜਿੰਦੇ ਬੰਦੇ ਕੀ, ਭਗਵਾਨ ਬਦਲਦੇ ਦੇਖੇ ਨੇ ।
ਨੇਰ੍ਹ ਸਾਈਂ ਦਾ ਕੁਦਰਤ ਵੀ ਨਾ, ਬਚਕੇ ਰਹੀ ਕੁਰੱਪਸ਼ਨ ਤੋਂ,
ਜ਼ਿਮੀ ਬਦਲਦੀ ਦੇਖੀ ਏ, ਅਸਮਾਨ ਬਦਲਦੇ ਦੇਖੇ ਨੇ ।

ਅਜੀਤ ਭਵਨ, ਜਲੰਧਰ

—o—

## (2) ਗ਼ਜ਼ਲ/ਜਸਵਿੰਦਰ

ਪੰਛੀਆਂ ਦੀ ਡਾਰ ਨੂੰ ਸਾਰਾ ਹੀ ਅੰਬਰ ਦੇ ਦਿਓ ।
ਸੂਕਦੀ ਹੋਈ ਨਦੀ ਤਾਈਂ ਸਮੁੰਦਰ ਦੇ ਦਿਓ ।
ਦਰਦ ਏਨਾ ਦੋਸਤੋ ਸਹਿੰਦੇ ਇਕੱਲੇ ਹੋ ਕਿਵੇਂ,
ਆਪਣੇ ਹਿੱਸੇ ਦਾ ਇਕ ਮੈਨੂੰ ਵੀ ਖੰਜਰ ਦੇ ਦਿਓ ।
ਬੇੜੀਆਂ ਬੇਸਾਜ਼ ਪਾ ਕੇ ਪੈਰ ਥਿਰਕਣ ਕਿਸ ਤਰ੍ਹਾਂ,
ਖੂਬ ਨੱਚਾਂਗੇ ਅਗਰ ਇਕ ਵਾਰ ਝਾਂਜਰ ਦੇ ਦਿਓ ।

ਸ਼ਾਂਤ ਹੋਏ ਬਾਦਬਾਨਾਂ ਨੂੰ ਦੇ ਦਿਓ ਸੰਦਲੀ ਹਵਾ,
ਨਗਨ ਧੁੱਪਾਂ ਨੂੰ ਤੁਸੀਂ ਰੁੱਖਾਂ ਦੇ ਬਸਤਰ ਦੇ ਦਿਓ।
ਭੁੱਖੀਆਂ ਕਬਰਾਂ ਨੂੰ ਕੁਝ ਦੇਣਾ ਈ ਹੈ ਜੇਕਰ ਤੁਸੀਂ,
ਮੇਰੀਆਂ ਵੀਰਾਨੀਆਂ ਤੇ ਮੇਰੇ ਖੰਡਰ ਦੇ ਦਿਓ।
ਈਦ ਵਰਗੇ ਹੋਣ ਜਿਸਦੇ ਸਾਰੇ ਦੇ ਸਾਰੇ ਹੀ ਦਿਨ,
ਮੇਰੇ ਯਾਰੋ ਮੈਨੂੰ ਇਕ ਐਸਾ ਕਲੰਡਰ ਦੇ ਦਿਓ।

**1185-II, ਨੂਹੋਂ ਕਾਲੋਨੀ, P.O. ਘਨੌਲੀ, ਥਰਮਲ ਪਲਾਂਟ ਰੋਪੜ (140113)**

—o—

ਸਫਾ 39 ਦੀ ਬਾਕੀ)

ਲੰਘ ਜਾਵੇ।"

ਤੇ ਨਾਲ ਹੀ ਵਾਲਟ ਵਿਟਮੈਨ ਦੀ ਗੱਲ ਵੀ ਸੁਣਨ ਵਾਲੀ ਹੈ;

"ਚੰਗਾ ਕਵੀ, ਹਰ ਬੋਲੇ ਸ਼ਬਦ 'ਚ ਲਹੂ ਚੁਆ ਸਕਦਾ ਹੈ।"

ਸਾਨੂੰ ਅਜੇਹੇ ਕਵੀਆਂ ਦੀ ਉਡੀਕ ਹੈ। ਇਸ ਉਡੀਕ, ਇਸ ਆਸ ਨੂੰ ਮਰਨ ਨਾ ਦੇਈਏ।

ਹਾਲ ਦੀ ਘੜੀ ਏਨਾ ਹੀ। ਪਹਿਲਾਂ ਹੀ ਗੱਲ ਕੁਝ ਲੰਮੇਰੀ ਹੋ ਗਈ ਹੈ। ਬਾਕੀ ਗੱਲਾਂ ਕਦੇ ਫੇਰ ਸਹੀ।

ਹੁਣ ਤੁਹਾਡੀ ਵਾਰੀ ਹੈ, ਗੱਲ ਨੂੰ ਅੱਗੇ ਤੋਰਨ ਦੀ।

—o—

## ਚਿਰਾਗ ਦਾ ਪਾਕਿਸਤਾਨੀ ਅਦਬ ਅੰਕ

1996 ਦੇ ਆਰੰਭ ਵਿਚ ਚਿਰਾਗ਼ ਦਾ ਪਾਕਿਸਤਾਨੀ ਪੰਜਾਬੀ ਅਦਬ ਵਿਸ਼ੇਸ਼ ਅੰਕ ਕੱਢਣ ਦਾ ਵਿਚਾਰ ਹੈ। ਅਸੀਂ ਪਾਕਿਸਤਾਨੀ ਪੰਜਾਬੀ ਅਦੀਬਾਂ ਨੂੰ ਦਰਖ਼ਾਸਤ ਕਰਦੇ ਹਾਂ ਕਿ ਉਹ ਆਪਣੀਆਂ ਚੋਣਵੀਆਂ ਨਜ਼ਮਾਂ, ਗ਼ਜ਼ਲਾਂ, ਅਫਸਾਨੇ, ਲੇਖ ਤੇ ਹੋਰ ਸਾਹਿਤਕ ਵੰਨਗੀ ਦੀਆਂ ਰਚਨਾਵਾਂ ਸਾਨੂੰ ਦਸੰਬਰ 95 ਤੀਕ ਪੁਜਦੀਆਂ ਕਰ ਦੇਣ ਤਾਂਕਿ ਉਹਨਾਂ 'ਚੋਂ ਚੋਣ ਅਤੇ ਲਿਪੀਅੰਤਰਣ ਕਰਕੇ ਢੁਕਵਾਂ ਮੈਟਰ ਤਿਆਰ ਕੀਤਾ ਜਾ ਸਕੇ। ਜਿਹਨਾਂ ਪਾਕਿਸਤਾਨੀ ਦੋਸਤਾਂ ਨੂੰ ਚਿਰਾਗ਼ ਸਿੱਧਾ ਮਿਲ ਰਿਹਾ ਹੈ, ਉਹ ਸਾਡਾ ਸੁਨੇਹਾ ਹੋਰ ਪੰਜਾਬੀ ਲੇਖਕਾਂ ਤੀਕ ਪਹੁੰਚਾਉਣ ਦੀ ਖੇਚਲ ਕਰਨ।

ਹਰਭਜਨ ਸਿੰਘ ਹੁੰਦਲ
ਸੰਪਾਦਕ ਚਿਰਾਗ਼ ਤ੍ਰੈਮਾਸਿਕ





## ਕਵਿਤਾ ਤੇ ਪੁਲੀਸ/ਪਾਬਲੋ ਨੇਰੂਦਾ

ਇੱਕ ਦਿਨ ਆਈਸਲਾ ਨੇਗਰਾ ਵਿਚ ਨੌਕਰ ਕੁੜੀ ਨੇ ਸਾਨੂੰ ਦੱਸਿਆ,"ਸਤਿਕਾਰਯੋਗ ਪਾਬਲੋ, ਮੈਂ ਗਰਭਵਤੀ ਹਾਂ।" ਉਸ ਤੋਂ ਛੇਤੀ ਹੀ ਪਿਛੋਂ ਉਸ ਦੇ ਘਰ ਲੜਕਾ ਪੈਦਾ ਹੋਇਆ। ਸਾਨੂੰ ਨਹੀਂ ਪਤਾ ਉਸਦਾ ਪਿਓ ਕੌਣ ਸੀ। ਉਸ ਨੇ ਵੀ ਪ੍ਰਵਾਹ ਨਾ ਕੀਤੀ। ਜਿਸ ਗੱਲ ਦੀ ਉਸ ਨੇ ਪ੍ਰਵਾਹ ਕੀਤੀ ਉਹ ਇਹ ਸੀ ਕਿ ਮੈਂ ਤੇ ਮਾਤਿਲਦੇ ਬੱਚੇ ਦੇ ਧਰਮ ਪਿਤਾ ਬਣੀਏਂ। ਪਰ ਇੰਝ ਨਾ ਹੋਇਆ। ਅਸੀਂ ਇਹ ਨਾ ਕਰ ਸਕੇ। ਸਭ ਤੋਂ ਨੇੜੇ ਦਾ ਗਿਰਜਾ 'ਐਲ ਟਾਬੋ' ਵਿਚ ਹੈ, ਜਿਥੋਂ ਇਕ ਖੁਸ਼ ਪਿੰਡ 'ਚੋਂ ਅਸੀਂ ਆਪਣੀ ਗੱਡੀ ਲਈ ਗੈਸ ਭਰਾਉਂਦੇ ਹਾਂ।

ਪਾਦਰੀ ਕੰਡੇਰਨੇ ਵਾਂਗ ਗੁੱਸੇ ਹੋ ਕੇ ਝਈ ਲੈ ਕੇ ਪਿਆ "ਕੌਮਊਨਿਸਟ ਧਰਮ-ਪਿਤਾ? ਕਦ ਵੀ ਨਹੀਂ। ਨੇਰੂਦਾ ਇਸ ਦਰਵਾਜ਼ੇ ਦੇ ਅੰਦਰ ਨਹੀਂ ਆ ਸਕਦਾ, ਫਿਰ ਵੀ ਨਹੀਂ ਜੇ ਉਹ ਬੱਚੇ ਨੂੰ ਆਪਣੀਆਂ ਬਾਹਾਂ ਵਿਚ ਚੁੱਕ ਲਵੇ।" ਕੁੜੀ ਝਾੜੂ ਦੇਣ ਲਈ ਘਰ ਚਲੀ ਗਈ। ਨਿੰਮੋਝੂਣ ਹੋਈ, ਪਰ ਉਸ ਨੂੰ ਗੱਲ ਸਮਝ ਨਾ ਆਈ।

ਇੱਕ ਹੋਰ ਮੌਕੇ ਤੇ ਮੈਂ 'ਡੌਨ ਅਸਤੀਰੀਓ' ਨੂੰ ਦੁੱਖ ਝੱਲਦੇ ਵੇਖਿਆ। ਉਹ ਇਕ ਬੁੱਢਾ ਘੜੀ-ਸਾਜ਼ ਸੀ, ਜਿਸ ਦੀ ਵੱਡੀ ਉਮਰ ਸੀ ਤੇ ਉਹ ਵੈਲਪਾਰੇਸੋ ਵਿਚ ਸਭ ਤੋਂ ਚੰਗਾ ਕਾਰੀਗਰ ਸੀ। ਉਹ ਨੇਵੀ ਦੇ ਯੰਤਰ ਮੁਰੰਮਤ ਕਰਦਾ ਸੀ—ਉਸ ਦੀ ਪੁਰਾਣੀ ਸਾਥਣ, ਉਹਦੀ ਪਤਨੀ ਮਰ ਰਹੀ ਸੀ। ਪੰਜਾਹ ਸਾਲ ਦਾ ਦੰਪਤੀ-ਜੀਵਨ। ਮੈਂ ਸੋਚਿਆ ਕਿ ਮੈਨੂੰ ਉਸ ਬਾਰੇ ਕੁਝ ਲਿਖਣਾ ਚਾਹੀਦਾ ਹੈ। ਕੋਈ ਅਜੇਹੀ ਰਚਨਾ ਜਿਹੜੀ ਉਹ ਉਸ ਮਰ ਰਹੀ ਪਤਨੀ ਨੂੰ ਪੜ੍ਹ ਕੇ ਸੁਣਾਵੇ। ਮੈਂ ਇਸ ਤਰ੍ਹਾਂ ਸੋਚਿਆ। ਮੈਨੂੰ ਨਹੀਂ ਪਤਾ ਕਿ ਮੈਂ ਠੀਕ ਵੀ ਸੀ ਜਾਂ ਨਹੀਂ। ਮੈਂ ਕਵਿਤਾ ਲਿਖੀ। ਉਸ ਵਿਚ ਮੈਂ ਸ਼ਿਲਪੀ ਤੇ ਉਸਦੀ ਸ਼ਿਲਪ-ਕਲਾ ਲਈ ਆਦਰ ਤੇ ਆਪਣੀਆਂ ਭਾਵਨਾਵਾਂ ਪ੍ਰਗਟ ਕੀਤੀਆਂ। ਪੁਰਾਣੇ ਘੜਿਆਲਾਂ ਦੀ ਟਿੱਕ-ਟਿੱਕ ਵਿਚਲੀ ਉਸ ਪਵਿੱਤਰ ਰੂਹ ਦੀ ਸੁੱਖ-ਸ਼ਾਂਤੀ ਲਈ।

'ਸਾਰੀਤਾ ਵਿਆਲ' ਉਸ ਕਵਿਤਾ ਨੂੰ ਇਕ ਅਖਬਾਰ ਕੋਲ ਲੈ ਗਿਆ। ਅਖਬਾਰ "ਲਾ ਯੂਨੀਅਨ" ਨੂੰ 'ਸੀਨੋਰ ਪਾਸਕਲ' ਇਕ ਪਾਦਰੀ ਚਲਾਉਂਦਾ ਸੀ। ਉਹ ਕਵਿਤਾ ਨਹੀਂ ਛਾਪਣਾ ਚਾਹੁੰਦਾ ਸੀ। "ਇਹ ਕਦੇ ਵੀ ਪ੍ਰਕਾਸ਼ਤ ਨਹੀਂ ਹੋਵੇਗੀ। ਇਸਦਾ ਲੇਖਕ ਨੇਰੂਦਾ, ਧਰਮ 'ਚੋਂ ਕੱਢਿਆ ਇਕ ਕੌਮਊਨਿਸਟ ਸੀ। ਉਹ ਇਹ ਕੰਮ ਨਹੀਂ ਕਰੇਗਾ।" ਡੌਨ ਅਸਤੀਰੀਓ ਦੀ ਪੁਰਾਣੀ ਜੀਵਨ-ਸਾਥਣ, ਉਸ ਦੀ ਪਤਨੀ, ਮਰ ਗਈ। ਪਾਦਰੀ ਕਵਿਤਾ ਪ੍ਰਕਾਸ਼ਤ ਨਹੀਂ ਕਰੇਗਾ।

ਮੈਂ ਅਜੇਹੇ ਸੰਸਾਰ ਵਿਚ ਰਹਿਣਾ ਚਾਹੁੰਦਾ ਹਾਂ ਜਿਥੇ ਕਿਸੇ ਨੂੰ ਵੀ ਧਰਮ 'ਚੋਂ ਬੇਦਖਲ ਨਾ ਕੀਤਾ ਜਾਵੇ। ਮੈਂ ਤਾਂ ਕਿਸੇ ਨੂੰ ਵੀ ਧਰਮ 'ਚੋਂ ਨਹੀਂ ਕੱਢਾਂਗਾ। ਮੈਂ ਕੱਲ੍ਹ ਨੂੰ ਪਾਦਰੀ ਨੂੰ ਇਹ ਨਹੀਂ ਆਖਾਂਗਾ, "ਤੂੰ ਫਲਾਣੇ ਫਲਾਣੇ ਨੂੰ ਧਰਮ ਦੀ ਦੀਖਿਆ

ਨਹੀਂ ਦੇ ਸਕਦਾ, ਕਿਉਂਕਿ ਤੂੰ ਇਕ ਕੌਮਊਨਿਸਟ-ਵਿਰੋਧੀ ਹੈਂ।" ਮੈਂ ਕਿਸੇ ਹੋਰਸ ਪਾਦਰੀ ਨੂੰ ਇਹ ਨਹੀਂ ਕਹਾਂਗਾ, "ਮੈਂ ਤੇਰੀ ਕਵਿਤਾ ਕਹੀਂ ਛਾਪਾਂਗਾ, ਕਿਉਂਕਿ ਤੂੰ ਇਕ ਕੌਮਊਨਿਸਟ-ਵਿਰੋਧੀ ਹੈਂ।"

ਮੈਂ ਅਜੇਹੇ ਸੰਸਾਰ ਵਿਚ ਰਹਿਣਾ ਚਾਹੁੰਦਾ ਹਾਂ ਜਿੱਥੇ ਮਨੁੱਖ ਸਿਰਫ ਮਨੁੱਖ ਹੋਣ, ਬਿਨਾ ਕਿਸੇ ਖ਼ਤਾਬ ਤੋਂ, ਕਿਸੇ ਸ਼ਬਦ ਜਾਂ ਲੇਬਲ ਦੇ। ਉਹਨਾਂ ਦੀ ਇਹ ਸਿਰਦਰਦੀ ਨਾ ਹੋਵੇ। ਮੈਂ ਚਾਹੁੰਦਾ ਹਾਂ ਕਿ ਲੋਕੀਂ ਸਭ ਗਿਰਜਿਆਂ, ਸਾਰੇ ਛਾਪਾ-ਘਰਾਂ ਵਿਚ ਜਾ ਸਕਣ। ਮੈਂ ਨਹੀਂ ਚਾਹੁੰਦਾ ਕਿ ਕਿਸੇ ਨੂੰ ਮੇਅਰ ਦੇ ਦਫਤਰ ਜਾਂ ਬੂਹੇ ਤੇ ਉਡੀਕਣਾ ਪਵੇ ਜਾਂ ਕੋਈ ਕਿਸੇ ਨੂੰ ਗ੍ਰਿਫਤਾਰ ਕਰਕੇ ਦੇਸ਼-ਨਿਕਾਲਾ ਦੇ ਦੇਵੇ। ਮੈਂ ਚਾਹੁੰਦਾ ਹਾਂ ਕਿ ਹਰ ਕੋਈ ਮੁਸਕਰਾਉਂਦਾ ਸਿਟੀ ਹਾਲ ਵਿਚ ਜਾਵੇ ਤੇ ਬਾਹਰ ਨਿਕਲੇ। ਮੈਂ ਨਹੀਂ ਚਾਹੁੰਦਾ ਕਿ ਕਿਸੇ ਨੂੰ ਕਿਸ਼ਤੀ ਵਿਚ ਬੈਠ ਕੇ ਭੱਜਣਾ ਪਵੇ ਜਾਂ ਕੋਈ ਮੋਟਰ ਸਾਈਕਲ 'ਤੇ ਕਿਸੇ ਦਾ ਪਿੱਛਾ ਕਰੇ। ਮੈਂ ਚਾਹੁੰਦਾਂ ਚਿ ਬਹੁ-ਗਿਣਤੀ, ਹਰ ਕੋਈ ਹੀ, ਬੋਲਣ, ਪੜ੍ਹਨ ਸੁਣਨ ਤੇ ਪ੍ਰਫੁਲਤ ਹੋਣ ਦੇ ਕਾਬਿਲ ਹੋ ਸਕੇ। ਮੈਂ ਸੰਘਰਸ਼ ਨੂੰ ਹੋਰ ਕਦੇ ਵੀ ਕੁਝ ਨਹੀਂ ਜਾਣਿਆ ਸਿਵਾਏ ਇਸਦੇ ਕਿ ਇਹ ਹਰ ਤਰ੍ਹਾਂ ਦੇ ਸੰਘਰਸ਼ ਨੂੰ ਖਤਮ ਕਰਨ ਲਈ ਹੈ। ਮੈਂ ਕਦੇ ਵੀ ਸਖਤ ਕਦਮਾਂ ਨੂੰ ਹੋਰ ਕੁਝ ਨਹੀਂ ਸਮਝਿਆ, ਸਿਵਾਏ ਇਸਦੇ ਕਿ ਇਹ ਸਭ ਸਖਤ ਕਦਮਾਂ ਨੂੰ ਖਤਮ ਕਰਨ ਲਈ ਹਨ। ਮੈਂ ਇਕ ਰਾਹ 'ਤੇ ਤੁਰਿਆ ਹਾਂ ਕਿਉਂਕਿ ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਰਾਹ ਸਦੀਵੀ ਭਰਾਤਰੀ-ਭਾਵ ਵਲ ਜਾਂਦਾ ਹੈ।

ਮੈਂ ਉਸ ਸਰਬ-ਵਿਆਪੀ, ਆਮ, ਅਣਥੱਕ ਨੇਕੀ ਲਈ ਲੜ ਰਿਹਾ ਹਾਂ। ਆਖਰ-ਕਾਰ ਮੇਰੀ ਕਵਿਤਾ ਤੇ ਪੁਲੀਸ ਵਿਚਕਾਰ ਭੱਜ-ਦੌੜ ਇਹ ਸਾਰੀਆਂ ਘਟਨਾਵਾਂ ਤੇ ਹੋਰ, ਭਾਵੇਂ ਕਿ ਦੁਹਰਾਈ ਹੀ ਜਾਪੇ ਤੇ ਇਸ ਗੱਲ ਦੇ ਬਾਵਜੂਦ ਕਿ ਇਹ ਸਾਰੀਆਂ ਗੱਲਾਂ ਸਿਰਫ ਮੇਰੇ ਨਾਲ ਹੀ ਨਹੀਂ ਵਾਪਰੀਆਂ, ਸਗੋਂ ਉਹਨਾਂ ਨਾਲ ਵਾਪਰੀਆਂ ਹਨ, ਜਿਹੜੇ ਦੱਸ ਨਹੀਂ ਸਕਦੇ, ਮੇਰਾ ਹਾਲੀ ਵੀ ਮਨੁੱਖੀ ਹੋਣੀ ਵਿਚ ਦ੍ਰਿੜ ਵਿਸ਼ਵਾਸ ਹੈ, ਸਾਫ ਸਪਸ਼ਟ ਵਿਸ਼ਵਾਸ ਕਿ ਅਸੀਂ ਮਹਾਨ ਸਾਂਝੀ ਕੋਮਲਤਾ ਵਲ ਵਧ ਰਹੇ ਹਾਂ। ਮੈਂ ਇਹ ਸਭ ਜਾਣਦੇ ਹੋਏ ਲਿਖ ਰਿਹਾ ਹਾਂ ਕਿ ਸਾਡੇ ਸਭ ਦੇ ਸਿਰਾਂ ਉੱਪਰ ਬੰਬ ਦਾ ਖਤਰਾ ਲਟਕਦਾ ਹੈ। ਇੱਕ ਨਿਊਕਲੀਅਰ ਤਬਾਹੀ, ਧਰਤੀ ਉੱਤੇ ਕੁਝ ਵੀ ਨਹੀਂ ਛੱਡੇਗੀ।

ਹਾਂ, ਇਸ ਨਾਲ ਮੇਰੀ ਉਮੀਦ ਬਦਲ ਨਹੀਂ ਜਾਂਦੀ। ਇਸ ਔਖੀ ਘੜੀ, ਵੇਦਨਾ ਦੇ ਇਸ ਝਲਕਾਰੇ ਵਿਚ, ਸਾਨੂੰ ਪਤਾ ਹੈ ਕਿ ਸੱਚੀ ਰੌਸ਼ਨੀ ਉਹਨਾਂ ਅੱਖਾਂ ਵਿਚ ਪਵੇਗੀ ਜਿਹੜੀਆਂ ਚੌਕਸ ਹਨ। ਅਸੀਂ ਸਾਰੇ ਹਰ ਇਕ ਨੂੰ ਸਮਝ ਲਵਾਂਗੇ। ਅਸੀਂ ਇਕੱਠੇ ਅੱਗੇ ਵਧਾਂਗੇ। ਤੇ ਇਹ ਆਸ ਕੁਚਲੀ ਨਹੀਂ ਜਾ ਸਕਦੀ।

—o—





## ਦੋ ਨਜ਼ਮਾਂ/ਸਿਮਰਜੀਤ ਸਿੰਮੀ

### (1) ਕਿਰਨ ਦੀ ਤਲਾਸ਼

ਆਓ !
ਇਹਨਾਂ ਪੰਛੀਆਂ ਦੀ ਤਰ੍ਹਾਂ
ਆਕਾਸ਼ ਵਿੱਚ ਉੱਚੇ ਉਡੀਏ
ਤੇ
ਖੰਭ ਥੱਕੇ ਹਾਰੇ ਹੋਣ ਦੇ ਬਾਵਜੂਦ ਵੀ—
ਬੱਦਲਾਂ ਦੇ ਉਹਲਿਓਂ
ਸੂਰਜ ਦੀ ਕੋਈ ਕਿਰਨ
ਲੱਭ ਲਿਆਈਏ !

### (2) ਜੇਰਾ

ਕੜਕਦੀ ਅਸਮਾਨੀ ਬਿਜਲੀ ਤੋਂ
ਡਰਕੇ ਅੰਦਰ ਵੜਨ ਦੀ ਬਜਾਏ
ਜੇਰਾ ਕਰਕੇ ਪੁੱਛ ਲਈਏ
ਇਸ ਤੋਂ ਇਸਦਾ ਸਿਰਨਾਵਾਂ
ਕਦੇ ਆਪਾਂ ਨੂੰ ਵੀ ਲੋੜ ਪੈ ਸਕਦੀ ਏ
ਇਹਦੇ ਵਾਗੂੰ
ਲਿਸ਼ਕਣ ਅਤੇ ਕੜਕਣ ਦੀ '

V.P.O. ਭਾਗੀਕੇ, ਤਹਿਸੀਲ ਮੋਗਾ, ਫ਼ਰੀਦਕੋਟ (142039)

—o—

ਕਵਿਤਾ

## ਕੌਣ ਸੀ ਉਹ/ਰਾਜਵੰਤ ਘੁਮਣ

ਕੌਣ ਸੀ ਉਹ ? ਜਿਹੜੇ,
ਧੜਾ ਧੜ ਗੋਲੀਆਂ ਚਲਾ ਗਏ ਨੇ।
ਕੌਣ ਸੀ ਉਹ ਜਿਹੜੇ ਪਾਣੀ ਦੀ ਥਾਂ,
ਬੰਦਿਆਂ ਦਾ ਖ਼ੂਨ ਵਹਾ ਗਏ ਨੇ।
ਕੌਣ ਸੀ ਉਹ ਜਿਹੜੇ ਜਾਨਵਰਾਂ ਦੀ ਥਾਂ,
ਬੰਦਿਆਂ ਨੂੰ ਖਾ ਗਏ ਨੇ।

ਕੌਣ ਸੀ ਉਹ ? ਜਿਹੜੇ ਚੰਗੇ ਭਲੇ ਬੰਦਿਆਂ ਨੂੰ,
ਮਿੰਟਾਂ ਵਿਚ ਹੀ ਲਾਸ਼ਾਂ ਬਣਾ ਗਏ ਨੇ।

ਕੌਣ ਸੀ ਉਹ ? ਜਿਹੜੇ ਹੱਸਦੇ ਚਿਹਰਿਆਂ 'ਤੇ,
ਮਿੰਟਾਂ ਵਿਚ ਹੀ ਮਾਤਮ ਵਿਛਾ ਗਏ ਨੇ।

ਕੌਣ ਸੀ ਉਹ ? ਜਿਹੜੇ ਰੰਗ ਦੀ ਥਾਂ,
ਖ਼ੂਨ ਦੀ ਪਿਚਕਾਰੀ ਚਲਾ ਗਏ ਨੇ।

ਕੌਣ ਸੀ ਉਹ ? ਜਿਹੜੇ,
ਕਿਸੇ ਸੁਹਾਗਣ ਦਾ ਘਰ ਵਸਣ ਤੋਂ ਪਹਿਲਾਂ ਲੁੱਟ ਗਏ ਨੇ।

ਕੌਣ ਸੀ ਉਹ ? ਜਿਹੜੇ ਦੀਵਾਲੀ ਦੇ ਦੀਪਾਂ ਦੀ ਥਾਂ,
ਦਿਲਾਂ ਨੂੰ ਅੱਜ ਜਲਾ ਗਏ ਨੇ।

ਕੌਣ ਸੀ ਉਹ ? ਜਿਹਨਾ,
ਭੈਣ ਦੇ ਅਰਮਾਨਾਂ ਦੀ ਚਿਤਾ ਜਲਾ ਦਿੱਤੀ।

ਕੌਣ ਸੀ ਉਹ ? ਜਿਹਨਾਂ
ਭੈਣ ਦੀ ਚਿਤਾ ਜਲਾਂ ਦਿੱਤੀ।

ਕੌਣ ਸੀ ਉਹ ? ਜਿਹਨਾਂ ਬੁੱਢੜੇ ਪਿਓ ਦੇ ਮੋਢਿਆਂ 'ਤੇ,
ਜਵਾਨ ਪੁੱਤ ਦੀ ਅਰਥੀ ਚੁਕਾ ਦਿੱਤੀ।

ਪਰਦਾਨਸ਼ੀਂ ਸਨ ਇਹ ਤਾਂ,
ਕੋਈ ਇਨ੍ਹਾਂ ਨੂੰ ਨਾ ਪਹਿਚਾਣ ਸਕਿਆ।

ਹਵਾ ਦੇ ਬੁੱਲੇ ਵਾਂਗ ਲੰਘ ਗਏ ਇਹ ਤਾਂ,
ਕੋਈ ਇਨ੍ਹਾਂ ਦੀ ਅਸਲੀਅਤ ਨਾ ਜਾਣ ਸਕਿਆ।

ਕਿਹੋ ਜਿਹੇ ਲੋਕ ਹੋ ਗਏ ਦੋਸਤੋ,
ਜਿਨ੍ਹਾਂ ਆਪਣੇ ਹੀ ਘਰ ਅੱਗ ਲਗਾ ਦਿੱਤੀ।
ਵਰ੍ਹਿਆਂ ਤੋਂ ਚਲੀਆ ਆਉਂਦੀਆਂ ਸਾਂਝਾਂ ਦੀ,
ਮਿੰਟਾਂ ਵਿਚ ਹੀ ਅਲਖ ਮੁਕਾ ਦਿੱਤੀ।

V.P.O. ਸਰਵਰਪੁਰ, ਤਹਿ. ਸਮਰਾਲਾ (ਲੁਧਿਆਣਾ)

—o—





## ਵਕਤ ਦੀ ਆਵਾਜ਼/ਅਸੀਮ

—ਸਾਨੂੰ ਹੱਥ ਮਿਲੇ ਤਾਂ ਅਸਾਂ ਹੱਥ ਨਾ ਅੱਡੇ
ਸਗੋਂ ਹੱਥੀਂ ਸਰ੍ਹੋਂ ਜਮਾ ਵਿਖਾਈ !
—ਵੱਡਿਆਂ ਹੱਥਾਂ—
ਹੱਥਾਂ 'ਚੋਂ ਨਿਕਲਦਿਆਂ ਤੱਕ
ਸਾਨੂੰ ਪਾ ਲਈਆਂ ਨੱਥਾਂ
—ਫੇਰ ਕੋਈ ਖੌਰੂ ਪਾਉਂਦਾ ਤਾਂ
ਬਿਠਾ ਦੇਂਦੇ ਰੁੱਗ ਪੱਠੇ ਪਾ ਉਸਨੂੰ
—ਅਸੀਂ 'ਪਰਾਣੀ' ਡਰੋਂ—
ਪਰਾਲੀ ਖਾ; ਚੁੱਕੀ ਰੱਖਦੇ ਪੰਜਾਲੀ
ਤੇ ਉਸ 'ਲਾਸ' ਦੀ ਬੰਦਗੀ
(ਜੋ ਮਿਲੀ ਵਿਰਸੇ 'ਚ)
ਮਹਿਜ਼ ਰੇਤ 'ਚ ਮੂਤਣਾ ਸੀ
—ਪਰ ਹੁਣ ਤਾਂ ਅਸੀਂ ਸਮਝ ਗਏ ਹਾਂ
'ਅਕਲ ਵੱਡੀ ਹੈ ਨਾ ਕਿ ਭੈਂਸ
ਤੇ ਇਹ ਫਲ ਹੈ ਏਸੇ ਜਨਮ ਦੇ ਕਰਮਾਂ ਦਾ
ਨਾ ਕਿ ਪਿਛਲੇ ਜਨਮ ਦਾ......।

ਪਿੰਡ ਤੇ ਡਾਕ: ਮਾਨਾਂਵਾਲਾ ਰਾਹੀਂ ਚੁਗਾਵਾਂ (ਅੰਮ੍ਰਿਤਸਰ) 143109

—o—


### ਚਿਰਾਗ਼ ਪ੍ਰਕਾਸ਼ਨ ਦੀਆਂ ਦੋ ਨਵੀਆਂ ਪੁਸਤਕਾਂ

(1) ਜੰਗਨਾਮਾ ਪੰਜਾਬ (ਹਰਭਜਨ ਸਿੰਘ ਹੁੰਦਲ)
ਪੇਪਰ ਬੈਕ, 25/- ਸੁਜਿਲਦ 50/-

(2) ਮਾਰਕਸਵਾਦੀ ਸਾਹਿਤ ਸਿਧਾਂਤ
ਸੰਪਾਦਕ ਹਰਭਜਨ ਸਿੰਘ ਹੁੰਦਲ
ਮੁੱਲ 100/-

ਮਿਲਣ ਦਾ ਪਤਾ : ਪਿੰਡ ਫੱਤੂ ਚੱਕ P. O. ਢਿਲਵਾਂ, ਕਪੂਰਥਲਾ (144804)

## ਸਾਂਝੀ ਪੇਂਡੂ ਸਾਂਸਕ੍ਰਿਤੀ ਦਾ ਗਲਪੀ ਦਸਤਾਵੇਜ਼—'ਤਾਇਆ ਰੱਬ'

'ਤਾਇਆ ਰੱਬ' ਮੁਖਤਿਆਰ ਸਿੰਘ ਦਾ ਪਹਿਲਾ ਛੋਟਾ ਨਾਵਲ ਹੈ ਜਿਹੜਾ 1994 ਈ. ਵਿਚ ਛਪਿਆ। ਇਸ ਤੋਂ ਪਹਿਲਾਂ ਉਸ ਦੇ ਦੋ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ ਜਿਹੜੇ ਉਸ ਵਿਚਲੇ ਪ੍ਰੌੜ ਗਲਪੀ-ਅਮਲ ਦੇ ਅਨੁਭਵ ਨੂੰ ਪ੍ਰਗਟ ਕਰਦੇ ਹਨ।

'ਤਾਇਆ ਰੱਬ' ਨਾਵਲ ਦੀ ਰਚਨਾ-ਵਸਤੂ ਇਕ ਪਾਸੇ ਸਾਡੀ ਸਾਂਝੀ ਪੇਂਡੂ ਸਾਂਸਕ੍ਰਿਤੀ ਦੇ ਵਿਭਿੰਨ ਪੱਖਾਂ ਤੇ ਸੁਰੰਚਨਾਵਾ ਨਾਲ ਆਪਣਾ ਕਾਰੋਬਾਰ ਜੋੜਦੀ ਹੈ ਅਤੇ ਦੂਜੇ ਪਾਸੇ ਸੰਨ ਸੰਤਾਲੀ ਦੀ ਵੰਡ ਦੇ ਘਿਨੌਣੇ ਯਥਾਰਥ ਨਾਲ ਅੰਤਰ-ਸੰਬੰਧਿਤ ਹੁੰਦੀ ਹੋਈ ਇਸ ਦੁਖਾਂਤ ਨੂੰ ਕਿਸੇ ਇਕ ਫਿਰਕੇ ਦੀ ਪ੍ਰਸ਼ੰਸਾ ਜਾਂ ਦੂਸਰੇ ਦੀ ਨਿੰਦਿਆ ਕਰਨ ਦੀ ਥਾਂ ਇਸ ਦੇ ਘਿਨਾਉਣੇ ਅਤੇ ਮਨੁੱਖ-ਦੋਖੀ ਪਹਿਲੂਆਂ ਦੀ ਤਸਵੀਰ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਪ੍ਰਸਤੁਤ ਕਰਦੀ ਹੈ।

ਨਾਵਲ ਦਾ ਆਰੰਭ ਸੰਵਾਦ-ਜੁਗਤ ਨਾਲ ਪੇਸ਼ ਹੋਇਆ ਹੈ। ਸੰਵਾਦ ਦੀ ਇਹ ਜੁਗਤ ਇਸ ਨਾਵਲ ਦੇ ਕੇਂਦਰੀ ਪਾਤਰ ਤਾਇਆ ਰੱਬ ਅੰਦਰਲੀ ਸਹਿਜਤਾ ਤੇ ਨਿਰ-ਛੱਲਤਾ ਨੂੰ ਹੀ ਪ੍ਰਤੀਬਿੰਬਤ ਨਹੀਂ ਕਰਦੀ, ਸਗੋਂ ਇਹ ਸਾਡੀ ਪੇਂਡੂ ਸਾਂਸਕ੍ਰਿਤੀ ਦੇ ਹਾਸੇ-ਠੱਠੇ ਵਾਲੇ ਸੁਭਾਅ, ਅਪਣੱਤ-ਭਰੇ ਵਿਹਾਰ ਅਤੇ ਘਰੇਲੂ ਤੇ 'ਸਮਾਜਿਕ ਰਿਸ਼ਤਿਆਂ ਦੇ ਪ੍ਰਤੀਨਿਧ ਪੱਖਾਂ ਨੂੰ ਵੀ ਰੂਪਮਾਨ ਕਰਦੀ ਹੈ।

ਬਿਰਤਾਂਤ ਦੇ ਅਗਲੇ ਵੇਰਵੇ ਤਾਇਆ ਰੱਬ ਦੇ ਛੋਟੇ ਭਰਾ ਗੁਰਨਾਮੇ ਤੇ ਉਸ ਦੀ ਪਤਨੀ ਦਿਆਲੋ ਦੇ ਜੀਵਨ ਨਾਲ ਅੰਤਰ-ਸੰਬੰਧਿਤ ਹੁੰਦੇ ਹੋਏ ਸਾਡੇ ਰਸਮੋ-ਰਿਵਾਜ, ਵਹਿਮ-ਭਰਮ, ਖੇਡਾਂ, ਤਿਉਹਾਰ, ਸਮਾਜਿਕ ਸੰਬੰਧਾਂ ਦੇ ਰੂਪ, ਕੰਮਾਂ ਤੇ ਧੰਦਿਆਂ ਦੇ ਰੂਪ ਅਤੇ ਸੁਹਜਾਤਮਕ ਸਿਰਜਨਾਵਾਂ ਦੇ ਸੰਗਠਿਤ ਬਿੰਬ ਇਸ ਤਰ੍ਹਾਂ ਨਿਰੂਪਤ ਹੁੰਦੇ ਹਨ ਕਿ ਉਹ ਸਾਡੀ ਪੇਂਡੂ ਸਾਂਸਕ੍ਰਿਤੀ ਨੂੰ ਉਸਦੀ ਸਮੁੱਚਤਾ, ਜਟਿਲਤਾ ਤੇ ਗਤੀਸ਼ੀਲਤਾ ਵਿਚ ਪ੍ਰਤੀਬਿੰਬਤ ਕਰ ਜਾਂਦੇ ਹਨ।

ਨਾਵਲ ਦੀ ਰਚਨਾ-ਵਸਤੂ ਸਾਡੀ ਭੂਪਵਾਦੀ, ਆਰਥਕ-ਸਮਾਜਿਕ ਬਣਤਰ ਦੇ ਪੂੰਜੀਵਾਦੀ ਆਰਥਕ-ਸਮਾਜਿਕ ਬਣਤਰ ਵਿਚ ਰੂਪਾਂਤ੍ਰਣ ਦੇ ਪ੍ਰਸੰਗ ਨੂੰ ਵੀ ਉਜਾਗਰ ਕਰਦੀ ਹੈ। ਕਥਾਕਾਰ ਦੀ ਦ੍ਰਿਸ਼ਟੀ ਭੂਪਵਾਦੀ ਆਰਥਕ-ਸਮਾਜਿਕ ਬਣਤਰ ਵਿਚਲੀਆਂ ਸਮੂਹ ਪਦਾਰਥਕ ਤੇ ਸੁਹਜਾਤਮਕ ਸਿਰਜਨਾਵਾਂ ਪ੍ਰਤੀ ਇਕ ਵਿਸ਼ੇਸ਼ ਕਿਸਮ ਦੇ ਮੋਹ ਤੇ ਖਿੱਚ ਦਾ ਵਿਵੇਕ ਸਿਰਜਦੀ ਹੈ। ਇਹ ਇਸ ਨਾਵਲ ਨੂੰ ਸਾਂਝੀ ਪੰਜਾਬੀ ਸਾਂਸਕ੍ਰਿਤੀ ਦੇ ਇਕ ਗਲਪੀ ਦਸਤਾਵੇਜ਼ ਵਜੋਂ ਸਥਾਪਤ ਕਰਦੀ ਪ੍ਰਤੀਤ ਹੁੰਦੀ ਹੈ। ਪਰੰਤੂ, ਇਹ ਪ੍ਰਾਪਤੀ ਇਸ ਨਾਵਲ ਦੀ ਇਕ ਸੀਮਾਂ ਵੀ ਬਣਦੀ ਹੈ, ਜਿਹੜੀ ਭੂਪਵਾਦੀ ਸਮਾਜ ਦੇ



ਅੰਤਰਗਤ ਪੇਂਡੂ ਜੀਵਨ ਦੇ ਉਸ ਯਥਾਰਥ ਨੂੰ ਪੇਸ਼ ਕਰਨ ਤੋਂ ਅਸਮਰੱਥ ਰਹਿੰਦੀ ਹੈ ਜਿਹੜਾ ਸੰਸਕਾਰਾਂ ਤੇ ਪਰੰਪਰਾਵਾਦ ਦੀ ਜਕੜ ਵਿਚ ਆਇਆ ਇਕ ਖਾਸ ਤਰ੍ਹਾਂ ਦਾ ਤਣਾਉ ਹੰਢਾਉਂਦਾ ਹੈ।

ਇਸ਼ ਨਾਵਲ ਦੀ ਇਕ ਵਿਲੱਖਣਤਾ ਇਸ ਦੇ ਪ੍ਰਤੀਕ ਪ੍ਰਬੰਧ ਵਿਚ ਹੈ। 'ਖ਼ਿੱਦੋ' ਦਾ ਪ੍ਰਤੀਕ ਪੰਜਾਬ ਦੀ ਸਾਂਝੀ ਸਾਂਸਕ੍ਰਿਤੀ ਦੇ ਰੂਪ ਵਿਚ ਉਜਾਗਰ ਹੋਇਆ ਹੈ।

> ਨਿਆਣਿਆਂ ਨੇ, ਚਿੱਟੇ ਖੱਦਰ, ਕਾਲੇ ਸੂਫ ਦੀਆਂ ਕਾਤਰਾਂ, ਲਾਲ, ਹਰੇ, ਪੀਲੇ ਕਪੜਿਆਂ ਦੀਆਂ ਬੱਚਦੀਆਂ-ਖੁਚਦੀਆਂ ਲੀਰਾਂ ਜਿਸ ਕਿਸੇ ਨੂੰ ਆਪਣੇ ਆਪਣੇ ਘਰੋਂ ਲੱਭੀਆਂ, ਲਿਆ ਕੇ ਖਿੱਦੋ ਉਤੇ ਲਪੇਟ ਦਿੱਤੀਆਂ ਸਨ। ਨੂਰਾ, ਅਹਿਮਦ, ਬਸ਼ੀਰ ਆਪਣੇ ਆਪਣੇ ਘਰੋਂ ਖੱਡੀਆਂ ਦੇ ਤਾਣੇ 'ਚੋਂ ਬਚਦੇ ਪੱਕੇ ਧਾਗਿਆਂ ਦੇ ਟੋਟੇ ਲਿਆ ਕੇ ਖਿੱਦੋ ਉੱਤੇ ਪੁੱਠੀਆਂ ਗੰਢਾਂ ਦੀਆਂ ਪਿੜੀਆਂ ਪਾ ਕੇ ਕੱਸ ਦਿੰਦੇ ਸਨ। ਕੇਸਰ ਬਣਦੀ ਰੱਸੀ ਨਾਲ ਨਗੰਦੇ ਮਾਰ ਕੇ ਖਿਦੋ ਉਤੇ ਜਾਲ ਜਿਹਾ ਬੁਣ ਦਿੰਦਾ ਸੀ।
>
> (ਪੰਨਾ-15

ਪੰਜਾਬ ਦੀ ਸਾਂਝੀ ਸਾਂਸਕ੍ਰਿਤੀ ਦੀ ਸਿਰਜਨਾ ਵਿਚ ਹਰ ਜ਼ਾਤ, ਜਮਾਤ ਤੇ ਧਰਮ ਨੇ ਆਪਣੇ ਵਿਤ ਅਨੁਸਾਰ ਆਪਣਾ ਆਪਣਾ ਯੋਗਦਾਨ ਪਾਇਆ। ਪਰੰਤੂ, ਰਾਜ ਸੱਤਾ ਤੇ ਕਾਬਜ਼ ਜਮਾਤ ਦੇ ਨਿਜੀ ਹਿੱਤਾਂ ਨੇ ਸਾਂਝੀ ਸਾਂਸਕ੍ਰਿਤੀ ਦੀ ਖਿੱਦੋ ਨੂੰ ਖਿੰਡਾ ਕੇ ਰੱਖ ਦਿੱਤਾ। ਤਾਇਆ ਰੱਬ ਵਰਗੇ ਸਾਧਾਰਨ ਬੰਦਿਆਂ ਨੂੰ ਰਾਜਨੀਤੀ ਦੀ ਇਸ ਕੂੜ-ਚਾਲ ਦੀ ਸਮਝ ਨਹੀਂ ਪੈਂਦੀ। ਇਸੇ ਲਈ ਉਸ ਅੰਦਰ ਇਕ ਦਰਦ ਹੈ, ਹੂਕ ਹੈ। ਇਸੇ ਪੀੜਾ ਵਿਚ ਉਹ ਵਿਰਲਾਪ ਕਰਦਾ ਹੈ ਤੇ ਰੋਂਦਾ ਹੈ 'ਖਿੱਦੋ ਦੇ ਲੰਗਾਰ ਕਿਉਂ ਕੀਤੇ।' ਉਸ ਨੂੰ ਇਹ ਵੀ ਯਕੀਨ ਹੈ ਕਿ 'ਓਕਣ ਨੀ ਹੁਣ ਬਣਨੀ......।' (ਪੰਨਾ 35) ਇਹ ਪੀੜਾ ਤੇ ਰੁਦਨ ਤਾਇਆ ਰੱਬ ਦਾ ਨਹੀਂ, ਸਗੋਂ ਤਾਇਆ ਰੱਬ ਦੇ ਰੂਪ ਵਿਚ ਪੇਸ਼ ਹੋਏ ਸਾਧਾਰਨ ਮਨੁੱਖ ਦਾ ਰੁਦਨ ਹੈ।

ਕਥਾਕਾਰ 'ਖਿਦੋ' ਦੇ ਇਸ ਪ੍ਰਤੀਕ ਦੁਆਰਾ ਪੰਜਾਬ ਦੀ ਸਾਂਝੀ ਸਾਂਸਕ੍ਰਿਤੀ ਦੇ ਵੰਡੇ ਜਾਣ ਦੇ ਦੁਖਾਂਤ ਨੂੰ ਆਪਣੇ ਗਲਪੀ-ਅਮਲ ਦੁਆਰਾ ਇਸ ਤਰ੍ਹਾਂ ਪ੍ਰਸਤੁਤ ਕਰਦਾ ਹੈ ਕਿ ਵੰਡ ਨਾਲ ਸੰਬੰਧਤ ਯਥਾਰਥ ਆਪਣੀ ਸਮੱਗਰਤਾ ਤੇ ਜਟਿਲਤਾ ਵਿਚ ਸਾਡੇ ਸਾਹਮਣੇ ਜੀਵੰਤ ਹੋਇਆ ਪ੍ਰਤੀਤ ਹੁੰਦਾ ਹੈ। ਯਥਾਰਥ ਦੀ ਇਸ ਪੇਸ਼ਕਾਰੀ ਵਿਚ ਅਸੀਂ ਮਨੁੱਖ ਦੇ ਦੋਵੇਂ ਰੂਪ ਵੇਖਦੇ ਹਾਂ। ਉਸ ਦੇ ਨੀਚ ਤੋਂ ਨੀਚ ਹੋਣ ਦਾ ਜਿਵੇਂ ਕਾਣਾ ਸਰਦਾਰ, ਬ੍ਰਹਮਣ ਆਦਿ ਅਤੇ ਉਸ ਦੇ ਉੱਚੇ ਤੋਂ ਉੱਚਾ ਉਠਣ ਦਾ ਜਿਵੇਂ ਤਾਇਆ ਰੱਬ। ਤਾਇਆ ਰੱਬ ਇਸ ਸਥਿਤੀ ਵਿਚ ਇਕ ਨਰੋਏ ਪਾਤਰ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਜਿਹੜਾ ਆਪਣੇ ਮਨ, ਬਚਨ ਤੇ ਕਰਮ ਰਾਹੀਂ ਪ੍ਰੇਮ ਤੇ ਸਾਂਝੀਵਾਲਤਾ ਦਾ ਆਦਰਸ਼ ਕਾਇਮ ਕਰਨ ਲਈ ਯਤਨਸ਼ੀਲ ਹੈ। ਉਹ ਆਪਣੇ ਮੁਸਲਮਾਨ ਭਰਾਵਾਂ ਦੇ ਦੂਜੇ ਦੇਸ਼ ਚਲੇ ਜਾਣ ਨੂੰ ਸਹਿ ਨਹੀਂ ਸਕਦਾ। ਉਹ ਤਾਂ ਆਪਣੇ ਪਿੰਡ ਦੇ ਕਿਸੇ ਬੰਦੇ ਦੇ ਸ਼ਹਿਰ

ਜਾਣ ਨੂੰ ਵੀ ਨਹੀਂ ਸਹਿ ਸਕਦਾ। ਉਹ ਕਿਸੇ ਵੀ ਤਰ੍ਹਾਂ ਦੀ ਵੰਡ ਦੇ ਵਿਰੁੱਧ ਹੈ, ਉਹ ਘਰ ਦੀ ਵੰਡ ਹੋਵੇ ਜਾਂ ਜ਼ਮੀਨ ਦੀ ਜਾਂ ਦੇਸ ਦੀ। ਉਸ ਨੂੰ ਨਵਾਂਪਣ ਮਨਜ਼ੂਰ ਨਹੀਂ। ਇਸੇ ਲਈ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੂੰਜੀਵਾਦੀ ਆਰਥਕ ਵਿਵਸਥਾ ਅਧੀਨ ਜੋ ਪਰਿਵਰਤਨ ਆ ਰਹੇ ਹਨ, ਉਹ ਇਹਨਾਂ ਤੋਂ ਹੈਰਾਨ ਹੈ ਅਤੇ ਇਹ ਸਭ ਕੁਝ ਉਸ ਦੀ ਸਮਝ ਤੋਂ ਬਾਹਰ ਹੈ।

ਇਸ ਨਾਵਲ ਦੀ ਇਕ ਪਰਤ ਆਜ਼ਾਦੀ ਤੋਂ ਬਾਅਦ ਦੇਸ਼ ਦੀ ਰਾਜਨੀਤਕ ਤੇ ਆਰਥਿਕ ਸਥਿਤੀ ਵਿਚ ਆਏ ਪਰਿਵਰਤਨ ਨਾਲ ਸੰਬੰਧਿਤ ਹੈ, ਜਿਸ ਅਧੀਨ ਨਵੀਆਂ ਰਾਜਨੀਤਕ ਪਾਰਟੀਆਂ ਹੋਂਦ ਵਿਚ ਆਈਆਂ। ਖੇਤੀਬਾੜੀ ਤੇ ਆਰਥਿਕ ਪ੍ਰਬੰਧ ਵਿਚ ਆਏ ਪਰਿਵਰਤਨ ਨੇ ਪਿੰਡ ਦੀ ਸਵੈ-ਨਿਰਭਰ ਇਕਾਈ ਨੂੰ ਤੋੜਿਆ। ਜਿਸ ਅਧੀਨ ਪਿੰਡ ਸ਼ਹਿਰਾਂ ਵਲ ਨੂੰ ਦੌੜਨ ਲੱਗੇ। ਪਰਿਵਰਤਨ ਦੇ ਇਹ ਵੇਰਵੇ ਵੀ ਇਸ ਨਾਵਲ ਵਿਚ ਰਚਨਾ-ਦ੍ਰਿਸ਼ਟੀ ਵਿਚਲਾ ਵਿਵੇਕ ਪਰੰਪਰਾਵਾਦ ਅਤੇ ਅਪਣਾਈ ਜਾ ਰਹੀ ਨਵੀਨਤਾ ਵਿਚਲੇ ਦਵੰਦ ਨੂੰ ਕਿਸੇ ਤਨਾਉ ਦੇ ਜ਼ਾਵੀਏ ਤੋਂ ਗ੍ਰਹਿਣ ਕਰਨ ਦੀ ਥਾਂ ਉਸਨੂੰ ਤਨਾਉ ਰਹਿਤ ਵਰਤਾਰੇ ਵਜੋਂ ਰੂਪਮਾਨ ਕਰਦਾ ਹੈ।

ਨਕਸਲਬਾੜੀ ਲਹਿਰ ਸਾਡੇ ਸਮਿਆਂ ਦੀ ਇਕ ਇਤਿਹਾਸਕ ਘਟਨਾ ਹੈ ਜਿਹੜੀ ਦੇਸ ਦੇ ਅਸਾਂਵੇਂ ਆਰਥਿਕ-ਪ੍ਰਬੰਧ ਅਤੇ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਦੇ ਪ੍ਰਭਾਵ ਸਦਕਾ ਪੈਦਾ ਹੋਈ। ਇਸ ਲਹਿਰ ਨਾਲ ਸਬੰਧਿਤ ਯਥਾਰਥ ਅੰਸ਼ਿਕ ਰੂਪ ਵਿਚ ਇਸ ਨਾਵਲ ਵਿਚ ਰੂਪਮਾਨ ਹੋਇਆ ਹੈ। ਇਸ ਪਖੋਂ ਇਹ ਨਾਵਲ ਇਕ ਇਤਿਹਾਸਕ ਦਸਤਾਵੇਜ਼ ਵਜੋਂ ਵੀ ਆਪਣੀ ਪਹਿਚਾਣ ਬਣਾਉਂਦਾ ਪ੍ਰਤੀਤ ਹੁੰਦਾ ਹੈ।

ਇਸ ਨਾਵਲ ਦੀ ਇਕ ਵਿਲੱਖਣਤਾ ਇਸ ਵਿਚ ਪ੍ਰਸਤੁਤ ਪਾਤਰਾਂ ਦੀ ਹੈ। ਤਾਇਆ ਰੱਬ ਇਸ ਨਾਵਲ ਦਾ ਕੇਂਦਰੀ ਪਾਤਰ ਹੈ। ਉਹ ਕਾਮ ਗੁੰਝਲ ਵਿਚ ਗ੍ਰੱਸਿਆ ਪ੍ਰਤੀਤ ਹੁੰਦਾ ਹੈ। ਇਸੇ ਗੁੰਝਲ ਕਰਕੇ ਉਹ ਵਿਆਹ ਤੋਂ ਭੱਜਿਆ। ਆਪਣੀ ਔਲਾਦ ਦੀ ਲੋੜ ਲਈ ਤੇ ਜ਼ਮੀਨ ਦੀ ਅੱਗੋਂ ਵੰਡ ਨੂੰ ਰੋਕਣ ਲਈ ਦਿਆਲੋ ਤਾਏ ਰੱਬ ਦੀ ਇਸ ਕਾਮ-ਗੁੰਝਲ ਨੂੰ ਸੁਲਝਾਉਂਦੀ ਹੈ। ਤਾਇਆ ਰੱਬ ਦਿਆਲੋ ਦੀ ਇਸ ਲੋੜ ਨੂੰ ਆਪਣੇ ਉਤੇ ਕੀਤਾ ਬੜਾ ਪਰਉਪਕਾਰ ਸਮਝਦਾ ਹੈ। ਤਾਇਆ ਰੱਬ ਦਿਆਲੋ ਦੇ ਇਸ ਅਹਿਸਾਨ ਅਧੀਨ ਇੰਨਾ ਦਬ ਜਾਂਦਾ ਹੈ ਕਿ ਉਸ ਦੀ ਮਾਨਸਿਕਤਾ ਦਿਆਲੋ ਦਾਂ ਛਾਇਆ ਹਮੇਸ਼ਾ ਆਪਣੇ ਅੰਗ-ਸੰਗ ਮਹਿਸੂਸ ਕਰਦੀ ਹੈ। ਤਾਇਆ ਰੱਬ ਦੀ ਇਹ ਕਾਮ-ਗੁੰਝਲ ਉਸ ਨੂੰ ਇਕ ਪਾਸੇ ਜਨਾਨੜਤਾ ਦੀ ਪੱਧਰ ਤੱਕ ਘਟਾ ਦਿੰਦੀ ਹੈ ਜਿਸ ਰਾਹੀਂ ਅਚੇਤ ਪੱਧਰ ਤੇ ਉਹ ਆਪਣੀ ਕਾਮ-ਤ੍ਰਿਪਤੀ ਦੀ ਤਲਾਸ਼ ਕਰਦਾ ਪ੍ਰਤੀਤ ਹੁੰਦਾ ਹੈ, ਦੂਜੇ ਪਾਸੇ ਇਸ ਕਮਜ਼ੋਰੀ (flaw) ਦੀ ਪੂਰਤੀ ਉਹ ਆਪਣੇ ਦਰਵੇਸ਼ੀ ਵਿਵਹਾਰ ਵਿਚੋਂ ਹੋਈ ਪ੍ਰਤੀਤ ਕਰਦਾ ਹੈ। ਤਾਇਆ ਰੱਬ ਦਾ ਮਾਨਸਿਕ ਤਨਾਉ ਉਸ ਦੇ ਵਿਹਾਰ ਦੀਆਂ ਇਨਾਂ ਦੋਵੇਂ ਤਰ੍ਹਾਂ ਦੀ ਇੰਤਹਾ (extremes) ਵਿਚ ਨਿਹਿਤ ਹੈ। ਪੰਜਾਬੀ ਗਲਪ ਸਾਹਿਤ ਦਾ ਇਹ ਇਕ ਅਜਿਹਾ ਯਥਾਰਥਕ ਤੇ ਸਾਰਥਕ ਪਾਤਰ ਹੈ ਜਿਸ ਦਾ ਡੂੰਘੇਰਾ ਮਨੋਵਿਗਿਆਨਕ-ਅਧਿਐਨ ਬਹੁਤ



ਹੀ ਦਿਲਚਸਪ ਕਿਸਮ ਦਾ ਹੋ ਸਕਦਾ ਹੈ। ਪਰੰਤੂ ਲੇਖ ਦੀ ਸੀਮਾ ਨੂੰ ਧਿਆਨ ਵਿਚ ਰਖਦਿਆਂ ਇਹ ਇਥੇ ਸੰਭਵ ਨਹੀਂ ਹੈ। ਇਸੇ ਤਰ੍ਹਾਂ 'ਦਾਦੀ' ਦਾ ਪਾਤਰ ਸਾਡੀ ਪੇਂਡੂ ਸਮਾਜਿਕ-ਸਾਂਸਕ੍ਰਿਤਕ ਬਣਤਰ ਵਿਚ ਸੀਮਤ ਲੋਕ-ਸਿਆਣਪ ਦੇ ਇਕ ਅਜਿਹੇ ਥੰਮ੍ਹ ਵਜੋਂ ਉਭਰਦਾ ਹੈ ਜਿਹੜਾ ਪਿੰਡਾਂ ਦੇ ਦੈਨਿਕ ਵਿਹਾਰ ਤੇ ਕਾਰਜ ਨੂੰ ਹਮੇਸ਼ਾ ਪ੍ਰਭਾਵਿਤ ਕਰਦਾ ਰਿਹਾ ਹੈ। ਬੇਬੇ ਜੈਕੁਰ ਦਾ ਪਾਤਰ ਵੀ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਭੂਪਵਾਦੀ ਸਮਾਜਿਕ-ਆਰਥਿਕ ਬਣਤਰ ਵਿਚ ਇਕ ਵਿਧਵਾ ਔਰਤ ਦੀ ਸਥਿਤੀ ਕਿਹੋ ਜਿਹੀ ਹੋ ਸਕਦੀ ਹੈ। ਇਸ ਦਾ ਯਥਾਰਥਕ ਤੇ ਮਾਰਮਿਕ ਚਿੱਤਰ ਇਸ ਨਾਵਲ ਵਿਚ ਬੇਬੇ ਜੈਕੁਰ ਦੇ ਰੂਪ ਵਿਚ ਪ੍ਰਾਪਤ ਹੈ। ਇਸ ਨਾਵਲ ਵਿਚ ਦੂਜੇ ਪਾਤਰ ਵੀ ਸਾਡੇ ਆਰਥਕ-ਸਾਂਸਕ੍ਰਿਤਕ ਯਥਾਰਥ ਦੀਆਂ ਵਿਭਿੰਨ ਪਰਤਾਂ ਵਿਚਲੀਆਂ ਜਟਿਲਤਾਵਾਂ ਨੂੰ ਪ੍ਰਤੀਬਿੰਬਤ ਕਰਦੇ ਹਨ।

ਇਸ ਨਾਵਲ ਦੀ ਸੰਰਚਨਾ ਦੀ ਇਕ ਵਿਸ਼ੇਸ਼ਤਾ ਇਸ ਵਿਚ ਪੇਸ਼ ਗਲਪੀ ਬਿੰਬਾਂ ਦੇ ਲਘੂ-ਪੈਟਰਨ (micro-patter n) ਰੂਪ ਵਿਚ ਸਿਰਜਨ 'ਚ ਹੈ। ਇਹ ਗਲਪੀ-ਬਿੰਬ ਦੀ ਦੀਰਘ ਪੈਟਰਨਾਂ (macro-pattern) ਦਾ ਰੂਪ ਇਖਤਿਆਰ ਨਹੀਂ ਕਰਦੇ। ਗਲਪੀ-ਬਿੰਬਾਂ ਦੇ ਲਘੂ ਪੈਟਰਨ (micro-pattern) ਲੰਮੇਰੀ ਕਥਾ ਦੇ ਸੂਚਕ ਤਾਂ ਹੋ ਸਕਦੇ ਹਨ ਪਰੰਤੂ ਨਾਵਲ ਦੀ ਵਿਧਾ ਦੇ ਮੇਚ ਦੇ ਨਹੀਂ! ਇਸੇ ਕਾਰਨ ਇਸ ਨਾਵਲ ਦੇ ਵਿਭਿੰਨ ਕਾਂਡ ਆਪਣੇ ਆਪ ਵਿਚ ਸੁਤੰਤਰ ਕਹਾਣੀਆਂ ਹੋਣ ਦਾ ਭੁਲੇਖਾ ਵੀ ਪਾਉਂਦੇ ਹਨ। ਮੁਖਤਿਆਰ ਸਿੰਘ ਬੁਨਿਆਦੀ ਤੌਰ 'ਤੇ ਕਹਾਣੀਕਾਰ ਹੈ। ਇਸੇ ਕਾਰਨ ਸ਼ਾਇਦ ਉਹ ਨਾਵਲ ਲਿਖਦਾ ਹੋਇਆ ਕਹਾਣੀ ਦੇ ਸਟਰਕਚਰ ਵਿਚ ਬੱਝਾ ਰਿਹਾ ਪ੍ਰਤੀਤ ਹੁੰਦਾ ਹੈ।

ਇਸ ਨਾਵਲ ਦੀ ਇਕ ਵਿਲੱਖਣਤਾ ਇਸ ਦੀ ਭਾਸ਼ਾ ਵਿਚ ਹੈ। ਮੁਖਤਿਆਰ ਸਿੰਘ ਨੂੰ ਆਪਣੀ ਭਾਸ਼ਾ ਤੇ ਪਕੜ ਹੈ। ਉਹ ਵਿਅੰਗ, ਪ੍ਰਤੀਕ ਤੇ ਸੰਕੇਤ ਦੀਆਂ ਜੁਗਤਾਂ ਰਾਹੀਂ ਨਾਵਲ ਵਿਚ ਪੇਸ਼ ਉਨ੍ਹਾਂ ਸਾਰੀਆਂ ਸਥਿਤੀਆਂ ਨੂੰ ਰੂਪਮਾਨ ਕਰ ਸਕਿਆ ਹੈ ਜਿਹੜੀਆਂ ਜੇ ਸਾਧਾਰਨ ਭਾਸ਼ਾ ਦੁਆਰਾ ਪੇਸ਼ ਹੁੰਦੀਆਂ ਤਾਂ ਕਥਾਕਾਰ ਉਤੇ ਨੰਗੇਜ਼ ਜਾਂ ਅਸ਼ਲੀਲਤਾ ਦਾ ਦੋਸ਼ ਆਰੋਪਤ ਹੋ ਜਾਣਾ ਸੀ। ਉਸ ਦੀ ਇਹ ਖ਼ੂਬਸੂਰਤੀ ਹੈ ਕਿ ਉਸਨੇ ਆਪਣੀ ਭਾਸ਼ਾਈ ਸੂਝ ਦੁਆਰਾ ਘਟਨਾ ਤੋਂ ਪ੍ਰਭਾਵ ਤਕ ਦੇ ਸਫ਼ਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਤੈਅ ਕੀਤਾ ਹੈ। ਫਲੈਸ਼ ਬੈਕ, ਚੇਤਨਾ ਪ੍ਰਵਾਹ, ਸੰਬਾਦ, ਬਿਆਨ ਤੇ ਪ੍ਰਤੀਕਾਤਮਕਤਾ ਦੀਆਂ ਜੁਗਤਾਂ ਨਾਵਲ ਦੇ ਬਿਰਤਾਂਤਕ ਸੰਗਠਿਤ ਵਿਚ ਸਹਿਜ ਤੇ ਸੁਹਜ ਨੂੰ ਪੈਦਾ ਕਰਦੇ ਹਨ ਅਤੇ ਇਸ ਨੂੰ ਇਕ ਸਦੀਵੀ ਸੰਗਠਨ ਵੀ ਪ੍ਰਦਾਨ ਕਰਦੀਆਂ ਹਨ।

ਇਉਂ, ਇਹ ਨਾਵਲ ਮੁਖਤਿਆਰ ਸਿੰਘ ਦੀ ਗਲਪੀ ਚੇਤਨਾ ਨੂੰ ਇਕ ਵਿਸਤਾਰ ਦੇਣ ਵਾਲੀ ਗਲਪੀ-ਰਚਨਾ ਹੈ, ਜਿਹੜੀ ਸਾਡੀ ਪੇਂਡੂ—ਸਾਂਝੀ ਸਾਂਸਕ੍ਰਿਤੀ ਦੇ ਵਿਭਿੰਨ ਪੱਖਾਂ ਤੇ ਰੂਪਾਂ ਨੂੰ ਉਹਨਾਂ ਦੀ ਸਮੁੱਚਤਾ, ਜਟਿਲਤਾ ਅਤੇ ਗਤੀਸ਼ੀਲਤਾ ਵਿਚ ਰੱਖ ਕੇ ਉਨ੍ਹਾਂ ਦਾ ਗਲਪੀ-ਰੂਪਾਂਤ੍ਰਣ ਪੇਸ਼ ਕਰਦੀ ਹੈ। ਉਸ ਦੇ ਗਲਪੀ-ਅਮਲ ਦੀ ਖ਼ੂਬਸੂਰਤੀ ਇਹ ਹੈ ਕਿ ਉਸ ਨੇ ਸਾਡੀ ਲੋਕਧਾਰਾ ਦੇ ਭੰਡਾਰ ਨੂੰ ਇਸ ਨਾਵਲ ਵਿਚ ਇਸ ਤਰ੍ਹਾਂ ਵਿਉਂਤਿਆ ਹੈ ਕਿ ਇਹ ਨਾਵਲ ਸਾਡੀ ਪੇਂਡੂ ਤੇ ਸਾਂਝੀ ਪੰਜਾਬੀ ਸ਼ਾਂਸਕ੍ਰਿਤੀ ਦੀਆਂ ਪ੍ਰਤੀਨਿਧ ਸੰਸਥਾਵਾਂ,

ਮੁੱਲਾਂ ਰੂੜੀਆਂ ਅਤੇ ਰਹੁ-ਰੀਤਾਂ ਦਾ ਇਕ ਸੰਗਠਿਤ ਬਿੰਬ ਸਿਰਜਦਾ ਹੋਇਆ ਇਕ ਮੂਲਵਾਨ ਤੇ ਸਾਂਭਣਯੋਗ ਗਲਪੀ-ਦਸਤਾਵੇਜ਼ ਵੀ ਬਣਦਾ ਹੈ ।

ਡਾ. ਸੁਰਿੰਦਰ ਕੁਮਾਰ ਦਵੇਸ਼ਵਰ

## 'ਦੇਹੀ-ਨਾਦ' ਜਾਂ ਦੇਹੀਵਾਦ ?/ਸਵਰਨਜੀਤ ਸਵੀ

ਭਾਰਤੀ ਤੇ ਖਾਸਕਰ ਪੰਜਾਬੀ ਸਮਾਜ ਇਕੋ ਸਮੇਂ ਤਿੰਨ ਯੁੱਗਾਂ ਵਿਚ ਵਿਚਰ ਰਿਹਾ ਹੈ। ਸਭ ਤੋਂ ਪੁਰਾਣਾ ਜਾਗੀਰਦਾਰੀ ਯੁੱਗ ਹੈ ਜਿਸ ਨੇ ਸਾਡੇ ਸੰਸਕਾਰਾਂ ਤੇ ਰਵਾਇਤਾਂ ਰਾਹੀਂ ਸਾਡੇ ਸਮਾਜ ਉੱਪਰ ਆਪਣੀ ਜਕੜ ਕਾਇਮ ਰੱਖੀ ਹੈ ਤੇ ਮਾਨਵੀ ਸਮਾਜਿਕ-ਇਤਿਹਾਸਕ ਵਿਕਾਸ ਦੇ ਰਸਤੇ ਵਿਚ ਸਭ ਤੋਂ ਵੱਡੀ ਅੜਚਣ ਬਣ ਖੜਾ ਹੈ। ਤੀਸਰਾ ਸਮਾਜਵਾਦੀ ਯੁੱਗ ਭਵਿੱਖ-ਮੁਖੀ ਹੈ। ਦੂਸਰੇ ਪੂੰਜੀਵਾਦੀ ਯੁੱਗ ਦੀ ਕੁੱਖ ਵਿਚੋਂ ਹੀ ਸਮਾਜਵਾਦੀ ਚੇਤਨਾ ਦਾ ਜਨਮ ਹੁੰਦਾ ਹੈ। ਪੰਜਾਬੀ ਸਮਾਜ ਵਿਚ ਇਸ ਚੇਤਨਾ ਦਾ ਅਸਰ ਮੱਧ ਵਰਗੀ ਬੁੱਧੀਜੀਵੀ ਤਬਕੇ ਉੱਪਰ, ਇਕ ਸਮੇਂ ਪੂਰੇ ਵਿਸ਼ਵ ਦੇ ਤੀਸਰੇ ਹਿੱਸੇ ਵਿਚ ਕਾਇਮ ਹੋ ਗਏ ਸਮਾਜਵਾਦੀ ਨਿਜ਼ਾਮ ਦੇ ਪਏ ਪ੍ਰਭਾਵ ਕਾਰਨ ਹੈ। ਇਨ੍ਹਾਂ ਦੋਹਾਂ ਯੁੱਗਾਂ ਦੇ ਵਿਚਕਾਰ ਸਭ ਤੋਂ ਵਧੇਰੇ ਗੁੰਝਲਦਾਰ ਤੇ ਭੁਲੇਖਾਪਾਊ ਪੂੰਜੀਵਾਦ ਹੈ। ਪੰਜਾਬੀ ਸਮਾਜ ਉੱਪਰ ਪੂੰਜੀਵਾਦੀ ਅਸਰ 'ਹਰੀ ਕ੍ਰਾਂਤੀ' ਦੇ ਲਾਜ਼ਮੀ ਸਿੱਟੇ ਕਾਰਨ ਹੈ ਪ੍ਰੰਤੂ ਹਰੀ ਕ੍ਰਾਂਤੀ ਦੇ ਰੂਪ ਵਿਚ ਪੰਜਾਬੀ ਆਰਥਕਤਾ ਦਾ ਪੂੰਜੀਕਰਨ, ਆਰਥਕਤਾ ਤੇ ਸਮਾਜ ਦੇ ਸਮਾਜਕ-ਇਤਿਹਾਸਕ ਵਿਕਾਸ ਦੇ ਸਿੱਟੇ ਵਜੋਂ ਨਹੀਂ ਹੋਇਆ ਸਗੋਂ ਸਾਮਰਾਜ, ਵੱਲੋਂ ਪਲਾਂਟ ਕੀਤੀ ਗਈ ਟੈਕਨਾਲੋਜੀ ਰਾਹੀਂ, ਇਸ ਹਰੀ ਕ੍ਰਾਂਤੀ ਦਾ ਵਾਹਨ ਬਣਿਆ ਹੈ। ਇਸੇ ਕਾਰਨ ਹੀ ਜਾਗੀਰਦਾਰੀ ਜਾਂ ਸਾਮੰਤੀ ਕਦਰਾਂ-ਕੀਮਤਾਂ ਦੀ ਜਕੜ ਸਾਡੇ ਸਮਾਜ ਵਿਚੋਂ ਖਤਮ ਨਹੀਂ ਹੋ ਸਕੀ ਹੈ। ਪ੍ਰੰਤੂ ਸਮਾਜਵਾਦੀ ਚੇਤਨਾ ਦਾ ਪਸਾਰ ਜ਼ਰੂਰ ਆਰੰਭ ਹੋ ਗਿਆ ਹੈ।

ਆਧੁਨਿਕ ਪੰਜਾਬੀ ਸਾਹਿਤ ਵਿਚ ਹੁਣ ਤਕ ਇਨ੍ਹਾਂ ਤਿੰਨਾਂ ਪ੍ਰਬੰਧਾਂ ਦੇ ਪ੍ਰਭਾਵਾਂ ਦੀ ਅਭਿਵਿਅਕਤੀ ਹੁੰਦੀ ਰਹੀ ਹੈ, ਚਾਹੇ ਉਹ ਸਾਮੰਤੀ ਕਦਰਾਂ-ਕੀਮਤਾਂ ਦੀ ਜਕੜਨ ਜਾਂ ਤਿੜਕਣ ਦੇ ਰੂਪ ਵਿਚ ਹੋਵੇ ਜਾਂ ਮਜ਼ਦੂਰ-ਕਿਸਾਨਾਂ ਦੇ ਜਥੇਬੰਦ ਹੋਣ ਦੀਆਂ ਕੋਸ਼ਿਸ਼ਾਂ ਦੇ ਰੂਪ ਵਿਚ। ਹਾਂ—ਹੁਣ ਤਕ ਹਰੀ ਕ੍ਰਾਂਤੀ ਕਾਰਨ ਸਮਾਜ ਵਿਚ ਹੋਏ ਪੂੰਜੀਕਰਨ ਦੇ ਕੁਪ੍ਰਭਾਵਾਂ ਦਾ ਪ੍ਰਗਟਾਵਾ ਸਾਹਿਤ ਵਿਚ ਨਹੀਂ ਸੀ ਹੋਇਆ। ਅਜਿਹਾ ਨਾ ਹੋਣ ਲਈ ਪ੍ਰਮੁੱਖ ਰੂਪ ਵਿਚ ਦੋ ਕਾਰਨ ਹਨ। ਪਹਿਲਾ—ਸੱਠਵਿਆਂ ਦੇ ਦਹਾਕੇ ਵਿਚ ਚੱਲੀ ਨਕਸਲਬਾੜੀ ਲਹਿਰ ਜਿਸਨੇ ਪੰਜਾਬੀ ਸਾਹਿਤਕਾਰਾਂ ਨੂੰ ਪ੍ਰਗਤੀਸ਼ੀਲਤਾ ਨਾਲ ਪ੍ਰਤੀਬੱਧ ਕਰੀ ਰੱਖਿਆ ਤੇ ਦੂਸਰਾ—ਅੱਸੀਵਿਆਂ ਦੇ ਦਹਾਕੇ ਵਿਚਲਾ ਖਾਲਿਸਤਾਨੀ ਅੱਤਵਾਦ—ਜਿਸਨੇ ਪੰਜਾਬੀਆਂ ਨੂੰ ਮੌਤ ਦੀ ਦਹਿਸ਼ਤ ਦੇ ਬਹੁਤ ਕਰੀਬ ਰੱਖਿਆ। ਮੌਤ ਦੀ ਦਹਿਸ਼ਤ ਮਾਨਵ ਨੂੰ ਜ਼ਿੰਦਗੀ ਦੇ ਮੁੱਲ ਦਾ ਅਹਿਸਾਸ ਕਰਵਾਉਂਦੀ ਹੈ ਤੇ ਸਰੂਪ



ਪੰਜਾਬੀ ਸਾਹਿਤਕਾਰ ਇਸ ਦਹਾਕੇ ਦੌਰਾਨ ਵੀ 'ਜ਼ਿੰਦਗੀ' ਲਈ ਹੀ ਰਚਨਾ ਕਰਦੇ ਰਹੇ।

ਪ੍ਰੰਤੂ ਹੁਣ ਜਦ ਸਾਹਿਤਕਾਰਾਂ ਨੂੰ ਸਮਾਜੀ ਸਰੋਕਾਰਾਂ ਨਾਲ ਜੁੜਨ ਦੀ ਪ੍ਰੇਰਨਾ ਦੇਣ ਲਈ ਨਾ ਤਾਂ ਕੋਈ ਪ੍ਰਗਤੀਸ਼ੀਲ ਉਭਾਰ ਹੈ ਤੇ ਨਾ ਹੀ ਮੌਤ ਦਾ ਕੋਈ ਕਰੀਬੀ ਅਹਿਸਾਸ, ਤਾਂ ਇਕ ਨਵੀਂ ਤਰ੍ਹਾਂ ਦਾ 'ਬਹੁ-ਪੱਖੀ, ਬਹੁ-ਪਰਤੀ, ਬਹੁ-ਦਿਸ਼ਾਵੀ, ਪੈਰਾ-ਡੌਕਸੀਕਲ ਅਤੇ ਮਿਸ਼੍ਰਿਤ' ਸਾਹਿਤ ਪੈਦਾ ਹੋ ਰਿਹਾ ਹੈ ਜੋ ਪਰੰਪਰਾ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਤਾਂ ਕਰਦਾ ਹੈ ਪਰ ਜੋ ਨਵਾਂ ਸਿਰਜਦਾ ਜਾਂ ਸਿਰਜਣਾ ਚਾਹੁੰਦਾ ਹੈ, ਉਸਨੂੰ ਤੁਸੀਂ ਹੋਰ ਕੋਈ ਵੀ ਸਿਰਲੇਖ ਦੇ ਸਕਦੇ ਹੋ ਪਰ ਪ੍ਰਗਤੀਸ਼ੀਲ ਨਹੀਂ ਕਹਿ ਸਕਦੇ। ਪੰਜਾਬੀ ਕਵਿਤਾ ਵਿਚ ਇਸ ਨਵੇਂ ਰੁਝਾਨ ਦਾ ਆਗਮਨ ਸਵਰਨਜੀਤ ਸਵੀ, ਆਸੀ, ਵਿਸ਼ਾਲ ਆਦਿ ਨਵੇਂ ਕਵੀਆਂ ਰਾਹੀਂ ਹੁੰਦਾ ਹੈ ਜਿਨ੍ਹਾਂ ਵਿਚੋਂ ਸਵਰਨਜੀਤ ਸਵੀ ਦੀ ਪੁਸਤਕ 'ਦੇਹੀ ਨਾਦ' ਦਾ ਵਿਸ਼ਲੇਸ਼ਣ, ਉੱਪਰ ਵਰਣਿਤ ਸੰਦਰਭ ਵਿਚ ਕਰਨਾ, ਇਸ ਲੇਖ ਦਾ ਮੁੱਖ ਮੰਤਵ ਹੈ।

ਸਵੀ ਦੀ ਕਵਿਤਾ ਜਿਵੇਂ ਕਿ ਕਿਤਾਬ ਦੇ ਸਿਰਲੇਖ ਤੋਂ ਜ਼ਾਹਿਰ ਹੈ 'ਦੇਹੀ ਨਾਦ' ਸੁਣਾਉਣ ਦੀ ਕੋਸ਼ਿਸ਼ ਹੈ। ਇਸ ਕਵਿਤਾ ਦੀ ਸਟੇਜ ਉੱਤੇ ਸਿਰਫ਼ ਦੋ ਪਾਤਰ ਪ੍ਰਤੱਖ ਹਨ, ਮੈਂ (ਮਰਦ) ਤੇ ਤੂੰ (ਔਰਤ)। ਮਰਦ ਤੇ ਔਰਤ ਦੇ ਆਪਸੀ ਸੰਬੰਧਾਂ ਦੀ ਇਕੋ ਇੱਕ ਤੰਦ 'ਦੇਹੀ' ਹੈ। ਸੋ 'ਦੇਹੀ' ਹੀ ਇਸ ਕਵਿਤਾ ਦਾ ਕੇਂਦਰੀ ਮੋਟਿਫ਼ ਹੈ। ਮਰਦ ਤੇ ਔਰਤ ਦੀ ਇਕ-ਦੂਸਰੇ ਤੋਂ ਬਿਨਾਂ ਕੋਈ ਪਛਾਣ ਨਹੀਂ ਹੈ। ਇਕ-ਦੂਸਰੇ ਦੀ ਚੇਤਨਾ ਰਾਹੀਂ ਹੀ ਉਨ੍ਹਾਂ ਦੀ ਹੋਂਦ ਦਾ ਪ੍ਰਗਟਾਵਾ ਹੁੰਦਾ ਹੈ।

ਤੂੰ ਜੋ ਵੀ ਹੈ
...
.........
ਮੇਰੀਆਂ ਅੱਖਾਂ ਰਾਹੀਂ ਉੱਤਰਦਾ
ਮੇਰੇ ਦਿਮਾਗ ਦਾ ਸਿਰਜਿਆ
ਅਕਸ ਹੈਂ ਮਾਤਰ
ਤੇ ਮੈਂ ਜੋ ਵੀ ਹਾਂ
ਤੇਰੇ ਵਿੱਚੋਂ ਬਣਿਆ ਉਗਮਿਆ
ਅਕਸ ਹਾਂ ਤੇਰਾ

ਵਧੇਰੇ ਕਵਿਤਾਵਾਂ ਵਿਚ ਮਰਦ ਤੇ ਔਰਤ ਸੱਭਿਆਚਾਰਕ ਖ਼ਲਾਅ ਵਿਚ ਵਿਚਰਦੇ ਹਨ ਜਿੱਥੇ 'ਮੈਂ' ਸਿਰਫ਼ 'ਮਰਦ' ਹੈ ਤੇ 'ਤੂੰ' ਸਿਰਫ਼ 'ਔਰਤ'।

ਮੇਰੇ ਚੁਫੇਰ
ਮੇਰੇ ਮਨ ਦੇ ਲਿੰਗ ਤੇ

ਤੇਰੇ ਅਹਿਸਾਸਾਂ ਦੇ ਬੀਜਾਂ ਦੀ ਸਥਾਪਤੀ
ਐ ਦੁੱਧ ਯੋਨੀ

ਜਾਂ

ਜਦ ਵੀ ਮੈਂ
ਤੈਨੂੰ ਦੇਖਦਾ ਹਾਂ
ਤਾਂ ਮੇਰੇ ਰਿਸ਼ਤਿਆਂ ਦੀ ਗੁਥਲੀ 'ਚੋਂ
ਕਿਰ ਜਾਂਦੇ ਨੇ
ਸਭ ਰਿਸ਼ਤਿਆਂ ਦੇ ਨਾਂ
ਰਹਿ ਜਾਂਦਾ ਹੈ
ਇੱਕ ਨਾਮ—
ਔਰਤ।

ਵਧੇਰੇ ਕਵਿਤਾਵਾਂ ਵਿਚ 'ਮੈਂ' (ਮਰਦ) ਦਾ ਮਕਸਦ ਸਿਰਫ਼ ਸਰੀਰਕ ਅਨੰਦ ਪ੍ਰਾਪਤ ਕਰਨ ਤੱਕ ਹੀ ਸੀਮਿਤ ਹੈ ਤੇ ਕੁਝ ਕਵਿਤਾਵਾਂ ਵਿਚ 'ਤੂੰ' (ਔਰਤ) ਬਾਰੇ ਵੀ ਅਜਿਹਾ ਹੀ ਭਰਮ ਸਿਰਜਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਂਜ ਇਸ 'ਉੱਤਰ ਅਧੁਨਿਕ ਕਵਿਤਾ' ਵਿਚ ਵੀ ਮਰਦ ਤੇ ਔਰਤ ਆਪਣੇ ਪਰੰਪਰਾਗਤ ਸੰਕਲਪਾਂ ਦੇ ਦਾਇਰੇ ਵਿਚ ਹੀ ਵਿਚਰਦੇ ਨਜ਼ਰ ਆਉਂਦੇ ਹਨ। ਮਰਦ ਪਰੰਪਰਾਗਤ ਮਾਨਵੀ ਸਮਝ ਅਨੁਸਾਰ ਭਾਰੂ (dominant) ਰੋਲ ਨਿਭਾਉਂਦਾ ਹੈ ਜਦਕਿ ਔਰਤ ਨਿਸ਼ਕ੍ਰਿਆ (passive) ਹੈ।

ਇਹਨੀਂ ਦਿਨੀਂ ਮੇਰੇ ਲਈ
...............
ਸਭ ਜਿਸਮ ਵਰਗਾ ਹੈ
ਤੈਨੂੰ ਚੰਗਾ ਲੱਗੇ—ਨਾ ਲੱਗੇ

ਜਾਂ

ਮੇਰੀ ਕੈਨਵਸ ਤੂੰ
ਛੋਹਾਂ ਲਾਵਾਂ ਬੁਰਸ਼ ਨਾਲ ਮੈਂ

ਇਥੋਂ ਤੱਕ ਕਿ ਜਦ ਮਰਦ 'ਸਵੈ' ਦੀ ਔਰਤ ਕੋਲ ਸਪੁਰਦਗੀ ਦੀ ਗੱਲ ਵੀ ਕਰਦਾ ਹੈ ਤਾਂ ਖੁਦ ਔਰਤ ਦੇ 'ਅੰਗ-ਅੰਗ 'ਤੇ ਚੁੰਮਣਾਂ ਦੇ ਮੀਂਹ ਵਾਂਗ ਵਰ੍ਹਨਾ' ਲੋਚਦਾ ਹੈ। 'ਮੀਂਹ' ਵਿਚ ਮਰਦ ਦੀ ਗਤੀਸ਼ੀਲਤਾ ਦਾ ਹੀ ਪ੍ਰਤੀਕ ਬਣਦਾ ਹੈ। ਸਿਰਫ਼ ਇਕ ਜਾਂ ਦੋ ਕਵਿਤਾਵਾਂ ਵਿਚ ਹੀ ਔਰਤ ਗਤੀਸ਼ੀਲ ਨਜ਼ਰ ਆਉਂਦੀ ਹੈ। ਮਰਦ ਦੀ ਦੀ ਗਤੀਸ਼ੀਲਤਾ ਹੀ ਇਸ ਕਵਿਤਾ ਵਿਚ, ਨਿਯਮ ਹੈ ਤੇ ਔਰਤ ਦੀ ਗਤੀਸ਼ੀਲਤਾ ਅਪਵਾਦ।



ਲੰਮੇ ਸਮੇਂ ਤੱਕ ਸਾਡੇ ਸਮਾਜ ਤੇ ਸਾਹਿਤ ਵਿਚ ਸਰੀਰਕ ਸੰਬੰਧ ਤੇ ਮਾਨਵੀ ਪ੍ਰੇਮ (ਮਰਦ-ਔਰਤ) ਨੂੰ ਇਕ ਦੂਸਰੇ ਤੋਂ ਤੋੜ ਕੇ ਵੀ ਵੇਖਿਆ ਤੇ ਸਮਝਿਆ ਜਾਂਦਾ ਰਿਹਾ ਹੈ। ਸਾਮੰਤੀ ਸਮਾਜ ਤੇ ਸਾਹਿਤ ਵਿਚ ਮਰਦ-ਔਰਤ ਆਕਰਸ਼ਣ ਤੇ ਪਿਆਰ ਨੂੰ ਅਧਿਆਤਮਕ ਲਿਹਾਫ਼ ਵਿਚ ਲਪੇਟ ਕੇ ਪੇਸ਼ ਕਰਨ ਦੀ ਰਵਾਇਤ ਰਹੀ ਹੈ। ਪੂੰਜੀਵਾਦੀ ਪ੍ਰਬੰਧ ਆਪਣਾ ਇਨਕਲਾਬੀ ਖਾਸਾ ਗਵਾਉਣ ਤੋਂ ਪਹਿਲਾਂ ਤੱਕ 'ਔਰਤ ਦੇ ਕੁੰਵਾਰਪਣ' ਤੇ 'ਇੱਜ਼ਤ ਦੇ ਸਦਾ ਲਈ ਗਵਾਚਣ' ਜਿਹੇ ਸਾਮੰਤੀ ਸੰਕਲਪਾਂ ਨੂੰ ਖਤਮ ਕਰਦਾ ਹੈ। ਪ੍ਰੰਤੂ ਬਾਅਦ ਵਿਚ ਇਸ ਪ੍ਰਬੰਧ ਦੀਆਂ ਅੰਦਰੂਨੀ ਵਿਰੋਧਤਾਈਆਂ ਸ਼ਮਾਜ ਦੇ ਸੰਕਲਪਾਂ ਉੱਪਰ ਵੀ ਉਲਾਰ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੰਦੀਆਂ ਹਨ। ਪੂੰਜੀਵਾਦੀ ਪ੍ਰਬੰਧ ਵਿਚ ਉਤਪਾਦਨ ਦੇ ਢੰਗ ਦਾ ਇਕ ਖਾਸਾ ਹੈ, ਉਤਪਾਦਨ ਦੀ ਪ੍ਰਕਿਰਿਆ ਵਿਚ ਕਿਰਤ ਦੀ ਵੰਡ। ਉਤਪਾਦਿਤ ਵਸਤੂ, ਪੂਰੀ ਦੀ ਪੂਰੀ, ਕਿਸੇ ਇਕ ਕਾਰੀਗਰ ਵਲੋਂ ਇਕੱਲਿਆਂ ਤਿਆਰ ਨਹੀਂ ਹੋਈ ਹੁੰਦੀ। ਇਸ ਲਈ ਕਾਰੀਗਰ ਦਾ ਉਤਪਾਦਿਤ ਵਸਤੂ ਨਾਲ ਕੋਈ ਮੋਹ ਨਹੀਂ ਹੁੰਦਾ। ਉਤਪਾਦਿਤ ਵਸਤੂ ਤੋਂ ਇਹ ਅਲਗਾਵ ਦੂਸਰੀਆਂ ਸਮਾਜਿਕ ਪ੍ਰਕ੍ਰਿਆਵਾਂ ਤੇ ਰਿਸ਼ਤਿਆਂ ਵਿਚ ਵੀ ਉਜਾਗਰ ਹੁੰਦਾ ਹੈ। ਫਲਸਰੂਪ ਰਿਸ਼ਤੇ ਵਿਖੰਡਿਤ ਹੋ ਜਾਂਦੇ ਹਨ, ਅਲਹਿਦਗੀ ਤੇ ਅਜਨਬੀਅਤ ਦਾ ਅਹਿਸਾਸ ਮਾਨਵੀ ਸੰਕਟ ਦੇ ਰੂਪ ਵਿਚ ਉੱਭਰਦਾ ਹੈ। ਇਸੇ ਕਾਰਨ ਹੀ ਪੂੰਜੀਵਾਦੀ ਪ੍ਰਬੰਧ ਵਿਚ ਵੀ ਮਰਦ-ਔਰਤ ਪਿਆਰ ਤੇ ਸਰੀਰਕ ਸੰਬੰਧਾਂ ਵਿਚ ਇਕਸੁਰਤਾ ਪੈਦਾ ਨਹੀਂ ਹੁੰਦੀ। ਵਿਅਕਤੀਗਤ ਆਜ਼ਾਦੀ ਦੇ ਨਾਂ ਉੱਤੇ ਸਮੂਹਿਕ ਚੇਤਨਾ ਦੀ ਜਕੜ ਤੋਂ ਸਰੀਰਕ ਸੰਬੰਧਾਂ ਦੀ ਖੁੱਲ੍ਹ ਜ਼ਰੂਰ ਪੈਦਾ ਹੁੰਦੀ ਹੈ ਪਰ ਇਨ੍ਹਾਂ ਸੰਬੰਧਾਂ ਵਿਚੋਂ ਮਾਨਵੀ ਸੰਤੁਸ਼ਟੀ ਗੈਰ ਹਾਜ਼ਰ ਹੀ ਰਹਿੰਦੀ ਹੈ। ਸਵੀ ਦੀ ਕਵਿਤਾ ਵਿਚਲੇ 'ਮੈਂ' ਤੇ 'ਤੂੰ' ਦੇ ਸਰੀਰਕ ਸੰਬੰਧਾਂ ਵਿਚ ਅਸੰਤੁਸ਼ਟੀ ਦੇ ਸੰਕਟ ਦਾ ਇਹੀ ਕਾਰਨ ਹੈ। ਇਸੇ ਕਾਰਨ ਹੀ ਇਹ ਸਰੀਰਕ ਸੰਬੰਧ ਭਾਵਨਾਤਮਕ ਮਾਨਵੀ ਸੰਬੰਧਾਂ ਦੀ ਸਮੀਕਰਨ ਤੋਂ ਬਾਹਰ ਹੀ ਉਪਜਦੇ, ਵਿਗਸਦੇ ਤੇ ਖਤਮ ਹੁੰਦੇ ਹਨ।

ਲਗਦੈ ਕਿ
ਪੰਛੀ ਸੁਪਨਾ ਤੇ ਜਾਲ
ਸਦਾ ਨਾਲ ਨਾਲ ਰਹਿੰਦੇ ਨੇ

ਜਾਂ

ਆਪਣੇ ਅੰਦਰਲੇ ਲਾਵੇ ਦਾ ਡੱਸਿਆ
ਮੁਕਤ ਨਹੀਂ ਹੁੰਦਾ
ਪਲ ਦੇ ਹਜ਼ਾਰਵੇਂ ਹਿੱਸੇ 'ਚ ਵੀ

ਸਵੀ 'ਦੇਹੀ ਨਾਦ' ਦੀ ਕਵਿਤਾ ਵਿਚ ਮਾਨਵੀ ਸੰਬੰਧਾਂ ਤੇ ਰਿਸ਼ਤਿਆਂ ਦੇ ਵਿਕਾਸ ਬਾਰੇ ਵੀ ਪ੍ਰਤੀਕਰਮ ਦਿੰਦਾ ਹੈ। ਮਰਦ ਤੇ ਔਰਤ ਵਿਚਲੇ ਸੰਬੰਧਾਂ ਨੂੰ ਸਵੀ, ਜੜ੍ਹ ਤੇ ਪਾਸ਼ਵਿਕ ਸਰੀਰਕ ਸੰਬੰਧਾਂ ਤੋਂ ਸ਼ੁਰੂ ਹੈ 'ਮਾਂ-ਪਿਓ-ਪਤਨੀ-ਭੈਣ-ਭਰਾ ਤੇ ਹੋਰ ਕਿੰਨੇ ਹੀ

ਸੰਬੋਧਨਾਂ ਵਿਚ ਉਲਝ ਗਏ' ਦੱਸਦਾ ਹੈ। 'ਸੱਭਿਅਕ ਤੇ 'ਸਮਾਜਿਕ' ਹੋਣ ਬਾਰੇ ਗੱਲ ਕਰਦਿਆਂ ਉਸ ਦੀ ਟੋਨ ਵਿਅੰਗਮਈ ਹੋ ਜਾਂਦੀ ਹੈ। ਉਸ ਨੂੰ ਸੱਭਿਅਕ' ਤੇ 'ਵਸਤਰਾਂ' ਵਾਲੇ ਸਮਾਜ ਵਿਚ ਮਰਦ-ਔਰਤ ਦੇ ਸਰੀਰਕ ਸੰਬੰਧ 'ਸਹਿਜ' ਨਹੀਂ ਜਾਪਦੇ। ਉਸ ਅਨੁਸਾਰ 'ਰਿਸ਼ਤਿਆਂ, ਅਰਥਾਂ-ਅਨਰਥਾਂ ਦੇ ਕੱਜਣ ਪਾ ਧਾ ਕੇ' ਹੀ ਮਰਦ ਤੇ ਔਰਤ ਨੇ ਆਪਣੇ ਆਪ ਨੂੰ ਵਾਸ਼ਨਾ ਦੇ ਅਧੀਨ ਕਰ ਲਿਆ ਹੈ। ਸਵੀ ਦੇ ਉਪਰੋਕਤ ਸੰਕਲਪਾਂ ਵਿੱਚੋਂ ਵਿਚਾਰਧਾਰਕ ਅਨਾੜੀਪੁਣੇ ਦੀ ਝਲਕ ਮਿਲਦੀ ਹੈ। ਸਵੀ ਮਾਨਵੀ ਵਿਕਾਸ ਨੂੰ ਇਕ ਦਾਇਰੇ ਦੇ ਰੂਪ ਵਿਚ ਚਿਤਰਦਾ ਹੈ ਜਦਕਿ ਵਿਕਾਸ ਹਮੇਸ਼ਾ ਲਕੀਰੀ ਹੁੰਦਾ ਹੈ, ਬੇਸ਼ੱਕ ਸਰਲ ਲਕੀਰੀ ਨਹੀਂ।

ਪਾਸ਼ਵਿਕਤਾ ਤੋਂ ਸਮਾਜ ਤੇ ਸੱਭਿਆਚਾਰ ਤੱਕ ਦਾ ਸਫ਼ਰ ਮਾਨਵੀ ਵਿਕਾਸ ਹੈ। ਸੱਭਿਆਚਾਰਕ ਮਾਨਵੀ ਸਰੋਕਾਰਾਂ ਨੂੰ ਹਿਕਾਰਤ ਨਾਲ ਵੇਖਣਾ ਤੇ ਸੁਚੇਤ ਰੂਪ ਵਿਚ ਇਹ ਜਾਣਦਿਆਂ ਵੀ ਕਿ ਅਜਿਹਾ ਸੰਭਵ ਨਹੀਂ, ਅਚੇਤ ਵਿਚ ਪਾਸ਼ਵਿਕ ਸੰਬੰਧਾਂ ਦੀ ਇੱਛਾ 'ਸੱਭਿਆਚਾਰਕ ਤਬਦੀਲੀ ਦੇ ਰਾਹ ਮੋਕਲੇ' ਤਾਂ ਕਰ ਸਕਦੀ ਹੈ ਪਰ ਇਹ ਤਬਦੀਲੀ ਕਦੇ ਵਿਕਾਸਮੁਖੀ ਨਹੀਂ ਹੋ ਸਕਦੀ। ਅਜਿਹੀ ਤਬਦੀਲੀ ਦੀ ਇਛਾ ਪੂੰਜੀਵਾਦੀ ਪ੍ਰਬੰਧ ਵਿਚਲੇ ਉਲਾਰਾਂ ਦੀ ਹੀ ਅਭਿਵਿਅਕਤੀ ਹੈ। ਉਂਜ ਕਿਸੇ ਅਮਾਨਵੀ ਪ੍ਰਬੰਧ ਦੇ ਸੱਭਿਆਚਾਰਕ ਤੇ ਸਮਾਜਿਕ ਸੰਕਟ ਨੂੰ ਕਵਿਤਾ ਦਾ ਵਿਸ਼ਾ ਬਣਾਉਣਾ ਕੋਈ ਬੁਰੀ ਗੱਲ ਨਹੀਂ ਹੈ ਪਰ ਕਿਸੇ ਸਾਹਿਤਕ ਕਿਰਤ ਦਾ ਵਿਸ਼ਲੇਸ਼ਣ ਕਰਦਿਆਂ ਉਸ ਦ੍ਰਿਸ਼ਟੀਕੋਣ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ ਜਿਸ ਰਾਹੀਂ ਉਹ ਸੰਕਟ ਅਭਿਵਿਅਕਤ ਹੋਏ ਹੁੰਦੇ ਹਨ। ਲਿੰਗਕ ਪ੍ਰਵਿਰਤੀਆਂ, ਪਾਸ਼ਵਿਕਤਾ ਤੇ ਵਾਸ਼ਨਾ ਦਾ ਕਵਿਤਾ ਵਿਚ ਮਹਿਜ਼ ਪ੍ਰਗਟਾਵਾ ਨਿੰਦਣਯੋਗ ਨਹੀਂ ਹੈ ਪਰ ਸਵੀ ਇਨ੍ਹਾਂ ਪ੍ਰਵਿਰਤੀਆਂ ਦਾ ਵਿਸ਼ਲੇਸ਼ਣ ਕਰਨ ਦੀ ਬਜਾਏ ਇਨ੍ਹਾਂ ਨੂੰ ਵਡਿਆਉਣਾ (glorify) ਸ਼ੁਰੂ ਕਰ, ਅਰਾਜਕਤਾ ਦੇ ਹੱਕ ਵਿਚ ਜਾ ਖੜਾ ਹੁੰਦਾ ਹੈ, ਜੋ ਕਿਸੇ ਵੀ ਤਰ੍ਹਾਂ ਪ੍ਰਸ਼ੰਸਾਯੋਗ ਕਰਮ ਨਹੀਂ ਹੈ ਕਿਉਂਕਿ ਕਲਾ ਤੇ ਕਵਿਤਾ ਹਰ ਦੌਰ ਵਿਚ ਇਕ ਸਮਾਜਿਕ ਵਰਤਾਰਾ ਹੀ ਰਹਿੰਦੇ ਹਨ।

ਸਵੀ ਦੀ 'ਦੇਹੀ ਨਾਦ' ਉੱਪਰ ਹੋ ਰਹੀ ਚਰਚਾ ਸਮਕਾਲੀਨ ਪੰਜਾਬੀ ਆਲੋਚਨਾ ਦੇ ਸੰਕਟ ਵਲ ਵੀ ਧਿਆਨ ਖਿੱਚਦੀ ਹੈ। ਮਹਿਮਾ ਸਿੰਘ ਨੂੰ "ਦੇਹੀ ਨਾਦ ਪੜ੍ਹਨ ਤੋਂ ਬਾਅਦ ਤੀਬਰਤਾ ਨਾਲ ਇਹ ਅਹਿਸਾਸ ਹੁੰਦਾ ਹੈ ਕਿ ਇਹੋ ਹੈ ਸਾਡੇ ਸਮੇਂ ਦੇ ਹਾਣ ਦੀ ਕਵਿਤਾ।" ਅਮਰਜੀਤ ਗਰੇਵਾਲ ਅਨੁਸਾਰ ਇਹ ਕਵਿਤਾ ਇਸ ਖਿਆਲ ਦਾ ਜ਼ੋਰਦਾਰ ਖੰਡਨ ਕਰਦੀ ਹੈ "ਕਿ ਕਵਿਤਾ ਉਹ ਪਾਰਦਰਸ਼ੀ ਮਾਧਿਅਮ ਹੈ ਜਿਸ ਰਾਹੀਂ ਪਾਠਕ ਬਾਹਰਮੁਖੀ ਯਥਾਰਥ ਦੇ ਸਥੂਲ ਰੂਪ ਵਿਚ ਦਰਸ਼ਨ ਕਰਦੇ ਹਨ, ਇਹ ਪੁਸਤਕ ਕਵਿਤਾ ਨੂੰ ਇਕਹਿਰੇ ਅਰਥਾਂ, ਇਕੋ ਇਕ ਸੁੱਚੀ ਵਿਆਖਿਆ ਅਤੇ ਨਿਰਪੇਖ ਅਧਿਐਨ ਦੀ ਜਕੜ ਤੋਂ ਮੁਕਤ ਕਰਵਾਉਂਦੀ ਹੈ।" ਅਮਰਜੀਤ ਗਰੇਵਾਲ ਵਲੋਂ ਪੁਸਤਕ ਦੀ ਆਦਿਕਾ ਵਿਚ ਪੇਸ਼ ਹੋਰ ਕਈ ਧਾਰਨਾਵਾਂ ਵੀ ਅਲੱਗ ਵਿਚਾਰ-ਚਰਚਾ ਦੀ ਮੰਗ ਕਰਦੀਆਂ ਹਨ ਪਰ ਫਿਲਹਾਲ ਏਨਾ ਹੀ ਕਿ 'ਦੇਹੀ ਨਾਦ' ਦੀ ਕਵਿਤਾ ਰਾਹੀਂ ਪਾਠਕ ਸਚਮੁੱਚ ਬਾਹਰੀ



ਯਥਾਰਥ ਦੇ ਹੀ ਸਥੂਲ ਰੂਪ ਵਿਚ ਦਰਸ਼ਨ ਕਰਦੇ ਹਨ ਤੇ ਅੱਜ ਦਾ ਬਾਹਰੀ ਯਥਾਰਥ ਪ੍ਰਗਤੀਸ਼ੀਲ ਤਾਕਤਾਂ ਦਾ ਅਸਰ ਅੰਦਾਜ਼ ਤਰੀਕੇ ਨਾਲ ਕਿਰਿਆਸ਼ੀਲ ਨਾ ਹੋਣਾ ਹੀ ਹੈ, ਜਿਸ ਕਾਰਨ ਕਲਾਕਾਰ ਤੇ ਸਾਹਿਤਕਾਰ 'ਵਾਦ ਰਹਿਤ ਕਲਾ ਤੇ ਸਾਹਿਤ' ਦੇ ਭਰਮ ਦਾ ਸ਼ਿਕਾਰ ਹੋ ਜਾਂਦੇ ਹਨ। ਸਵੀ ਤਾਂ ਸਰੀਰਕ ਸਬੰਧਾਂ ਨੂੰ 'ਵਾਦ' ਦੇ ਵਿਰੋਧ ਵਿਚ ਰੱਖਕੇ ਵੇਖਣ ਤੱਕ ਚਲਾ ਜਾਂਦਾ ਹੈ। ਸਵੀ ਦੀ 'ਦੇਹੀਨਾਦ', ਦਰਅਸਲ, ਇਕ ਨਵੀਂ ਤਰ੍ਹਾਂ ਦਾ ਦੇਹੀਵਾਦ' ਸਿਰਜਣ ਦਾ ਹੀ ਅਚੇਤ ਜਾਂ ਸੁਚੇਤ ਯਤਨ ਹੈ ਜਿਸ ਦੇ ਸੱਚ ਨੂੰ ਪ੍ਰਗਤੀ-ਸ਼ੀਲਤਾ ਦੇ ਬਦਲ ਵਜੋਂ ਗ੍ਰਹਿਣ ਨਹੀਂ ਕੀਤਾ ਜਾ ਸਕਦਾ।

ਹਰਵਿੰਦਰ ਭੰਡਾਲ

**116, ਮਾਡਲ ਟਾਊਨ, ਕਪੂਰਥਲਾ**

## ਨਿਹੋਰੇ ਦੀ ਕਵਿਤਾ : ਸੁਲ੍ਹਾਬੀ ਹਵਾ (ਦਰਸ਼ਨ ਬੁੱਟਰ)

'ਸਲ੍ਹਾਬੀ ਹਵਾ' ਦਰਸ਼ਨ ਬੁੱਟਰ ਦਾ ਦੂਜਾ ਕਾਵਿ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿਚ ਬੁੱਟਰ ਰਚਿਤ ਅਠੱਤੀ ਕਵਿਤਾਵਾਂ ਸੰਕਲਿਤ ਹਨ। ਪੁਸਤਕ ਦੇ ਮੁਖ ਬੰਦ ਵਿਚ ਨੌਜਵਾਨ ਕਵੀ ਅਮਰਜੀਤ ਕੌਂਕੇ ਨੇ ਲਿਖਿਆ ਹੈ "ਇਨ੍ਹਾਂ ਕਵਿਤਾਵਾਂ ਦਾ ਪ੍ਰੇਰਕ ਭਾਵ ਮੁਹੱਬਤ ਹੈ ਤੇ ਇਹਨਾਂ ਦੀ ਮੂਲ ਸੁਰ ਰੁਮਾਂਟਿਕ ਪ੍ਰਵਿਰਤੀ ਵਾਲੀ ਹੈ। ਪਰ ਇਸੇ ਥੀਮਕ ਪ੍ਰਸੰਗ ਵਿਚ ਉਹ ਅਜੋਕੇ ਪੂੰਜੀਵਾਦੀ ਦੌਰ ਵਿਚ ਰਿਸ਼ਤਿਆਂ ਦੀ ਟੁੱਟ-ਭੱਜ, ਘਰ ਅਤੇ ਸਮਾਜ ਨਾਲ ਸਬੰਧਿਤ ਵਿਭਿੰਨ ਵਸਤੂ ਵੇਰਵਿਆਂ ਨੂੰ ਆਪਣੀ ਕਾਵਿ-ਸੰਵੇਦਨਾ ਦਾ ਹਿੱਸਾ ਬਣਾਉਂਦਾ ਹੈ।......" ਪਰ ਥੋੜ੍ਹਾ ਜਿਹਾ ਧਿਆਨ ਲਾ ਕੇ ਸਲ੍ਹਾਬੀ ਹਵਾ ਦੀਆਂ ਕਵਿਤਾਵਾਂ ਦੇ ਪਾਠ ਉਪ੍ਰੰਤ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਕਵੀ ਦੀਆਂ ਪਿਆਰ ਕਵਿਤਾਵਾਂ ਵੀ ਪਿਆਰ ਦੇ ਨਸ਼ੇ ਅਥਵਾ ਪਿਆਰ ਕੰਬਣੀ ਦੀ ਥਾਂ ਅਪ੍ਰਾਪਤੀ ਅਤੇ ਅਸੰਤੁਸ਼ਟਤਾ ਦੇ ਭਾਵ ਵਿਅਕਤ ਕਰਦੀ ਅਤੇ ਗਿਲੇ ਸ਼ਿਕਵੇਂ ਅਤੇ ਨਿਹੋਰਿਆਂ ਦੀਆਂ ਕਵਿਤਾਵਾਂ ਹਨ। ਇਹੋ ਕਾਰਨ ਹੈ ਕਿ ਪ੍ਰੇਮਿਕਾ ਨੂੰ ਤਾਹਨੇ ਦੇਣ ਸਮੇਂ ਕਵੀ ਆਧੁਨਿਕਤਾ ਦਾ ਤਿਆਗ ਕਰਕੇ ਜਾਗੀਰਦਾਰੀ ਸੋਚ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਪ੍ਰੇਮੀ (ਜਾਂ ਸਵੈ) ਨੂੰ 'ਮਿਰਜ਼ਾ' ਤਸੱਵਰ ਕਰਕੇ ਆਪਣੀ ਪ੍ਰੇਮਿਕਾ ਨੂੰ ਸਾਹਿਬਾਂ ਵਾਂਗ ਭਰਾਵਾਂ ਦੇ ਮੋਹ ਖਾਤਰ ਪਿੱਛੇ ਮੁੜ ਜਾਣ ਦਾ ਮਿਹਣਾ ਦੇਂਦਾ ਹੈ :

"ਜੇ ਗੱਲ
ਤਰਕਸ਼ ਦੇ ਟੰਗੇ ਜਾਣ ਤੇ ਹੀ ਮੁੱਕ ਜਾਂਦੀ
ਬੱਕੀ ਦੇ ਥੱਕ ਜਾਣ 'ਤੇ ਹੀ ਰੁਕ ਜਾਂਦੀ
ਤਾਂ ਅਸੀਂ ਤੈਨੂੰ ਜ਼ਰੂਰ ਮਾਫ਼ ਕਰ ਦੇਣਾ ਸੀ
ਪਰ ਤੂੰ ਤਾਂ
ਪਾਣੀ ਨਾਲੋਂ ਵੀ ਪਤਲੀ ਹੋ ਕੇ ਖੜ੍ਹ ਗਈ
ਭਾਈਆਂ ਦੇ ਮੋਹ 'ਚ ਪਿਛਾਂਹ ਪਰਤ ਗਈ"

[ਰਿਸ਼ਤਿਆਂ ਦੀ ਖੋਟ—20]

ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਵਿਚਰਦਾ ਕਵੀ ਇਹ ਭੁੱਲ ਜਾਂਦਾ ਹੈ ਕਿ ਜਾਗੀਰਦਾਰੀ ਪ੍ਰਤੀਗਾਮੀ ਸੋਚ ਨੇ ਹਾਰੇ ਹੋਏ ਮਿਰਜ਼ੇ ਨੂੰ ਸੱਚਾ ਅਤੇ ਸੂਰਮਾ ਸਾਬਤ ਕਰਨ ਵਾਸਤੇ ਪਿਆਰ ਦੀ ਅਸਫ਼ਲਤਾ ਦਾ ਸਾਰਾ ਦੋਸ਼ ਸਾਹਿਬਾਂ ਅਰਥਾਤ ਇਸਤ੍ਰੀ ਜਾਤੀ ਦੇ ਸਿਰ ਥੱਪ ਦਿੰਦਾ ਸੀ ।

ਦਰਸ਼ਨ ਬੁੱਟਰ ਚੰਗਾ ਕਵੀ ਹੈ ਤੇ ਉਸਦੀਆਂ ਕਵਿਤਾਵਾਂ ਵਿਚ ਕਈ ਖ਼ੂਬਸੂਰਤ ਬਿੰਬ ਉਭਰਦੇ ਹਨ । ਉਦਾਹਰਣ ਵਜੋਂ

"ਹਰ ਨਜ਼ਮ ਦੀ ਅੱਖ 'ਚ ਅੱਥਰੂ ਨਹੀਂ ਹੁੰਦਾ
ਤੇ ਨਾ ਹੀ ਹਰ ਗੀਤ ਦੇ ਮੱਥੇ 'ਚ ਚਿੰਗਾਰੀ ਹੁੰਦੀ ਹੈ
ਅੱਖਾਂ ਦੇ ਪੱਥਰ ਹੋਣ ਦੀ ਚਰਚਾ ਤਾਂ ਘਰ ਘਰ ਹੋ ਜਾਂਦੀ
ਦਿਲ ਦੇ ਕਾਗਜ਼ ਤੇ ਲਿਖਿਆ ਘੱਟ ਲੋਕਾਂ ਤੋਂ ਹੀ ਪੜ੍ਹ ਹੁੰਦਾ..."

[ਸੂਹੇ ਫੁੱਲਾਂ ਦੀ ਮਹਿਕ—21]

'ਜੇ ਕੋਈ ਮੋਹ ਦੀ ਮੋਮਬੱਤੀ ਬਾਲੇ, ਭਲਾ ਕੋਈ ਪਤੰਗਾ ਕਿਉਂ ਨਾ ਜਲ ਮਰੇ,
ਉਂਝ ਬੁਝੀਆਂ ਮੋਮਬੱਤੀਆਂ ਨਾਲ ਪਰਵਾਨਿਆਂ ਦਾ ਕੋਈ ਵਾਸਤਾ ਨਹੀਂ ।"

[ਹਿੱਕ ਦਾ ਤਵੀਤ—11]

"ਐਸੀ ਰੁੱਖੀ ਹਵਾ ਵਗੀ
ਅੱਖਾਂ 'ਚ ਡੱਕੇ ਸਮੁੰਦਰ ਵੀ ਖੁਸ਼ਕ ਹੋ ਗਏ ।
ਖਿਆਲਾਂ ਦੀ ਉਡਾਰੀ ਮਾਰਦੇ ਪੰਛੀਆਂ ਦੇ ਜਿਸਮ ਵਲੂੰਦਰੇ ਗਏ ।"

[ਰਿਸ਼ਤਿਆਂ ਦੀ ਖੋਟ—19]

ਸੱਚ ਤੇ ਸੁਪਨਾ, ਸੂਹੇ ਫੁੱਲਾਂ ਦੀ ਮਹਿਕ, ਨਾਮਕਰਣ, ਵਿੱਥ ਤੇ ਖਲੋਤੇ ਬੋਲ, ਹੱਸਦੇ ਗੀਤ ਤੋਂ ਉਦਾਸ ਨਜ਼ਮ ਤਕ, ਅਤੇ ਜ਼ਖ਼ਮੀ ਦਿਨਾਂ ਦੀ ਕਵਿਤਾ ਇਸ ਸੰਗ੍ਰਹਿ ਦੀਆਂ ਖ਼ੂਬਸੂਰਤ ਕਵਿਤਾਵਾਂ ਹਨ । ਜ਼ਖ਼ਮੀ ਦਿਨਾਂ ਦੀ ਕਵਿਤਾ ਪੰਜਾਬ ਦੀ ਦੁਖਾਂਤ ਗ੍ਰਸਤ ਸਥਿਤੀ ਸਬੰਧੀ ਇਕ ਸੰਵੇਦਨਸ਼ੀਲ ਅਤੇ ਦਰਦ ਭਰੀ ਕਵਿਤਾ ਹੈ । ਇਹ ਕਵਿਤਾ ਦਾ ਵਿਸ਼ੇਸ਼ ਗੁਣ ਬਿਆਨ ਦੀ ਸੁਭਾਵਕਤਾ ਹੈ । ਕਵਿਤਾ ਦੇ ਆਰੰਭਕ ਬੋਲ ਹੀ ਦਿਲ ਵਿਚ ਬਹਿ ਜਾਣ ਵਾਲੇ ਹਨ :

"ਚਿਤ ਚੇਤੇ ਵੀ ਨਹੀਂ ਸੀ
ਕਿ ਰੋਜ਼ ਮੇਰੇ ਪਿੰਡ ਦੇ ਸਿਵੇ ਬਲਣਗੇ
ਯਾਰਾਂ ਬੇਲੀਆਂ ਦੇ ਗੁੰਮ ਹੋ ਜਾਣ ਦੀ ਖ਼ਬਰ ਆਵੇਗੀ
ਤੀਆਂ ਵਾਲੇ ਬਰੋਟੇ ਹੇਠ ਝੱਲੀ ਕੁੜੀ ਕੁਰਲਾਵੇਗੀ......"

ਉਪਰ ਕਥਿਤ ਕਵਿਤਾਵਾਂ ਇਸ ਸੰਗ੍ਰਹਿ ਦੇ ਕਵੀ ਦਰਸ਼ਨ ਬੁੱਟਰ ਪਾਸੋਂ, ਭਵਿਖ ਵਿਚ ਹੋਰ ਵੀ ਚੰਗੀਆਂ ਰਚਨਾਵਾਂ ਦੀ ਆਸ ਬਨ੍ਹਾਉਂਦੀਆਂ ਹਨ ।



ਰੂਪਕ ਪੱਖ ਤੋਂ ਕਵੀ ਨੇ ਸੌਖਾ ਰਾਹ ਅਪਣਾਇਆ ਹੈ । ਕੋਈ ਇਕ ਕਵਿਤਾ ਵੀ ਲੈਅ ਅਥਵਾ ਤੁਕਾਂਤਬੱਧ ਨਹੀਂ ਹੈ । ਫ਼ਾਰਸੀ ਵਿਚੋਂ ਆਏ ਬਹੁਤ ਸਾਰੇ ਸ਼ਬਦਾਂ ਦੇ ਸ਼ਬਦ ਜੋੜ ਅਸ਼ੁੱਧ ਹਨ । ਲੋੜ ਅਨੁਸਾਰ ਪੈਰ ਬਿੰਦੀ ਦੀ ਵਰਤੋਂ ਨਹੀਂ ਕੀਤੀ ਗਈ । ਉਦਾਹਰਣ ਹਿਤ ਕੇਵਲ ਇਕੋ ਕਵਿਤਾ 'ਹਿੱਕ ਦਾ ਤਵੀਤ' ਵਿਚ ਨਿਮਨਲਿਖਤ ਸ਼ਬਦ ਜੋੜ ਅਸ਼ੁੱਧ ਹਨ ।

ਇਜਾਜ਼ਤ, ਨਾਫ, ਫਰਕ. ਵਫਾ, ਵਾਕਫੀ, ਖੈਰ, ਖਿਆਲ, ਮੁਰਗਾਬੀ ਆਦਿ । ਇਨ੍ਹਾਂ ਸ਼ਬਦਾਂ ਨੂੰ ਲਿਖਣ ਸਮੇਂ ਪੈਰ ਬਿੰਦੀ ਦੀ ਵਰਤੋਂ ਨਹੀਂ ਕੀਤੀ ਗਈ ।

ਅਸੀਂ ਆਪਣੇ ਨਵੇਂ ਕਵੀਆਂ ਪਾਸੋਂ ਨਵੀਆਂ ਰਚਨਾਵਾਂ ਨਵੇਂ ਖ਼ਿਆਲਾਂ ਦੇ ਨਾਲ ਨਾਲ ਲਿਖਤ ਦੀ ਸ਼ੁੱਧਤਾ ਦੀ ਵੀ ਆਸ ਰੱਖਦੇ ਹਾਂ ।

'ਸਲ੍ਹਾਬੀ ਹਵਾ' ਦੇ ਮੁਟਿਆਰ ਆਕਾਰ ਵਿਚ ਅੱਸੀ ਪੰਨੇ ਹਨ । ਵਧੀਆ ਕਾਗ਼ਜ਼ 'ਤੇ ਸੁਹਣੀ ਛਪੀ ਇਸ ਪੁਸਤਕ ਦਾ ਆਕਰਸ਼ਕ ਕਾਲੀ ਚਿੱਟੀ ਅੰਗੀ ਵੀ ਕਵੀ ਦਰਸ਼ਨ ਕੁੱਟਰ ਦੀ ਆਪਣੀ ਰਚਨਾ ਹੈ ।

ਡਾ: ਸੁਰਿੰਦਰ ਗਿੱਲ

## ਸੰਤਾਪੇ ਦਿਨ (ਨਾਵਲ)/ਅਸ਼ਵਨੀ ਗੁਪਤਾ

'ਸੰਤਾਪੇ ਦਿਨ' ਅਸ਼ਵਨੀ ਗੁਪਤਾ ਦਾ ਤੀਜਾ ਨਾਵਲ ਹੈ । ਇਸ ਤੋਂ ਪਹਿਲਾਂ ਇਹ 'ਲਹੂ ਡੁੱਲ੍ਹਦਾ ਰਿਹਾ' (1991), ਤੇ 'ਗਲ ਕਟੀਅਨ ਕੇ ਪਾਸ' (1993) ਦੋ ਨਾਵਲ ਪੰਜਾਬੀ ਜਗਤ ਨੂੰ ਦੇ ਚੁੱਕਾ ਹੈ । ਮੈਂ ਭਾਵੇਂ ਇਸਦੇ ਦੋਵੇਂ ਪਹਿਲੇ ਨਾਵਲ ਪੜ੍ਹ ਨਹੀਂ ਸਕੀ ਪਰੰਤੂ ਹਥਲੇ ਨਾਵਲ 'ਸੰਤਾਪੇ ਦਿਨ' ਰਾਹੀਂ ਮੈਨੂੰ ਇਉਂ ਭਾਸਦਾ ਹੈ ਕਿ ਲੇਖਕ ਕੋਲ ਪ੍ਰੌੜ ਲੇਖਕਾਂ ਵਾਲੀ ਸੂਝ ਤੇ ਜ਼ਿੰਦਗੀ ਨੂੰ ਵੇਖਣ ਪਰਖਣ ਦੀ ਜਾਚ ਹੈ । ਉਸਨੂੰ ਇਹ ਪਤਾ ਹੈ ਕਿ ਅਜੋਕੇ ਭਰਿਸ਼ਟ ਹੋ ਚੁਕੇ ਸਿਸਟਮ ਵਿਚ ਇਕ ਸਧਾਰਨ ਆਦਮੀ ਦੀ ਕੀ ਦੁਰਦਸ਼ਾ ਹੁੰਦੀ ਹੈ । ਨਾਵਲ ਦੀ ਮੁੱਖ ਵਿਰੋਧਤਾ ਜਾਂ ਤਨਾਓ ਵੀ ਕੋਝੇ ਕੀਮਤ ਪ੍ਰਬੰਧ ਅਤੇ ਭਰਿਸ਼ਟ ਰਾਜਨੀਤੀ ਉਤੇ ਅਧਾਰਤ ਹੈ ਪਰ ਇਸਦੇ ਨਾਲ ਉਹ ਸਾਰਾ ਕੀਮਤ ਪ੍ਰਬੰਧ ਵੀ ਉਜਾਗਰ ਹੁੰਦਾ ਹੈ ਜਿਹੜਾ ਮਨੁੱਖ ਵਿਰੋਧੀ ਹੈ । ਹਰ ਪਾਸੇ ਭਰਿਸ਼ਟਾਚਾਰ ਦਾ ਬੋਲਬਾਲਾ ਹੈ । ਇਸ ਸਾਰੇ ਪ੍ਰਬੰਧ ਵਿਚ ਲੇਖਕ ਨੇ ਭਾਵੇਂ ਐਜੂਕੇਸ਼ਨ ਮਹਿਕਮੇ ਨੂੰ ਮੁੱਖ ਤੌਰ ਉਤੇ ਨੰਗਾ ਕਰਨ ਦਾ ਯਤਨ ਕੀਤਾ ਹੈ ਪਰ ਇਸਦੇ ਨਾਲ ਨਾਲ ਵਿਧਾਇਕਾਂ, ਮੰਤਰੀਆਂ ਜਾਂ ਅਫਸਰਸ਼ਾਹੀ ਦੀਆਂ ਮਨਮਾਨੀਆਂ ਤੇ ਭਰਿਸ਼ਟ ਹੋ ਚੁਕਿਆ ਸਿਸਟਮ ਹੀ ਉਜਾਗਰ ਹੁੰਦਾ ਹੈ ।

ਨਾਵਲ ਦਾ ਮੈਂ ਪਾਤਰ ਆਪਣੀ ਭੈਣ ਦੀ ਬਦਲੀ ਲਈ ਸੜਕਾਂ ਦੀ ਖਾਕ ਛਾਣਦਾ ਹੈ । ਉਹ ਇਕ ਦਫ਼ਤਰ ਤੋਂ ਦੂਜੇ ਦਫਤਰ ਧੱਕੇ ਖਾਂਦਾ । ਹੈ ਕਿਧਰੇ ਵੀ ਉਸਦੀ ਗੱਲ ਸੁਣੀ ਨਹੀਂ ਜਾਂਦੀ । ਹਰ ਪਾਸੇ ਵੱਡੇ ਵੱਡੇ 'ਮਗਰਮੱਛ' ਮੂੰਹ ਅੱਡੀ ਉਸ ਵਲ ਲਪਕਦੇ ਹਨ । ਇਕ ਸਧਾਰਨ ਕਲਰਕ ਤੋਂ ਲੈ ਕੇ ਉੱਚੇ ਅਫ਼ਸਰ ਤੱਕ ਤੇ ਇਲਾਕੇ ਦੇ ਵਿਧਾਇਕਾਂ, ਮੰਤਰੀਆਂ ਤੋਂ ਲੈਕੇ ਸਮੁੱਚੀ ਰਾਜਨੀਤੀ ਤੱਕ ਸਭ ਕੁਝ ਭਰਿਸ਼ਟ ਹੋ ਚੁਕਿਆ ਹੈ । ਅਜੋਕੇ

ਸਿਸਟਮ ਵਿਚ ਜੋ ਇਕ ਆਦਮੀ ਦੀ ਦੁਰਦਸ਼ਾ ਹੁੰਦੀ ਹੈ ਅਸ਼ਵਨੀ ਨੇ ਉਸ ਦੁਰਦਸ਼ਾ ਨੂੰ ਨਾਵਲ ਵਿਚ ਬਾਖ਼ੂਬੀ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਕ ਆਮ ਆਦਮੀ ਜਿਸ ਕੋਲ ਨਾ ਕੋਈ ਸਿਫਾਰਸ਼ ਹੈ, ਨਾ ਐਸੀ ਦੌਲਤ ਕਿ ਉਹ ਰਿਸ਼ਵਤ ਦੇ ਕੇ ਆਪਣਾ ਕੰਮ ਕਢਵਾ ਸਕੇ, ਤੇ ਨਾ ਹੀ ਉਸ ਪਾਸ ਐਨੇ ਸਾਧਨ ਹਨ ਕਿ ਉਹ ਨੌਕਰੀ ਤੋਂ ਬਿਨਾ ਜੀ ਸਕੇ, ਉਸਨੂੰ ਕਿਵੇਂ ਕਿਵੇਂ ਤੇ ਕਿੱਥੇ-ਕਿੱਥੇ ਇਸ ਗਲੇ ਸੜੇ ਤੇ ਭਰਿਸ਼ਟਾਚਾਰ ਸਿਸਟਮ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਨਾਵਲ ਦਾ ਅਰੰਭ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ। ਇਸ ਚੁਰੱਸਤੇ ਉਤੇ ਮੁਖ ਪਾਤਰ ਖੜਾ ਹੋਇਆ ਹੈ। ਉਸ ਦੀਆਂ ਚਾਰੇ ਮੁਖ ਸੜਕਾਂ ਭਾਵੇਂ ਵੱਖ ਵੱਖ ਦਿਸ਼ਾਵਾਂ ਵਲ ਜਾਂਦੀਆਂ ਪ੍ਰਤੀਤ ਹੁੰਦੀਆਂ ਹਨ ਪਰ ਅਸਲ ਵਿਚ ਟਿਹੀ ਨਾਵਲ ਦਾ ਅਸਲੀ ਜਮ੍ਹਾ ਘਟਾਓ ਹਨ। ਜਿਵੇਂ ਅਸ਼ਵਨੀ ਲਿਖਦਾ ਹੈ ਕਿ ਪਹਿਲੀ ਸ਼ੜਕ ਮੁਖ ਪਾਤਰ ਦੇ ਮਾਤਮੀ ਘਰ ਵਲ ਜਾਂਦੀ ਹੈ। ਦੂਜੀ ਵਿਧਾਇਕਾ ਚਮੇਲੀ ਦੀ ਆਲੀਸ਼ਾਨ ਕੋਠੀ ਵਲ। ਤੀਜੀ ਦਫਤਰਾਂ ਤੇ ਅਫਸਰਾਂ ਦੇ ਸ਼ਹਿਰ ਚੰਡੀਗੜ੍ਹ ਵਲ ਤੇ ਚੌਥੀ ਉਸਦੇ ਆਪਣੇ ਸ਼ਹਿਰ ਦੇ ਭੀੜ ਭੜੱਕੇ ਵਾਲੇ ਬਜ਼ਾਰ 'ਚੋਂ ਹੁੰਦੀ ਹੋਈ ਸੰਘਣੀ ਆਬਾਦੀ ਵਿਚ ਗੁੰਮ ਹੋ ਜਾਂਦੀ ਹੈ। ਅਸਲ ਵਿਚ ਨਾਵਲ ਦਾ ਮੁਖ ਪਾਤਰ ਇਨ੍ਹਾਂ ਸੜਕਾਂ 'ਤੇ ਘੁੰਮ ਰਿਹਾ ਹੈ। ਇਹੀ ਸੜਕਾਂ ਉਸਦਾ ਭਵਿਖ ਨਿਸ਼ਚਤ ਕਰ ਰਹੀਆਂ ਹਨ। ਉਹ ਸਹਿਰ ਵਿਚ ਓਪਰਾ ਹੈ। ਚੰਮੇਲੀ ਦੇਵੀ ਦੀ ਆਲੀਸ਼ਾਂਨ ਕੋਠੀ ਵਿਚ ਉਸਦਾ ਕੋਈ ਸਥਾਨ ਨਹੀਂ। ਅਫਸਰਾਂ ਦੇ ਸ਼ਹਿਰ ਵਿਚ ਉਸਦਾ ਕੁਝ ਨਹੀਂ ਵਟੀਦਾ। ਅਖੀਰ ਭੈਣ ਦੀ ਬਦਲੀ ਲਈ ਚੁਣਿਆ ਸਟੇਸ਼ਨ ਜਦੋਂ ਵੀਹ ਹਜ਼ਾਰ ਰੁਪਿਆ ਨਾ ਦੇਣ ਕਰਕੇ ਹਾਰ ਜਾਂਦਾ ਹੈ ਤਾਂ ਮੁੜ ਮਾਤਮੀ ਘਰ ਦੇ ਬੂਹੇ ਪਹੁੰਚ ਜਾਂਦਾ ਹੈ। ਲੀਡਰਾਂ ਤੇ ਉਹਨਾਂ ਦੇ ਦਲਾਲਾਂ ਨੇ ਬਦਲੀਆਂ ਦਾ ਜੋ ਹਊਆ ਖੜਾ ਕੀਤਾ ਹੋਇਆ ਹੈ ਉਹ ਉਸ ਤੋਂ ਤਾਂ ਭਾਵੇਂ ਨਿਰਾਸ਼ ਹੋ ਜਾਂਦਾ ਹੈ ਪਰ ਇਨ੍ਹਾਂ ਪਖੰਡੀਆਂ ਦੇ ਪਾਖੰਡ ਨੂੰ ਜਿਹੜੇ ਲਾਰੇ ਲਾਉਂਦੇ ਹੋਏ ਭੋਰਾ ਸ਼ਰਮ ਨਹੀਂ ਕਰਦੇ, ਬੁਰੀ ਤਰ੍ਹਾਂ ਨੰਗਾ ਕਰਦਾਂ ਹੈ।

ਲੇਖਕ ਨੇ ਇਸ ਛੋਟੇ ਆਕਾਰ ਵਾਲੇ ਨਾਵਲ ਤੇ ਇਕਹਿਰੀ ਘਟਨਾ ਰਾਹੀਂ ਵਡੇਰੇ ਅਰਥਾਂ ਵਾਲੇ ਮਸਲੇ ਨੂੰ ਛੋਹਿਆ ਹੈ। ਕਿਧਰੇ ਕਿਧਰੇ ਇਹ ਨਾਵਲ ਹਿੰਦੀ ਦੇ ਪ੍ਰਸਿੱਧ ਨਾਵਲਕਾਰ ਕ੍ਰਿਸ਼ਨ ਚੰਦਰ ਦੇ ਇਕ ਸੁਪ੍ਰਸਿਧ ਨਾਵਲ 'ਇਕ ਗਧੇ ਦੀ ਆਤਮ ਕਥਾ' ਦਾ ਅਹਿਸਾਸ ਕਰਵਾਉਂਦਾ ਹੈ। ਕ੍ਰਿਸ਼ਨ ਚੰਦਰ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਉਸਨੇ ਆਪਣੀ ਗਲ ਨੂੰ ਵਡੇਰੇ ਪਰਿਪੇਖ ਵਿਚ ਸਿਰਜਿਆ ਹੈ। ਇਕੋ ਸਮੇਂ ਉਸਨੇ ਸਾਹਿਤ ਸਭਿਆਚਾਰ, ਕਲਾ ਰਾਜਨੀਤੀ ਅਤੇ ਹੋਰ ਅਨੇਕਾਂ ਸਰਕਾਰੀ, ਗੈਰ-ਸਰਕਾਰੀ ਸ਼ੰਸਥਾਵਾਂ ਨੂੰ ਆਪਣੇ ਵਿਅੰਗ ਦਾ ਅਧਾਰ ਬਣਾਇਆ ਹੈ। ਅਸ਼ਵਨੀ ਗੁਪਤਾ ਨੇ ਭਾਵੇਂ ਇਸ ਸਿਸਟਮ ਨੂੰ ਬਦਲੀ ਦੇ ਨੁਕਤਾ ਨਿਗਾਹ ਰਾਹੀਂ ਵੇਖਣ ਦਾ ਯਤਨ ਕੀਤਾ ਹੈ। ਪਰੰਤੂ ਫਿਰ ਵੀ ਨਾਵਲ ਵਿਚ ਬਹੁਤ ਸਾਰੀਆਂ ਸੰਭਾਵਨਾਵਾਂ ਹਨ। ਨਾਵਲਕਾਰ ਜੇ



ਘਟਨਾਵਾਂ ਨੂੰ ਹੋਰ ਵਿੱਥ ਤੇ ਰੱਖਕੇ ਪੇਸ਼ ਕਰਦਾ ਤਾਂ ਇਸ ਪੁਸਤਕ ਦਾ ਮੁੱਲ ਹੋਰ ਵੀ ਵਧ ਜਾਣਾ ਸੀ।

ਲੇਖਕ ਨੇ 'ਸੰਤਾਪੇ ਦਿਨ' ਦਾਂ ਅਧਾਰ ਆਪਣੀ ਭੈਣ ਦੇ ਪਤੀ ਦੀ ਮੌਤ ਨੂੰ ਬਣਾ-ਇਆ ਹੈ ਜਿਸ ਕਰਕੇ ਉਹਨਾਂ ਦੇ ਦਿਨ ਸੰਤਾਪੇ ਗਏ ਹਨ ਪਰ ਨਾਵਲ ਵਿਚ ਇਹ ਗੱਲ ਪ੍ਰਗਟ ਹੁੰਦੀ ਹੈ ਕਿ ਅਗਰ ਉਸਦੀ ਭੈਣ ਦੇ ਪਤੀ ਦੀ ਮੌਤ ਨਾ ਵੀ ਹੁੰਦੀ ਤਾਂ ਵੀ ਸਥਿਤੀਆਂ ਨੇ ਉਹੀ ਰਹਿਣਾ ਸੀ। ਭੈਣ ਦੇ ਪਤੀ ਦੀ ਵੀ ਤਾਂ ਆਪਣੀ ਪਤਨੀ ਦੀ ਬਦਲੀ ਦੇ ਚੱਕਰ ਵਿਚ ਹੀ ਦਿਲ ਦਾ ਦੌਰਾ ਪੈਣ ਕਰਕੇ ਮੌਤ ਹੁੰਦੀ ਹੈ। ਲੇਖਕ ਨੇ ਇਸ ਗੱਲ ਨੂੰ ਨਹੀਂ ਉਭਾਰਿਆ। ਮੁਖ ਪਾਤਰ ਦੇ ਦਿਨ ਜੀਜੇ ਦੀ ਮੌਤ ਕਰਕੇ ਨਹੀਂ ਸਗੋਂ ਸਿਸਟਮ ਕਰਕੇ ਹੀ ਸੰਤਾਪੇ ਹੋਏ ਹਨ। ਲੇਖਕ ਦਾ (ਪੰਨਾ 72) ਤੇ ਇਹ ਕਹਿਣਾ ਕਿ... 'ਹੁਣ ਕੀ ਬਣਨੈ ? ਜਦੋਂ ਦਿਨ ਹੀ ਮਾੜੇ ਆਏ ਹੋਣ ਨਾਂ, ਸਾਰੇ ਕੰਮ ਪੁੱਠੇ ਹੀ ਪੁੱਠੇ ਪਈ ਜਾਂਦੇ ਆ।'

ਮੈਂ ਪਾਤਰ ਭਾਂਵੇਂ ਅਗਲੇ ਹੀ ਪਲ ਵਧਾਇਕਾ ਚੰਮੇਲੀ ਨੂੰ ਗਾਲ੍ਹਾਂ ਕੱਢਦਾ ਹੈ ਪਰ ਉਪਰੋਕਤ ਵੇਰਵਾ ਕੁਥਾਵੇਂ ਲਗਦਾ ਹੈ ਇਸੇ ਤਰ੍ਹਾਂ ਭਰਿਸ਼ਟਾਚਾਰੀ ਦੀ ਗੱਲ ਕਰਦਾ ਹੋਇਆ ਉਹ ਕਲਰਕਾਂ ਪ੍ਰਤੀ ਵੀ ਆਪਣਾ ਰਵੱਈਆ ਵੀ ਇਕ ਪਾਸੜ ਰਖਦਾ ਹੈ।

"ਨਹੀਂ-ਨਹੀਂ, ਇਸ ਸ਼ਹਿਰ ਦੀਆਂ ਸੜਕਾਂ ਇਨ੍ਹਾ ਸ਼ੰਕੀਰਣ ਕਲਰਕਾਂ ਦੇ ਭ੍ਰਿਸ਼ਟਾਚਾਰ ਦੀ ਗੰਦਗੀ ਝੱਲਣ ਵਾਸਤੇ ਤਾਂ ਨਹੀਂ ਬਣੀਆਂ। ਵੱਡੇ ਅਫਸਰ ਜਾਂ ਲੀਡਰ ਕੋਈ ਭ੍ਰਿਸ਼ਟਾਚਾਰ ਕਰਦੇ ਨੇ ਤਾਂ ਘਟੋ-ਘੱਟ ਕੋਈ ਸਟੈਂਡਰਡ ਦਾ ਹੁੰਦਾ ਹੈ।"

ਕੀ ਭ੍ਰਿਸ਼ਟਾਚਾਰੀ ਦਾ ਵੀ ਕੋਈ ਸਟੈਂਡਰਡ ਹੁੰਦਾ ਹੈ ?

ਲੇਖਕ ਦੀ ਅਜਿਹੀ ਟਿਪਣੀ ਤੋਂ ਭਾਸਦਾ ਹੈ ਕਿ ਉਹ ਗੁਲਾਮੀ ਵਾਲੇ ਸੰਸਕਾਰਾਂ ਤੋਂ ਪੂਰੀ ਤਰ੍ਹਾਂ ਖਹਿੜਾ ਨਹੀਂ ਛੁਡਾ ਸਕਿਆ।

ਕੁਲ ਮਿਲਾਕੇ 'ਸੰਤਾਪੇ ਦਿਨ' ਅਸ਼ਵਨੀ ਗੁਪਤਾ ਦੀ ਇਕ ਵਧੀਆ ਕ੍ਰਿਤ ਹੈ। ਛਪਾਈ ਤੇ ਟਾਈਟਲ ਵਧੀਆ ਹੈ।

(ਡਾ. ਬਲਜੀਤ ਕੌਰ ਬੱਲੀ, ਪੰਜਾਬੀ ਵਿਭਾਗ, ਪੰ. ਯੂਨੀ. ਪਟਿਆਲਾ)

## ਆਵਾਜ਼ਾਂ ਦਾ ਕਿਲ੍ਹਾ (ਸੰਤੋਖ ਧਾਲੀਵਾਲ)

ਸਾਹਿਤ ਸਿਰਜਣਾ ਅਭਿਵਿਅਕਤੀ ਦਾ ਹੀ ਨਹੀਂ, ਸੰਵਾਦ ਦਾ ਕਰਮ ਵੀ ਹੈ। ਕਾਵਿ-ਸੰਵਾਦ ਦੀ ਆਪਣੀ ਹੀ ਵਿਆਕਰਨ ਹੁੰਦੀ ਹੈ, ਜੋ ਕਾਵਿ-ਭਾਸ਼ਾ ਸਿਰਜਦੀ ਹੈ। ਇਹ ਭਾਸ਼ਾ, ਜਿਸਨੂੰ ਗੰਭੀਰ ਪਾਠਕ ਮਾਣਦੇ ਹਨ, ਜਿਸ ਤੋਂ ਪਾਠੀ ਲੋਕ ਖਿਝਦੇ ਹਨ, ਸ਼ਾਇਰੀ ਦੀ ਲਾਜ਼ਮੀ ਲੋੜ ਹੈ। ਇਸ ਮੁਕਾਮ 'ਤੇ ਪਹੁੰਚਣ ਦਾ ਰਸਤਾ ਬਹੁਤ ਬਿਖੜਾ ਹੈ, ਪਰ ਪਹੁੰਚੇ ਬਿਨਾਂ ਸ਼ਾਇਰ ਵਲੋਂ ਪਛਾਣ ਸੰਭਵ ਨਹੀਂ ਹੈ। ਜਦੋਂ ਪ੍ਰਯੋਗਵਾਦੀ ਇਸ ਭਾਲ ਵਿਚ ਹੀ ਲੀਹੋਂ ਲੱਥ ਗਏ ਸਨ, ਤਾਂ ਪ੍ਰਗਤੀਵਾਦੀਆਂ ਤੇ ਜੁਝਾਰਵਾਦੀਆਂ ਨੇ ਇਸਨੂੰ

ਰੱਦਣ ਦਾ ਹੀ ਰਸਤਾ ਅਪਣਾ ਲਿਆ ਸੀ। ਪ੍ਰਯੋਗਵਾਦ ਤਾਂ ਆਪਣੀ ਮੌਤੇ ਮਰ ਗਿਆ ਹੈ, ਜਦਕਿ ਪ੍ਰਗਤੀਵਾਦੀ ਸ਼ਾਇਰੀ ਦੀ ਗੱਡੀ ਦੀ ਲੀਹ 'ਤੇ ਚੜ੍ਹਨ 'ਚ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕੀ। ਜੇ ਥੋੜੇ ਬਹੁਤੇ ਯਤਨ ਹੋਏ ਵੀ ਹਨ, ਤਾਂ ਪੁਰਾਣੇ ਪੜ੍ਹਨ ਢੰਗ ਵਾਲੇ ਪਾਠਕਾਂ ਨੇ ਇਸਨੂੰ ਬਹੁਤਾ ਪ੍ਰਵਾਨ ਨਹੀਂ ਕੀਤਾ ਹੈ। ਇਸ ਤਰ੍ਹਾਂ ਪੰਜਾਬੀ ਸ਼ਾਇਰੀ ਅਜੀਬ ਤਰ੍ਹਾਂ ਦੇ ਸੰਕਟ ਦੀ ਸ਼ਿਕਾਰ ਹੋ ਗਈ ਹੈ। ਜੇ ਹਿੰਦੀ ਸ਼ਾਇਰੀ ਨੂੰ ਦਰਪੇਸ਼ ਅਜਿਹੇ ਹੀ ਸੰਕਟ ਦੇ ਸੰਦਰਭ 'ਚ ਸੋਚੀਏ ਤਾਂ ਸਥਿਤੀ ਵਧੇਰੇ ਸਪਸ਼ਟ ਹੋ ਸਕਦੀ ਹੈ ਅਤੇ ਭਾਰਤੀ ਭਾਸ਼ਾਵਾਂ ਦੀ ਸ਼ਾਇਰੀ ਬਾਰੇ ਵੀ ਵਧੇਰੇ ਗੰਭੀਰਤਾ ਨਾਲ ਸੋਚਿਆ ਜਾ ਸਕਦਾ ਹੈ।

ਉਪਰੋਕਤ ਸੰਦਰਭ 'ਚ ਹੀ 'ਆਵਾਜ਼ਾਂ ਦਾ ਕਿਲ੍ਹਾ' ਦੀ ਸ਼ਾਇਰੀ 'ਤੇ ਵਿਚਾਰ ਕਰਦਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਸੰਤੋਖ ਧਾਲੀਵਾਲ ਦੀ ਸ਼ਾਇਰੀ ਵੀ ਅਪਵਾਦ ਵਾਲੀ ਨਹੀਂ ਹੈ। 'ਆਵਾਜ਼ਾਂ ਦਾ ਕਿਲ੍ਹਾ' ਦਾ ਪ੍ਰਮੁੱਖ ਸਰੋਕਾਰ ਪ੍ਰਵਾਸ ਦੀ ਤ੍ਰਾਸਦਿਕ ਵੇਦਨਾ ਨਾਲ ਹੈ। ਸੰਤੋਖ ਧਾਲੀਵਾਲ ਭੁੱਖ ਦੀ ਉਮਰ ਨਿੱਕੀ ਕਰਨ ਆਏ ਪ੍ਰਵਾਸੀਆਂ ਦੇ ਹੇਰਵੇ ਦੀ ਹੂਕ ਨੂੰ ਜ਼ੁਬਾਨ ਦਿੰਦਾ ਹੈ। ਜਦੋਂ ਇਹ ਚੇਤੇ ਦੇ ਪੌੜੇ ਲਾਕੇ 'ਇਕਰਾਰਾਂ ਦੇ ਤਿਆਸਮੇ' (ਸਫਾ-44) ਚੜ੍ਹਦਾ ਹੈ, ਤਾ ਆਪਣੇ ਆਪ ਨੂੰ 'ਹਰਿਆ ਜੁਆਰੀ' (ਸਫਾ—71) ਕਿਆਸ ਕਰਦਾ ਹੈ ਅਤੇ 'ਮੈਂ ਘਰ ਪਰਤ ਜਾਵਾਂ' ਦੀ ਸੁਰ ਅਲਾਪਣ ਲੱਗ ਜਾਂਦਾ ਹੈ। ਉਹ ਪਰਾਈ ਧਰਤ 'ਤੇ ਚਾਂਦੀ ਚਮਕ ਬਾਰੇ ਸੋਚਦਾ ਹੈ :—

ਚਾਨਣ ਦਾ ਭੁਲੇਖਾ
ਬੇਹੀਆਂ ਨਜ਼ਰਾਂ ਨੂੰ ਪਾਉਣ ਦਾ ਯਤਨ ਕਰਦਾ ਹੈ
ਚਾਨਣ ਜਿਸ 'ਚ
'ਮੀਸ਼ੇ' ਦੇ ਕਥਨ ਮੁਜਬ
'ਲੋ ਹੀ ਲੋ ਹੈ, ਸੇਕ ਨਹੀਂ ਹੈ'। (ਬੰਦਰਗਾਹ, ਸਫਾ—35)

'ਆਵਾਜ਼ਾਂ ਦਾ ਕਿਲ੍ਹਾ' ਪ੍ਰਤੀਕੂਲ ਪ੍ਰਸਥਿਤੀਆਂ ਵਿਚ ਘਿਰੀ ਅਜਿਹੀ ਹੂਕ ਹੈ, ਜੋ ਦਾਇਰਿਆਂ ਦੀ ਜੂਨ ਹੰਢਾਉਂਦੀ ਹੋਈ ਵੀ ਕਾਇਨਾਤ ਦਾ ਕਲਾਵਾ ਭਰਨਾ ਲੋਚਦੀ ਹੈ। ਇਕ ਹੂਕ 'ਮਿਸ ਵਰਲਡ ਮੁਕਾਬਲਾ' ਹਕੀਕਤ ਤੋਂ ਵਾਕਿਫ਼ ਹੈ, ਫਲਸਤੀਨੀਆਂ ਵਲੋਂ ਹੋ ਰਹੇ 'ਤਸ਼ੱਦਦ' ਦੀ ਸਾਮਰਾਜੀ ਮਿੱਥ ਬਾਰੇ ਬਾਵਾਕਿਫ਼ ਹੈ ਅਤੇ ਸਮਾਜਵਾਦ ਨੂੰ ਲੱਗੀਆਂ ਪਛਾੜਾਂ ਨੂੰ 'ਤਜਾਰਬਾ' ਫੇਲ੍ਹ ਹੋਣ ਦੇ ਅਰਥਾਂ ਵਿਚ ਗ੍ਰਹਿਣ ਕਰਦੀ ਹੈ। ਇਸਦੇ ਬਾਵਜੂਦ ਸੰਸਾਰ-ਵਿਆਪੀ ਸਿਆਸੀ-ਸਮਾਜੀ ਤੇ ਆਰਥਕ ਸੰਕਟ ਪ੍ਰਤੀ ਇਕ ਗਹਿਰੀ ਨਿਰਾਸ਼ਾ ਦਾ ਆਲਮ ਸਿਰਜਦੀ ਹੈ, ਜੋ ਮੱਧ-ਵਰਗੀ ਪਲਾਇਨਵਾਦ ਵੱਲ ਨੂੰ ਸਫ਼ਰ ਕਰਦੀ ਹੈ।

ਮੈਂ ਚਾਨਣ ਤੋਂ ਡਰ ਗਿਆ ਹਾਂ
ਇਸ 'ਚ ਤੁਰਨੋਂ ਝਿਜਕਦਾ ਹਾਂ
ਚਾਨਣ 'ਚ ਹੀ ਤਾਂ ਮੇਰੇ ਪਿਓ ਦੀ ਪੱਗ
ਗਲੀਆਂ ਦੇ ਪੈਰਾਂ 'ਚ ਵਿਲਕੀ ਸੀ।
ਚਾਨਣਾਂ 'ਚ ਹੀ ਤਾਂ ਮੇਰੀ ਕੰਜਕ ਧੀ ਦੀ ਲੋਰ
ਮੱਛਰੀ ਹਵੇਲੀ ਨੇ
'ਸੋਲਨ' ਦੇ ਘੁੱਟਾਂ ਨਾਲ ਪੀਤੀ ਸੀ। (ਵਾਟਾਂ, ਸਫਾ—43)



ਸੰਤੋਖ ਧਾਲੀਵਾਲ ਦੀ ਸ਼ਾਇਰੀ ਵੱਖਰਾ ਮੁਹਾਂਦਰਾ ਸਿਰਜਣ 'ਚ ਹੀ ਅਸਫਲ ਨਹੀਂ, ਇਸ ਵਿਚ ਪਰਾਈਆਂ ਕਾਵਿ-ਧੁਨਾਂ ਵੀ ਸੁਣਾਈ ਦਿੰਦੀਆਂ ਹਨ। ਪਾਸ਼ ਦੀ ਕਾਵਿ-ਧੁਨੀ ਤੋਂ ਉਹ ਹੋਰਨਾਂ ਬਹੁਤ ਸਾਰੇ ਪ੍ਰਗਤੀਵਾਦੀਆਂ ਵਾਂਗ ਮੁਕਤ ਨਹੀਂ ਹੋ ਸਕਿਆ ਅਤੇ ਸ਼ਿਵ ਦੀ ਧੁਨੀ ਵੀ ਪੂਰੇ ਜਲੌਅ ਵਿਚ ਸੁਣਾਈ ਦੇ ਰਹੀ ਹੈ—

ਕਣੀ-ਕਣੀ ਹੋਕੇ ਆਉਣ
ਯਾਦਾਂ ਦੇ ਚੁਮਾਸੜੇ ਵੇ
ਭਿੱਜ ਗਿਆ ਧੁੱਪ ਦਾ ਸੰਧੂਰ।

ਧਾਲੀਵਾਲ ਦੀ ਨਜ਼ਮ ਵਾਰਤਕੀ-ਅੰਸ਼ ਵਾਲੀ ਹੀ ਨਹੀਂ, ਵਾਰਤਕੀ-ਤਰਕ ਵਾਲੀ ਵੀ ਹੈ। ਇਸਨੂੰ ਭੂਮਿਕਾ ਦੇ ਲੇਖਕ ਹਰਭਜਨ ਹੁੰਦਲ ਨੇ ਵੀ ਨੋਟ ਕੀਤਾ ਹੈ। ਇਸ ਤਰ੍ਹਾਂ ਦੀਆਂ ਸਤਰਾਂ ਨੂੰ ਭਲਾ ਸ਼ਾਇਰੀ ਕਿਵੇਂ ਕਿਹਾ ਜਾ ਸਕਦਾ ਹੈ ?

ਆਦਮੀ—
ਧਰਮ ਤੋਂ ਪਹਿਲਾਂ ਦੀ ਉਪਜ ਹੈ
ਇਹ ਹਿੰਦੂ, ਸਿੱਖ, ਮੁਸਲਮਾਨ ਹੋਣ ਤੋਂ ਪਹਿਲਾਂ
ਇਕ ਮਨੁੱਖ ਹੈ।

ਧਰਮ ਜੀਣ ਦੀ ਲਾਲਸਾ ਦੀ
ਹਰੀ ਧਰਤੀ 'ਤੇ ਪੁੰਗਰਦਾ ਹੈ।

ਮਜ਼ਹਬਾਂ ਦੇ ਨਾਂ 'ਤੇ ਮਨੁੱਖ ਵੰਡਣਾ
ਆਪਣੇ ਜਿਸਮ ਦੇ ਟੋਟੇ ਕਰਨ ਵਾਂਗੂੰ ਹੈ
ਤੇ ਇਹਨਾਂ ਟੋਟਿਆਂ ਨੂੰ
ਆਪੋ-ਆਪਣੇ ਗ੍ਰੰਥਾਂ ਦੀਆਂ ਤੱਕੜੀਆਂ 'ਚ ਪਾ
ਭਾਰਾ-ਹੌਲਾ ਮਾਪਣ ਵਾਂਗੂੰ ਹੈ।

ਇਸ ਕਤਲੋ-ਗਾਰਤ ਦੇ ਖ਼ਿਲਾਫ਼
ਲੜਾਈ ਵਿੱਢਣੀ ਪਵੇਗੀ।

(ਸਾਂਝੀਆਂ ਤੋਰਾਂ, ਸਫਾ—63)

ਪਰ ਇਸਦਾ ਅਰਥ ਇਹ ਨਹੀਂ ਕਿ ਸੰਤੋਖ ਧਾਲੀਵਾਲ ਦੀ ਸਾਰੀ ਕਵਿਤਾ 'ਚੋਂ ਕਾਵਿਕਤਾ ਗੈਰ-ਹਾਜ਼ਰ ਹੈ। ਉਹ ਕਦੇ-ਕਦੇ ਖ਼ੂਬਸੂਰਤ ਸ਼ਾਇਰੀ ਦੀ ਸਿਰਜਣਾ ਵੀ ਕਰਦਾ ਹੈ।

ਇਹ ਤਾਂ ਉਹ ਰੁੱਖ ਹੈ
ਜੋ ਕੱਲ੍ਹ ਚੌਰਾਹੇ 'ਚ ਡਿੱਗਾ ਸੀ
ਤੇ ਦਿਸ਼ਾਵਾਂ ਦਿਸ਼ਾਹੀਣ ਹੋਕੇ ਪੈਂਡੇ ਵਿਸਰ ਗਈਆਂ ਸਨ।
... ... ... ... ... ...

ਇਹ ਤਾਂ ਉਹ ਹਾੜ ਹੈ
ਜੋ ਸਮੁੰਦਰ ਡੀਕਣ ਪਿੱਛੋਂ ਵੀ
ਆਪਣੀ ਅੱਗ 'ਚ ਰੇਗਸਤਾਨ ਬਣਿਆ ਹੈ—

(ਕੁਝ ਨਾ ਕਹੋ, ਸਫਾ—17)

ਭੈ ਅੰਤ ਵਿਚ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਉਸ ਦੀਆਂ ਸੰਭਾਵਨਾਵਾਂ ਉਸ ਦੀਆਂ ਸੀਮਾਵਾਂ ਨੂੰ ਉਲੰਘ ਜਾਣਗੀਆਂ।

—ਸ਼ਬਦੀਸ਼

## "ਰਮਨ ਦੀ ਕਵਿਤਾ ਨਾਲ ਦੋ ਗੱਲਾਂ"

ਰਮਨ ਹੌਲੀ ਹੌਲੀ, ਧੀਮਾ ਧੀਮਾ, ਘੁੱਟਿਆ-ਵੱਟਿਆ ਜਿਹਾ ਤੁਰਦਾ, ਰੁਮਕਦਾ, ਕੁਝ ਰਚਦਾ ਹੈ। ਉਸ ਦੀ ਰਚਨਾ ਕੁਝ ਦਸਦੀ, ਕੁਝ ਮਹਿਸੂਸਦੀ, ਕੁਝ ਲੁਕਾਉਂਦੀ ਲਗਦੀ ਹੈ। ਰਮਨ ਦੀ ਕਵਿਤਾ ਪੜ੍ਹਕੇ ਲਗਦਾ ਹੈ ਜਿਵੇਂ ਉਹ ਜਿਹੜੀ ਵੀ ਸਤਰ ਲਿਖਦਾ ਹੈ, ਉਸ ਨੂੰ ਉਹ ਲਿਖਣਾ ਨਹੀਂ ਸੀ ਚਾਹੁੰਦਾ, ਸਗੋਂ ਲਿਖਕੇ ਕੱਟਣਾ ਚਾਹੁੰਦਾ ਸੀ ਅਤੇ ਜੋ ਉਹ ਲਿਖਣਾ ਚਾਹੁੰਦਾ ਹੈ, ਉਹ ਉਸ ਤੋਂ ਲਿਖਿਆ ਨਹੀਂ ਜਾ ਰਿਹਾ। ਲਿਖੇ ਨੂੰ ਰੱਦ ਕਰਨਾ ਤੇ ਅਣਲਿਖੇ ਨੂੰ ਚਿਤਵਨਾ ਰਮਨ-ਕਾਵਿ ਦੀ ਖੂਬੀ ਹੈ।

ਰਮਨ ਨਾ ਏਧਰਲੇ, ਓਧਰਲੇ, ਪੱਖ ਦਾ ਕਵੀ ਹੈ ਅਤੇ ਨਾ ਹੀ ਨਿਰਪੱਖ ਕਵੀ ਹੈ। ਉਸ ਨੂੰ ਸਹੀ-ਗਲਤ ਪੱਖ ਦਾ ਇਲਮ ਹੈ, ਪਰ ਉਸ ਨੂੰ ਇਹ ਵੀ ਪਤਾ ਹੈ ਕਿ ਗੱਲ ਸਿਰਫ ਇਲਮ ਹੋਣ ਨਾਲ ਹੀ ਨਹੀਂ ਮੁੱਕ ਜਾਂਦੀ, ਸਗੋਂ ਇਲਮ ਹੋਣ ਨਾਲ ਤਾਂ ਗੱਲ ਸਿਰਫ ਸ਼ੁਰੂ ਹੀ ਹੁੰਦੀ ਹੈ। ਇਹ ਕਾਰਜ ਸ਼ਾਇਰੀ ਦਾ ਕਾਰਜ ਹੈ, ਰਚਨਾ ਦਾ ਕਾਰਜ ਹੈ, ਕਲਾ ਦਾ ਕਾਰਜ ਹੈ। ਰਮਨ ਸਿਰਫ ਸ਼ਾਇਰੀ ਦਾ ਕਾਰਜ ਨਿਭਾ ਰਹਿੰਦਾ ਹੈ, ਉਪਦੇਸ਼ਕ ਜਾਂ ਪੱਥ-ਪਰਦਰਸ਼ਕ ਦਾ ਨਹੀਂ। ਇਹ ਸ਼ਾਇਰੀ ਦਾ ਇਮਾਨਦਾਰਾਨਾ ਕਾਰਜ ਹੈ, ਜਿਸ ਨੂੰ ਨਿਭਾਹੁਣਾ ਰਮਨ ਜਿਹੇ ਮਾਸੂਮ ਸ਼ਾਇਰਾਂ ਦੇ ਹਿੱਸੇ ਆਇਆ ਹੈ।

ਰਮਨ ਏਸੇ ਲਈ ਆਪਣੀ ਸ਼ਾਇਰੀ ਦੇ ਵਹਾ ਨਿਭਾ ਰੋ ਵਿਵੇਕ ਪ੍ਰਤੀ ਸੁਚੇਤ ਹੈ। ਪਰ ਰਮਨ ਆਪਣੀ ਸ਼ਾਇਰੀ ਦੀ ਬਣਤਰ ਤੇ ਬੁਣਤਰ ਪ੍ਰਤੀ ਸੁਚੇਤ ਹੁੰਦਾ ਹੈ। ਉਹ ਰਚਨਾ ਦੀ ਇਕਾਈ ਦੀ ਧਾਰਨਾ ਨੂੰ ਤੋੜਦਾ ਹੈ। ਉਹ ਟੁਕੜਿਆਂ ਵਿਚ ਕਾਵਿ ਰਚਨਾ ਕਰਦਾ ਹੈ। ਹਰ ਟਕੜਾ ਆਪਣੇ ਆਪ ਵਿਚ ਸੁਤੰਤਰ ਤੇ ਅਹਿਮ ਹੈ। ਉਹ ਇਹਨਾਂ ਟੁਕੜਿਆਂ ਨੂੰ ਉਚੇਚ ਨਾਲ ਜੋੜਦਾ ਨਹੀਂ, ਸਗੋਂ ਨਿਰਉਚੇਚ ਤੇ ਸਹਿਜ-ਸੁਭਾਵਕ ਇਹ ਟੁਕੜੀ ਜਿਵੇਂ ਸਿਰਜੇ, ਜਿਥੇ ਸਿਰਜੇ, ਉਵੇਂ ਉਥੇ ਹੀ ਪਏ ਰਹਿਣ ਦਿੰਦਾ ਹੈ—ਆਪਣੇ ਅਸਲ ਰੂਪ ਵਿਚ। ਇਉਂ ਰਮਨ ਦੀ ਸ਼ਾਇਰੀ ਨਿਰਉਚੇਚ ਵਹਾ ਦੀ ਸ਼ਾਇਰੀ ਹੈ। ਇਹ ਨਿਰ-ਉਚੇਚਤਾ ਤੇ ਸੁਭਾਵਕਤਾ ਕਾਵਿ-ਬੁਣਤਰ ਪ੍ਰਤੀ ਉਸਦੇ ਅਵੇਸਲੇਪਨ ਨੂੰ ਉਭਰਨ ਨਹੀਂ ਦੇਂਦੀ। ਦੂਜਾ ਉਸਦਾ ਰਚਨਾਤਮਕ ਵਿਵੇਕ ਅਜਿਹੇ ਤਰਕ ਸਿਰਜਦਾ ਹੈ ਕਿ ਪਾਠਕ-



ਚੇਤਨਾ ਉਸ ਦੇ ਕਾਵਿ-ਵਹਾ ਦੇ ਤਰਕ ਤੇ ਉਸਦੀ ਕਾਵਿ-ਸੰਵੇਦਨਾ ਦੇ ਪ੍ਰਭਾਵ ਨੂੰ ਸਵੀਕਾਰੇ ਬਿਨਾਂ ਰਹਿ ਨਹੀਂ ਸਕਦੀ;

—ਲਕੀਰਾਂ ਦਾ ਇਕ ਅਜੀਬ ਜਿਹਾ ਜਾਲ ਬਣਾਕੇ
ਵਿਚੇ ਆਪ ਉਲਝਕੇ ਰਹਿ ਗਿਆ

—ਆਪਣੇ ਆਪ ਹੀ ਹਨੇਰੀ 'ਚ ਉੱਡ ਗਿਆ
ਖੰਭਾਂ ਤੇ ਉਕਰਿਆ ਮੇਰਾ ਸਿਦਕ
ਸਫੈਦਿਆਂ ਦੇ ਜਦ ਜੜਾਕੇ ਹੀ ਪੈ ਗਏ

—ਅਸੀਂ ਬਹੁਤ ਉਰ੍ਹਾਂ ਰਹਿ ਜਾਂਦੇ ਹਾਂ
ਪਰ੍ਹਾਂ ਪਰ੍ਹਾਂ ਕੁਝ ਹੋਰ ਹੁੰਦਾ ਹੈ

—ਸੁੰਨ ਚੋਂ ਸੁਰਤ ਜਗੇ ਤਾਂ ਦੀਪ ਬਲੇ
ਦੀਪ ਬਲੇ ਤਦ ਹੀ ਤਾਂ ਘਰ ਹੋਵੇ

ਉਮੀਦ ਹੈ, ਰਮਨ ਦੀ ਕਵਿਤਾ ਨਿੱਕੀਆਂ ਨਿੱਕੀਆਂ ਕਲਾਤਮਕ ਊਣਾਂ ਤੋਂ ਮੁਕਤ ਹੋਣ ਦਾ ਉਪਰਾਲਾ ਵੀ ਕਰੇਗੀ। ਊਣਾਂ ਸਣੇ ਵੀ ਜਚਦੀ ਰਮਨ ਦੀ ਕਵਿਤਾ ਨਾਲ ਦੋ ਗੱਲਾਂ ਬਹੁਤ ਥੋੜ੍ਹੀਆਂ ਨੇ, ਸੱਚੀਂ।

—ਅਤੈ ਸਿੰਘ

## ਡਰਿਆ ਮਨੁੱਖ/ਦਰਸ਼ਨ ਧੀਰ

ਦਰਸ਼ਨ ਸਿੰਘ ਧੀਰ ਪ੍ਰੌੜ ਪ੍ਰਵਾਸੀ ਨਾਵਲਕਾਰ ਅਤੇ ਕਹਾਣੀਕਾਰ ਹੈ। ਉਸ ਨੇ ਹੁਣ ਤੱਕ ਚਾਰ ਨਾਵਲ ਅਤੇ ਚਾਰ ਹੀ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਦਿੱਤੇ ਹਨ। ਹੱਥਲੇ ਕਹਾਣੀ ਸੰਗ੍ਰਹਿ ਵਿਚ ਅਠਾਰਾਂ ਕਹਾਣੀਆਂ ਹਨ। ਇਨ੍ਹਾਂ ਵਿਚੋਂ ਪੰਦਰਾਂ ਪ੍ਰਵਾਸ ਦੀ ਜ਼ਿੰਦਗੀ ਦੇ ਪ੍ਰੀਪੇਖ ਵਿਚ ਵਿਚਰਦੀਆਂ ਹਨ। ਮਨੁੱਖ ਪ੍ਰਵਾਸੀ ਮਾਨਸਿਕ ਉਲਝਣਾਂ ਵਿਚ ਫਸਕੇ ਰਹਿ ਗਿਆ ਹੈ। ਨਸਲਵਾਦ ਦੇ ਸ਼ਿਕਾਰ, ਕਾਲੇ ਲੋਕ, ਗੋਰਿਆਂ ਤੋਂ ਅਸਹਿ ਦਵੰਦ ਦੀ ਪੀੜਾ ਭੋਗ ਰਹੇ ਹਨ। ਉਹ ਇੰਗਲੈਂਡ ਵਿਚ ਰਹਿੰਦੇ ਹੋਏ ਵੀ ਪੰਜਾਬ ਦੇ ਸਭਿਆਚਾਰ ਨਾਲ ਜੁੜੇ ਹੋਏ ਹਨ। ਇਸ ਦੇ ਉਲਟ ਉਹਨਾਂ ਦੇ ਬੱਚਿਆਂ ਅਤੇ ਜ਼ਨਾਨੀਆਂ ਨੇ ਪ੍ਰਵਾਸ ਦੀ ਮਾਨਸਿਕ ਤ੍ਰਾਸਦੀ ਨੂੰ ਕਬੂਲ ਕਰ ਲਿਆ ਹੈ ਪਰ ਮਨੁੱਖ ਆਪਸੀ ਰਿਸ਼ਤਿਆਂ ਤੋਂ ਦੁੱਖੀ ਹਨ। ਉਨ੍ਹਾਂ ਲਈ ਇਸ ਕੌੜੀ ਪ੍ਰਵਾਸੀ ਸਭਿਅਤਾ ਨੇ ਤਣਾਓ ਪੈਦਾ ਕੀਤਾ ਹੈ। ਕਹਾਣੀਕਾਰ ਨੇ ਬਾ-ਖੂਬੀ ਕਹਾਣੀਆਂ ਦੇ ਅੰਤ 'ਚ ਉਲਝਣਾਂ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਹੈ ਜੋ ਅਚੇਤ ਜਾਂ ਸੁਚੇਤ ਕਿਤੇ ਕਿਤੇ ਤਾਂ ਢੁੱਕਦੀ ਹੈ ਕਿਤੇ ਕਿਤੇ ਓਪਰੀ ਜਿਹੀ ਹੈ।

'ਚੋਣ', ਕਹਾਣੀ ਵਿਚ ਗੁਰਮੀਤ, ਕਾਲੀ ਨਸਲ ਦੇ ਕੋਹੜ ਨੂੰ ਦੂਰ ਕਰਨ ਲਈ ਅੰਗਰੇਜ਼ ਵਾਂਗ ਹੀ ਇੱਕੀ ਸਾਲ ਮਿਹਨਤ ਕਰਕੇ, ਜਨਰਲ ਮੈਡੀਸਨ 'ਚ ਸਪੈਸ਼ਲਿਸਟ ਬਣਨਾ ਚਾਹੁੰਦਾ ਹੈ ਕਿਉਂਕਿ ਗੋਰੇ ਉਸ ਨੂੰ ਨੀਵਾਂ ਦਿਖਾਉਂਦੇ ਹਨ ਅਤੇ ਗਾਲ੍ਹਾਂ ਕੱਢਦੇ

ਹਨ। ਉਹ ਆਪਣੀ ਮਾਂ ਵਲੋਂ ਲੱਭੀ ਹੋਈ ਸੋਹਣੀ ਕੁੜੀ ਨਾਲ ਵਿਆਹ ਕਰਾਉਣ ਨਾਲੋਂ ਆਪਣਾ ਨਾਂ, ਇੰਗਲੈਂਡ ਦੀ ਮੈਡੀਕਲ ਹਿਸਟਰੀ ਵਿਚ ਚਮਕਾਉਣਾ ਚਾਹੁੰਦਾ ਹੈ ਤਾਂ ਕਿ ਆਪਣੀ ਕੌਮ (ਕਾਲਿਆਂ) ਨੂੰ ਗੋਰਿਆਂ ਨਾਲੋਂ ਉੱਚਾ ਦਿਖਾ ਸਕੇ। ਕਹਾਣੀ ਅਗਾਂਹਵਧੂ ਸੋਚ ਵੱਲ ਲਿਜਾਂਦੀ ਹੈ। 'ਲੱਲੂ ਪੰਜੂ' ਕਹਾਣੀ ਵਿਚ ਗੋਰੇ, ਕਿਸੇ ਕਾਲੇ ਦੇ ਅਧੀਨ ਫੈਕਟਰੀ ਵਿਚ ਕੰਮ ਕਰਨਾ ਨਹੀਂ ਚਾਹੁੰਦੇ ਪਰ ਪ੍ਰੀਤਮ ਸਿਘ ਮਿਹਨਤੀ ਤੇ ਯੋਗਤਾ ਕਰਕੇ ਗੋਰਿਆਂ ਦਾ ਇੰਚਾਰਜ ਬਣਾ ਹੀ ਦਿੱਤਾ ਗਿਆ। ਉਸ ਦੇ ਦਿਲ ਵਿਚ ਜਨੂੰਨ ਹੈ ਕਿ ਅੰਗਰੇਜ਼ਾਂ ਵਾਂਗ ਹੀ ਪੰਜਾਬੀਆਂ (ਕਾਲਿਆਂ) ਨੂੰ ਉਨ੍ਹਾਂ ਦੇ ਬਰਾਬਰ ਲਿਆਂਦਾ ਜਾਵੇਗਾ। ਪਰ ਉਸ ਦੇ ਨਾਲ ਦੇ ਪ੍ਰਵਾਸੀ ਕਾਮੇ, ਗੱਪਾਂ 'ਚ ਮਸਤ ਹਨ ਅਤੇ ਉਸ ਨੂੰ 'ਲੱਲੂ-ਪੰਜੂ' ਹੀ ਸਮਝਦੇ ਹਨ।

'ਜੜ੍ਹ' ਕਹਾਣੀ 'ਚ ਗੁਰਜੀਤ ਦੀ ਪਤਨੀ ਪਾਸ਼ੋ ਨੇ ਆਪਣੇ ਸ਼ਰਾਬੀ ਪਤੀ ਨੂੰ ਉਸਦੇ ਛੜੇ ਸਾਥੀਆਂ ਨਾਲੋਂ ਹਿੰਮਤ ਕਰਕੇ ਦਾਰੂ ਪੀਣ ਤੋਂ ਰੋਕ ਦਿੱਤਾ ਤੇ ਉਹਨਾਂ ਦੀ ਬੇਇਜ਼ਤੀ ਕਰਕੇ ਸਦਾ ਲਈ ਜੜ੍ਹ ਵੱਢ ਦਿੱਤੀ। 'ਪੌੜੀ' ਕਹਾਣੀ ਵਿਚ ਕਾਲੇ ਲੋਕਾਂ ਨਾਲ ਧਰੋਹ ਕਰਨ ਦੀ ਪੇਸ਼ਕਾਰੀ ਹੈ। ਇਕ ਗੋਰਾ, ਕਾਲਿਆਂ ਦੇ ਸਿਰ 'ਤੇ ਯੂਨੀਅਨ ਵਿਚੀਂ ਹੁੰਦਾ ਹੋਇਆ ਮੈਨੇਜਰ ਦੀ ਕੁਰਸੀ ਤੱਕ ਪਹੁੰਚ ਗਿਆ ਪਰ ਪਿਛੋਂ ਉਸ ਦੀ ਸੋਚ ਬਦਲ ਗਈ ਤੇ ਕਾਲਿਆਂ ਨੂੰ ਨਫਰਤ ਕਰਨ ਲੱਗ ਪਿਆ। ਉਸ ਨੇ ਮੈਨੇਜਰ ਦੀ ਕੁਰਸੀ ਤਕ ਪਹੁੰਚਣ ਲਈ ਕਾਲਿਆਂ ਨੂੰ ਪੌੜੀ ਵਜੋਂ ਵਰਤਿਆ।

'ਉਲਝਣ' ਵਿਚ ਗੁਰਮੀਤੋ, ਭਾਰਤੀ ਨਾਰੀਆਂ ਵਾਂਗ ਹੀ ਆਪਣੇ ਪੁੱਤਰ ਨੂੰ ਖੰਭਾਂ ਹੇਠ ਲੈ ਕੇ ਬੈਠੀ ਰਹੀ। ਉਸ ਨੇ ਬੱਚੇ ਦੇ ਬਚਪਨ ਦਾ ਵਿਕਾਸ ਨਹੀਂ ਹੋਣ ਦਿੱਤਾ। ਜਦੋਂ ਉਹ ਯੂਨੀਵਰਸਿਟੀ ਪੜ੍ਹਨ ਗਿਆ ਤਾਂ ਉਹ ਸਾਥੀਆਂ ਵਾਂਗੂ ਹਾਸੇ ਮਖੌਲ ਨਹੀਂ ਸੀ ਕਰ ਸਕਦਾ। ਸਾਰੇ ਉਸ ਨੂੰ ਮਖੌਲ ਕਰਦੇ ਪਰ ਜਦੋਂ ਉਸ ਨੂੰ ਅਹਿਸਾਸ ਹੋ ਗਿਆ ਤਾਂ ਉਸ ਨੇ ਆਪ ਹੀ ਇਹ ਉਲਝਣ ਹੱਲ ਕਰ ਲਈ। ਇੰਗਲੈਂਡ ਵਿਚ ਰਹਿਕੇ ਗੁਰਮੀਤੋ 'ਤੇ ਭਾਰਤੀ ਸੋਚ ਭਾਰੂ ਰਹਿੰਦੀ ਹੈ। 'ਦੌੜ' ਕਹਾਣੀ 'ਚ ਹਰ ਪਖੋਂ ਅਮੀਰ ਬਣਨ ਲਈ ਇਕ ਦੂਜੇ ਨਾਲੋਂ ਅੱਗੇ ਲੰਘਣ ਦੀ ਦੌੜ ਹੈ।

'ਹਵਾ ਦੇ ਪਰਾਂ ਤੇ' ਵਿਚ 'ਉਲਝਣ' ਕਹਾਣੀ ਨਾਲੋਂ ਉਲਟ ਹੈ। ਜੀਤੋ ਤੇ ਜਗਬੀਰ ਨੇ ਆਪਣੇ ਪੁੱਤਰ ਨੂੰ ਲਾਡ ਨਾਲ ਵਿਗਾੜ ਲਿਆ ਸੀ ਜੋ ਕਾਰਾਂ 'ਚ ਘੁੰਮਦਾ ਹੋਇਆ ਪੜ੍ਹਾਈ 'ਚ ਫੇਲ੍ਹ ਹੁੰਦਾ ਹੈ। ਉਹ ਇੰਗਲੈਂਡ ਦੀ ਹੀ ਗੋਰਿਆਂ ਦੀ ਕੁੜੀ ਸਟੈਲਾ ਨਾਲ ਜਦੋਂ ਵਿਆਹ ਲਈ ਕਹਿੰਦਾ ਹੈ ਤਾਂ ਜੀਤੋ ਅਤੇ ਜਗਬੀਰ ਸੁੰਨ ਹੋ ਜਾਂਦੇ ਹਨ ਅਤੇ ਜੀਤੋ ਕਹਿੰਦੀ ਹੈ ਕਿ ਹੁਣ ਹੋ ਲੈਣ ਦਿਓ ਬੱਚੇ ਦੇ ਵਿਅਕਤੀਤਵ ਦਾ ਵਿਕਾਸ। ਜਗਬੀਰ ਨਹੀਂ ਸੀ ਚਾਹੁੰਦਾ ਕਿ ਗੋਰੀ ਕੁੜੀ ਨਾਲ ਸ਼ਾਦੀ ਹੋਵੇ। ਕਹਾਣੀ ਦਾ ਅੰਤ ਜੇ ਮਾਨਵਤਾ ਦੀ ਸੋਚਣੀ ਨਾਲ ਕਰਨਾ ਹੁੰਦਾ ਤਾਂ ਉਹਨਾਂ ਨੂੰ ਨਸਲੀ ਵਿਤਕਰੇ ਛੱਡ ਕੇ ਸਟੈਲਾ ਨਾਲ ਵਿਆਹ ਕਰਵਾਉਣ ਦੀ ਖੁਸ਼ੀ ਹੋਣੀ ਸੀ ਨਾ ਕਿ ਪੁੱਤਰ ਨੂੰ ਘਰੋਂ ਕੱਢਣ ਨਾਲ ਪਛੜੀ ਹੋਈ ਭਾਰਤੀ ਸਭਿਅਤਾ 'ਚ ਫਸੇ ਰਹਿਣਾ।



'ਔਖੀ ਘਾਟੀ' ਇੰਦਰਜੀਤ ਨੂੰ ਜਦੋਂ ਪਤਾ ਲੱਗਦਾ ਹੈ ਕਿ ਉਸ ਨੂੰ ਇੰਗਲੈਂਡ ਦੀ ਸ਼ਹਿਰੀਅਤ ਮਿਲ ਗਈ ਹੈ ਤਾਂ ਉਹ ਭਾਰਤ ਮਾਤਾ ਨੂੰ ਆਪਣੀ ਜਨਮ ਭੂਮੀ ਦੇ ਵਿਛੜ ਜਾਣ ਲਈ ਰੋਂਦਾ ਹੈ। ਪਰ ਉਸਦੀ ਪਤਨੀ ਅਤੇ ਪੁੱਤਰ ਖੁਸ਼ ਹਨ। 'ਪਿੱਛਾ ਰਹਿ ਗਿਆ ਦੂਰ' ਕਹਾਣੀ ਇੰਗਲੈਂਡ 'ਚ ਰਹਿੰਦੇ ਕੱਟੜ ਸਿੱਖਾਂ ਦੀ ਮਾਨਸਿਕ ਸੋਚਣੀ ਨੂੰ ਪੇਸ਼ ਕਰਦੀ ਹੈ। ਉਹਨਾਂ ਦਾ ਪੁੱਤਰ ਵੀ ਸਿੱਖੀ ਰਹਿਤ ਨਾਲ ਹੀ ਰਹਿੰਦਾ ਹੈ ਪਰ ਹੌਲੀ ਹੌਲੀ ਉਸ ਉਤੇ ਉਥੋਂ ਦੇ ਮਹੌਲ ਦਾ ਅਸਰ ਹੋ ਜਾਂਦਾ ਹੈ। ਕੇਸ ਕਟਾਉਣ ਕਰਕੇ ਉਸ ਦੇ ਪਿਓ ਅਤੇ ਮਾਂ ਨੇ ਉਸ ਨੂੰ ਘਰੋਂ ਕੱਢ ਦਿੱਤਾ ਪਰ ਪੁੱਤਰ, ਥੁੱਕ ਕੇ ਚੱਟਣ ਨੂੰ ਤਿਆਰ ਨਹੀਂ ਹੈ।

'ਬੰਧੇਜ', ਕਹਾਣੀਕਾਰ ਰਘਬੀਰ ਢੰਡ ਦੀ ਸਵੈ-ਜੀਵਨੀ ਨੂੰ ਸਮਰਪਤ ਕਹਾਣੀ ਹੈ ਕਿ ਕਿਵੇਂ ਉਹ (ਜਗਮੀਤ) ਔਖਾ ਹੋ ਕੇ ਪੜ੍ਹਿਆ, ਨੌਕਰੀ ਕੀਤੀ ਫਿਰ ਮਾਰਕਸੀ ਸਾਹਿਤ ਪੜ੍ਹਿਆ ਹੋਣ ਕਰਕੇ ਪ੍ਰਗਤੀਸ਼ੀਲ ਲੇਖਕ ਬਣ ਗਿਆ। ਉਸ ਨੂੰ ਕੈਂਸਰ ਦੇ ਭਿਆਨਕ ਰੋਗ ਨੇ ਘੇਰ ਲਿਆ ਪਰ ਉਸ ਨੇ ਪਤਨੀ ਅਤੇ ਬੱਚਿਆਂ ਨੂੰ ਆਪਣੇ ਮਰਨ ਉਪਰੰਤ ਖੁਸ਼ੀ ਖੁਸ਼ੀ ਰਹਿਣ ਲਈ ਬਚਨ ਦਿੱਤਾ ਸੀ ਕਿ ਉਹ ਰੋਣ ਨਾ। ਪਰ ਜਦੋਂ ਉਸ ਦੀ ਪਤਨੀ ਦੀ ਨਣਾਨ ਜਾਣ ਲਈ ਤਿਆਰ ਹੋਈ ਤਾਂ ਉਹਨਾਂ ਤੋਂ ਰੋਣ ਨਹੀਂ ਰੋਕਿਆ ਗਿਆ। ਇਹ ਬੰਧੇਜ਼ ਕਿਸੇ ਹੱਦ ਤਕ ਹੀ ਰੱਖਿਆ ਜਾ ਸਕਦਾ ਹੈ।

'ਖੱਟੀ ਲੱਸੀ ਦਾ ਗਲਾਸ' ਵਿਚ ਇੰਗਲੈਂਡ ਦੀ ਫਾਊਂਡਰੀ ਫੈਕਟਰੀ ਦੀ ਹੜਤਾਲ ਨੇ ਲਾਲਾ ਸਰਦਾਰੀ ਲਾਲ ਦੀ ਖੱਟੀ ਲੱਸੀ ਯਾਦ ਕਰਾ ਦਿੱਤੀ ਜਦੋਂ ਫੈਕਟਰੀ ਦੇ ਮਾਲਕ ਨੇ ਦਸ ਸ਼ਲਿੰਗਾਂ ਹੀ ਮਜ਼ਦੂਰੀ ਵਧਾਈ ਸੀ, ਉਸ ਨੂੰ ਆਪਣੇ ਪਿਓ ਦੇ ਨਾਲ ਕਰਜ਼ਾ ਦੇਣ ਗਿਆਂ ਸਰਦਾਰੀ ਲਾਲ ਦੀ ਖੱਟੀ ਲੱਸੀ ਪਿਆਈ ਯਾਦ ਆ ਗਈ। ਬਾਪੂ ਦੇ ਸੂਦ ਦੇ ਪੈਸੇ ਲਾ ਕੇ ਓਨੇ ਹੀ ਖੜੇ ਕਰ ਦਿੱਤੇ ਸਨ। ਸਰਮਾਏਦਾਰੀ ਚਾਹੇ ਇੰਗਲੈਂਡ ਦੀ ਹੋਵੇ ਚਾਹੇ ਪੰਜਾਬ ਦੀ, ਇਕੋ ਜਿਹੀ ਹੀ ਹੈ। ਮਜ਼ਦੂਰ ਦਾ ਹੀ ਕਚੂਮਰ ਨਿਕਲਦਾ ਹੈ ਚਾਹੇ ਉਹ ਖੇਤੀ 'ਚ ਹੱਡ ਭੰਨਵੀਂ ਮਿਹਨਤ ਕਰਦਾ ਹੈ ਚਾਹੇ ਇੰਗਲੈਂਡ ਦੀਆਂ ਫੈਕਟਰੀਆਂ 'ਚ।

'ਡਰਿਆ ਮਨੁੱਖ' ਪ੍ਰਵਾਸ ਬਾਰੇ ਇਸ ਪੁਸਤਕ ਦੀ ਸਭ ਤੋਂ ਵਧੀਆ ਕਹਾਣੀ ਹੈ, ਜਿਸ ਵਿਚ ਸਾਰੀ ਦੁਨੀਆਂ ਦੇ ਕਾਲੇ, ਕਣਕ-ਵੰਨੇ ਮਨੁੱਖ ਡਰੇ ਡਰੇ ਤੇ ਸਹਿਮੇ ਹੋਏ ਨਰਕ ਭੋਗ ਰਹੇ ਹਨ। ਗੋਰੇ ਜਿਥੇ ਕਾਲਿਆਂ ਨੂੰ ਦੇਖਕੇ ਛੁਰੇਬਾਜ਼ੀ ਕਰ ਦਿੰਦੇ ਅਤੇ ਉਨ੍ਹਾਂ ਉਤੇ ਥੁੱਕਦੇ, ਗਾਲ੍ਹਾਂ ਕੱਢਦੇ ਹਨ। ਜਦੋਂ ਮਾਸਟਰ ਹਰੀ ਰਾਮ ਘਰੋਂ, ਸੌਦਾ ਲੈਣ ਨਿਕਲਿਆ ਤਾਂ ਉਹ 1947 ਦੇ ਦੰਗਿਆਂ ਵਾਂਗ ਡਰਦਾ ਹੈ। ਕਿਸੇ ਵੇਲੇ ਇੰਗਲੈਂਡ, ਦੁਨੀਆਂ ਭਰ ਵਿਚੋਂ ਸ਼ਾਂਤ ਖਿੱਤਾ ਮੰਨਿਆ ਜਾਂਦਾ ਸੀ ਹੁਣ ਕਾਲੇ ਲੋਕਾਂ ਦਾ ਗੋਰਿਆਂ ਨੇ ਜੀਣਾ ਦੁੱਭਰ ਕਰ ਦਿੱਤਾ ਹੈ। ਏਸੇ ਮਾਨਸਿਕਤਾ ਨੂੰ ਉਲੀਕਦੀ ਇਹ ਸਾਰਥਕ ਕਹਾਣੀ ਹੈ।

'ਰੋਟੀ ਤੇ ਲੱਡੂ' ਕਹਾਣੀ ਪੰਜਾਬ ਦੇ ਪੇਂਡੂ ਮਾਹੌਲ ਦੀ ਗੱਲ ਕਰਦੀ ਹੈ ਕਿ ਜ਼ਿੰਦਗੀ ਲਈ ਲੱਡੂ ਨਹੀਂ ਰੋਟੀ ਦੀ ਜ਼ਰੂਰਤ ਹੈ। 'ਬਘਿਆੜਾਂ ਦਾ ਰਾਜ' ਕਹਾਣੀ ਵਿਚ ਲੇਖਕ

ਮਿਆਰਾਂ ਨਾਲੋਂ ਬਹੁਤ ਉੱਚੇ ਹੁੰਦੇ ਹਨ । ਹਾਕਮ ਜਮਾਤਾਂ ਆਪਣੇ ਮਨੋਰਥਾਂ ਲਈ ਇਹਨਾਂ ਸਾਹਿਤਕ ਅਦਾਰਿਆਂ ਦੀ ਇਖ਼ਲਾਕੀ ਗਿਰਾਵਟ ਨੂੰ, ਇਹਨਾਂ ਉਪਰ ਕਬਜ਼ੇ ਕਰਕੇ ਆਪਣਾ ਧੂਤੂ ਬਣਾ ਕੇ ਵਰਤਣ ਲਈ, ਲਿਆਉਣ ਦੀਆਂ ਜ਼ਿੰਮੇਵਾਰ ਹਨ । ਸਾਹਿਤ ਦੇ ਖੇਤਰ ਵਿਚ ਹਾਕਮ ਜਮਾਤਾਂ ਦਾ ਦਖ਼ਲ ਉਹਨਾਂ ਲਈ ਜ਼ਰੂਰੀ ਹੈ । ਨਾਲ ਹੀ ਲੋਕ ਹਿਤਾਂ ਲਈ ਖਲੋਣ ਵਾਲੇ ਲੇਖਕਾਂ ਦੀ ਸਤਰਕਤਾ ਅਤੇ ਵਿਚਾਰਧਾਰਕ ਸੰਘਰਸ ਹੀ, ਉਹਨਾਂ ਦਾ ਮੁਕਾਬਲਾ ਕਰਨ ਦੀ ਇਕੋ-ਇਕ ਧਿਰ ਹੈ । ਖੁਸ਼ੀ ਹੁੰਦੀ ਹੈ ਕਿ ਤੁਸੀਂ ਸਾਰੇ ਇਸ ਦੀ ਗੰਭੀਰਤਾ ਨੂੰ ਸਮਝਦੇ ਵੀ ਹੋ ਅਤੇ ਸਾਹਿਤਕ ਸਦਾਚਾਰਕਤਾ ਦੇ ਮਿਆਰਾਂ ਨੂੰ ਕਾਇਮ ਰੱਖਣ ਲਈ ਸੰਘਰਸ਼ਸ਼ੀਲ ਵੀ ਹੋ ।

ਆਪਦਾ, ਸੂਫ਼ੀ ਅਮਰਜੀਤ

25-1-95

ਤੁਹਾਡਾ ਕਾਰਡ ਪ੍ਰਾਪਤ ਹੋਇਆ । ਤੁਹਾਨੂੰ ਪਤਾ ਹੀ ਹੈ ਕਿ ਮੈਂ ਕਦੇ ਆਪਣੇ ਵਿਚਾਰਾਂ ਤੇ ਪਰਦਾ ਪਾਉਣ ਦੀ ਕੋਸ਼ਿਸ਼ ਨਹੀਂ ਕੀਤੀ ।

ਤੁਸੀਂ ਜੋ ਮੇਰੇ ਮਾਰਕਸਵਾਦ ਤੋਂ ਮੁਨਕਰ ਹੋਣ ਦੀ ਗੱਲ ਲਿਖੀ ਹੈ, ਉਹ ਵੀ ਤੁਹਾਨੂੰ ਪਤਾ ਹੀ ਹੈ ਕਿ ਮੈਂ ਕਦੇ ਵੀ ਮਾਰਕਸ ਦਾ ਤੁਹਾਡੇ ਵਾਂਗ ਅਨਿਨ ਭਗਤ ਨਹੀਂ ਰਿਹਾ । ਤੁਹਾਡੀ ਮਾਰਕਸ ਵਿਚ ਸ਼ਰਧਾ ਧਾਰਮਿਕ ਬਿਰਤੀ ਵਾਲੀ ਹੈ ਪਰ ਮੇਰੀ ਅਜਿਹੀ ਕਿਸੇ ਪੜਾਓ ਤੇ ਵੀ ਨਹੀਂ ਸੀ । ਤੁਹਾਨੂੰ ਯਾਦ ਹੋਵੇਗਾ ਕਿ ਪੱਟੀ ਨਿਰਮਲ ਅਰਧਣ ਦੇ ਘਰ ਵੀ ਤੁਸੀਂ ਮੇਰੇ ਨਾਲ ਇਸ ਵਿਸ਼ੇ ਤੇ ਵਿਚਾਰ ਵਟਾਂਦਰਾ ਕੀਤਾ ਸੀ ਅਤੇ ਉਦੋਂ ਵੀ ਮੈਂ ਤੁਹਾਨੂੰ ਇਹ ਸਪਸ਼ਟ ਕਰ ਦਿੱਤਾ ਸੀ । ਮੈਂ ਅਰਥ ਸ਼ਾਸਤਰ ਦਾ ਵਿਦਿਆਰਥੀ ਹਾਂ ਅਤੇ ਅਰਥ ਸ਼ਾਸਤਰ ਵਿਚ ਮਾਰਕਸ ਇਕ ਮਹੱਤਵਪੂਰਨ ਅਰਥ ਸ਼ਾਸਤਰੀ ਮੰਨਿਆ ਜਾਂਦਾ ਹੈ । ਪਰ ਮਾਰਕਸ ਤੋਂ ਪਹਿਲਾਂ ਅਤੇ ਮਾਰਕਸ ਤੋਂ ਬਾਅਦ ਵੀ ਬੜੇ ਮਹੱਤਵਪੂਰਨ ਅਰਥ ਸ਼ਾਸਤਰੀ ਹੋਏ ਹਨ । ਇਸ ਲਈ ਮਾਰਕਸ ਮੇਰੇ ਲਈ ਕੋਈ ਧਾਰਮਿਕ ਗੁਰੂ ਨਹੀਂ । ਵੈਸੇ ਵੀ ਅਰਥ ਸ਼ਾਸਤਰ ਅਤੇ ਧਰਮ ਦੇ ਖੇਤਰ ਵੱਖੋ ਵੱਖ ਹਨ । ਤੁਸੀਂ ਮਾਰਕਸ-ਵਾਦ ਨੂੰ ਇਕ ਧਰਮ ਵਜੋਂ ਗ੍ਰਹਿਣ ਕਰੀ ਬੈਠੇ ਹੋ ਅਤੇ ਮਾਰਕਸ ਦੇ ਕਥਨਾਂ ਨੂੰ ਕੁਰਾਨ ਦੀ ਆਇਤ ਸਮਝੀ ਬੈਠੇ ਹੋ । ਤੁਹਾਡੇ ਵਿਚਾਰ ਅਨੁਸਾਰ ਮਾਰਕਸ ਦੇ ਸਿਧਾਂਤ ਕਦੇ ਰੱਦ ਨਹੀਂ ਹੋ ਸਕਦੇ । ਮੈਂ ਅਜਿਹਾ ਨਹੀਂ ਸਮਝਦਾ ।

ਮਾਰਕਸ ਨੇ ਜਦੋਂ 'ਦਾਸ ਕੈਪੀਟਲ' ਲਿਖੀ ਸੀ ਤਾ ਸਮਾਜ ਦਾ ਵਿਸ਼ਲੇਸ਼ਨ ਉਸ ਵੇਲੇ ਤਕ ਵਿਕਸਤ ਸਮਾਜ ਬਾਰੇ ਉਪਲੱਬਧ ਗਿਆਨ ਦੇ ਆਸਰੇ ਕੀਤਾ ਸੀ । ਪਰ ਸਮਾਜ ਨਿਰੰਤਰ ਪ੍ਰੀਵਰਤਨਸ਼ੀਲ ਹੈ ਅਤੇ ਗਿਆਨ ਵਿਚ ਵੀ ਵਾਧਾ ਹੁੰਦਾ ਰਹਿੰਦਾ ਹੈ । ਮਾਰਕਸ ਦੇ ਸਮੇਂ ਦੇ ਸਮਾਜ ਅਤੇ ਹੁਣ ਦੇ ਸਮਾਜ ਵਿਚ ਕਈ ਬੁਨਿਆਦੀ ਤਬਦੀਲੀਆਂ ਆ ਗਈਆਂ ਹਨ । ਇਸ ਲਈ ਮਾਰਕਸ ਦਾ ਸਿਧਾਂਤ ਇਸ ਪੜਾਓ ਤੇ ਅਜੋਕੀ ਸਥਿਤੀ ਦਾ ਵਿਸ਼ਲੇਸ਼ਨ ਕਰਨ ਤੋਂ ਅਸਮਰਥ ਹੈ । ਅਜੋਕੇ ਸਮਾਜ ਦਾ ਵਿਸ਼ਲੇਸ਼ਨ ਨਵੇਂ ਵਿਕਸਤ



ਗਿਆਨ ਅਤੇ ਵਿਗਿਆਨ ਦੀ ਰੌਸ਼ਨੀ ਵਿਚ ਹੀ ਸੰਭਵ ਹੈ । ਭਾਵੇਂ ਤੁਸੀਂ ਮੰਨੋ ਚਾਹੇ ਨਾ ਮੰਨੋ ।

ਮੈਂ ਤੁਹਾਡਾ ਧਿਆਨ ਕੇਵਲ ਇਕ ਮਾਰਕਸਵਾਦੀ ਸਿਧਾਂਤ ਵਲ ਦਿਵਾਉਣਾ ਚਾਹੁੰਦਾ ਹਾਂ । 'ਦਵੰਦਆਤਮਕ ਪਦਾਰਥਵਾਦ' ਮਾਰਕਸਵਾਦ ਦਾ ਮੂਲ ਸਿਧਾਂਤ ਹੈ । ਕੀ ਤੁਸੀਂ ਕਿਸੇ ਇਕ ਅਜੋਕੇ ਭੌਤਕ ਵਿਗਿਆਨੀ ਦਾ ਨਾਂ ਲੈ ਸਕਦੇ ਹੋ ਜਿਸ ਨੇ ਇਸ ਸਿਧਾਂਤ ਦੀ ਪੁਸ਼ਟੀ ਕੀਤੀ ਹੋਵੇ ? 'ਦਵੰਦਾਤਮਕ ਪਦਾਰਥਵਾਦ' ਦਾ ਭੌਤਿਕ ਵਿਗਿਆਨ ਵਿਚ ਕੋਈ ਆਧਾਰ ਹੀ ਨਹੀਂ ਹੈ ਪਰ ਫ਼ੇਰ ਵੀ ਤੁਸੀਂ ਇਸ ਸਿਧਾਂਤ ਤੇ ਉੱਸਰੇ ਮਾਰਕਸਵਾਦ ਨੂੰ ਵਿਗਿਆਨਕ ਸਚਾਈ ਮੰਨਣ ਦੀ ਜ਼ਿੱਦ ਕਰੀ ਜਾ ਰਹੇ ਹੋ । ਤੁਸੀਂ ਮਰਜ਼ੀ ਦੇ ਮਾਲਕ ਹੋ । ਪਰ ਗਿਆਨ ਵਿਗਿਆਨ ਵਿਚ ਕਿਸੇ ਦੀ ਮਰਜ਼ੀ ਨਹੀਂ ਚੱਲਦੀ । ਸੋਵੀਅਤ ਯੂਨੀਅਨ ਵਿਚ ਇਹੋ ਜਿਹੇ ਸਾਰੇ ਹੀ ਯਤਨ ਨਿਸਫਲ ਹੋ ਗਏ ਸਨ । ਇਸ ਦਾ ਸੋਵੀਅਤ ਸਾਇੰਸ ਨੇ ਬਹੁਤ ਦੇਰ ਖਮਿਆਜ਼ਾ ਭੁਗਤਿਆ ਹੈ ।

ਪ੍ਰੀਤਮ ਸਿੰਘ

ਚਿਰਾਗ ਲਗਾਤਾਰ ਮਿਲ ਰਿਹਾ ਹੈ । 'ਮੇਰੀ-ਫਿਤਰਤ' ਛਾਪਣ ਲਈ ਧੰਨਵਾਦ । ਤਿੰਨ ਹੋਰ ਕਵਿਤਾਵਾਂ ਭੇਜ ਰਿਹਾ ਹਾਂ, ਪਸੰਦ ਆਵਣ ਤਾਂ ਖੁਸ਼ਕਿਸਮਤੀ ਸਮਝਾਂਗਾ । ਦੋ ਕਵਿਤਾਵਾਂ ਦੇ ਅਨੁਵਾਦ ਵੀ ਭੇਜ ਰਿਹਾ ਹਾਂ । ਪਤਾ ਨਹੀਂ ਕਿਉਂ—ਪਰ ਇਸ ਗੱਲ ਦਾ ਮੈਨੂੰ ਇਲਮ ਹੈ ਕਿ ਅਨੁਵਾਦਤ ਕਿਤਾਬਾਂ ਵਿਚੋਂ ਛਾਪਣ ਲਈ ਤੁਸੀਂ ਕਿਹੜੀ ਕਵਿਤਾ ਚੁਣੋਂਗੇ । ਇਹ ਸੋਚਕੇ ਅਕਸਰ ਬੜਾ ਹੀ ਦੁੱਖ ਪਹੁੰਚਦਾ ਹੈ ਕਿ ਪੰਜਾਬੀ ਕਵਿਤਾ ਦਾ ਰਿਸ਼ਤਾ—ਪ੍ਰਕ੍ਰਿਤੀ. ਪਿਆਰ ਤੇ ਕੋਮਲਤਾ ਨਾਲੋਂ ਟੁੱਟਦਾ ਜਾ ਰਿਹੈ । ਇਸ ਪਿੱਛੇ ਬਹੁਤ ਸ਼ਕਤੀਆਂ ਦਾ ਹੱਥ ਹੈ, ਤੇ ਇਹ ਵਿਸ਼ਾ ਬਹਿਸ ਗੋਚਰਾ ਹੈ ਤੇ ਲੰਮੀ ਜਿਰਾਹ ਦੀ ਮੰਗ ਕਰਦਾ ਹੈ ! ਸੋ ਫਿਰ ਕਦੇ ਸਹੀ । ਮੁੱਖ ਪੰਨੇ ਤੇ ਫਟ ਰਹੇ ਬਾਰੂਦ, ਵਿਸ਼ਾਲ ਦੀਆਂ ਭੜਕੀਲੀਆਂ ਸਤਰਾਂ, ਨਾਹਰਿਆਂ ਲਈ ਉੱਠੀਆਂ ਬਾਹਾਂ ਹੀ ਅਜੇ ਤੀਕ ਛਪ ਸਕਦੀਆਂ ਹਨ —ਕਦੇ ਪਿਆਰ ਕਵਿਤਾ ਦੀ ਕੋਈ ਫੁੱਲਾਂ ਦੀ ਕੋਮਲ ਸਤਰ ਛਪੇ ਤਾਂ ਚਿਰਾਗ਼ ਆਪਣਾ-ਆਪਣਾ ਲੱਗੇਗਾ । ਸਾਹਿਤ ਤਾਂ ਸਮੂਹ ਜੀਵਨ ਦਾ ਅਕਸ ਹੋਣਾ ਚਾਹੀਦੈ, ਹਰ ਤਰ੍ਹਾਂ ਦੇ ਅਹਿਸਾਸਾਤ ਦਾ ਦਰਪਣ ਹੋਣਾ ਚਾਹੀਦੈ । ਹਾਲਾਤ ਦੇ ਲਤਾੜੇ ਆਦਮੀ ਦੇ ਪ੍ਰਤੀਕਰਮ, ਪ੍ਰਤੀਰੋਧ ਹੀ ਦਰਸਾਈ ਜਾਣਾ, ਉਹਨਾਂ ਦੀ ਤਰਜਮਾਨੀ ਕਰੀ ਜਾਣਾ ਹੀ ਸਮੁੱਚੇ ਸਾਹਿਤ ਦਾ ਕਾਰਜ ਨਹੀਂ ਬਲਕਿ ਉਸ ਸਮੁੱਚੇ ਕਾਰਜ ਦਾ ਇਕ ਨਿੱਕਾ ਜਿਹਾ ਅੰਸ਼ ਹੈ । ਮੈਂ ਜਦ ਖੁੱਲ੍ਹ ਕੇ ਕੁਦਰਤ ਨੂੰ ਮਾਣ ਨਹੀਂ ਸਕਦਾ, ਖੁੱਲ੍ਹ ਕੇ ਇਕ ਪਿਆਰ ਕਵਿਤਾ ਨਹੀਂ ਲਿਖ ਸਕਦਾ ਤਾਂ ਮੈਂ ਆਪਣੇ ਆਪ ਨੂੰ ਨਹੀਂ ਕੋਸਦਾ—ਮੈਂ ਮੁੱਢ-ਕਦੀਮੀ ਜੁਝਾਰ ਲਹਿਰਾਂ ਨੂੰ ਕੋਸਦਾ ਹਾਂ । ਕਿਸੇ ਦੂਜੇ ਦਾ ਦਰਦ, ਏਨੀ ਇਮਾਨਦਾਰੀ ਤੇ ਸ਼ਿੱਦਤ ਨਾਲ ਪੰਜਾਬੀ ਕਵੀ ਕਿਵੇਂ ਆਪਣੇ ਵਜੂਦ ਵਿਚ ਜਜ਼ਬ ਕਰ ਗਿਆ, ਮੈਂ ਕਦੇ ਸਮਝ ਨਹੀਂ ਸਕਿਆ ।

ਵਰਿੰਦਰ ਪਰਿਹਾਰ, ਸਾਊਥੈਂਪਟਨ

—ਚਿਰਾਗ਼ ਬਹੁਤ ਧਿਆਨ ਨਾਲ ਪੜ੍ਹਿਆ ਹੈ। ਜ਼ਿਆਦਾ ਧਿਆਨ ਮੰਗਦਾ ਹੈ, ਕਿਉਂਕਿ ਵਿਸ਼ਾ ਜ਼ਰਾ ਵਧੇਰੇ ਗੰਭੀਰ ਹੈ। ਵੈਸੇ ਦੂਸਰੀ ਵਾਰ ਪੜ੍ਹਨਾ ਸ਼ੁਰੂ ਕੀਤਾ ਹੈ। ਸੰਪਾਦਕੀ ਨੇ ਅਨੇਕਾਂ ਅਖੌਤੀ ਮਾਰਕਸੀ ਪ੍ਰਤੀਬੱਧਤਾ ਵਾਲੇ ਲੋਕਾਂ ਦੇ ਅੰਦਰ ਧਸੀ ਹੋਈ ਹਉਮੈਂ ਅਤੇ ਪਾਖੰਡ ਦੇ ਮੁਖੌਟੇ ਉਜਾਗਰ ਕੀਤੇ ਹਨ।

ਪਤਾ ਨਹੀਂ, ਲੋਕ ਇਸ ਤਰ੍ਹਾਂ ਦਾ ਦੂਹਰਾ ਕਿਰਦਾਰ ਕਿਵੇਂ ਨਿਭਾਉਂਦੇ ਹਨ। ਸ਼ਾਇਦ ਸਿਨੇਮਾ, ਨਾਟਕਾਂ ਦਾ ਯੁੱਗ ਹੋਣ ਕਾਰਣ ਅਭਿਨੈ ਕਰਨਾ ਹਰ ਇਕ ਦੀ ਆਦਤ ਹੀ ਬਣ ਗਿਆ ਹੈ। ਜਾਂ ਫਿਰ ਦੂਹਰੇ ਜਮਾਤੀ ਕਿਰਦਾਰਾਂ ਦਾ ਪ੍ਰਗਟਾ ਹੈ। ਇਕ ਤਾਂ ਉਹ ਜਮਾਤੀ ਖਾਸਾ, ਜਿਸ ਵਿਚ ਕੋਈ ਜੰਮਿਆ ਹੈ। ਦੂਜੇ ਜਿਸ ਨੂੰ ਉਹ ਧਾਰਨ ਕਰਨ ਦੀ ਕੋਸ਼ਿਸ਼ ਕਰਦਾ ਹੈ, ਭਾਵ ਮਾਰਕਸੀ ਅਥਵਾ ਪ੍ਰੋਲਤਾਰੀ ਸ਼ਾਬਦਿਕ-ਰੂਪ ਵਿਚ, ਵਿਚਾਰਧਾਰਕ ਥਿਉਂਦ ਵਾਲਾ ਕਿਰਦਾਰ ਉਪਰ, ਮਨੁੱਖ ਚਾੜ੍ਹਨ ਵਿਚ ਅਸਫਲ (ਬਹੁਤਾ ਕਰਕੇ) ਹੀ ਨਜ਼ਰ ਆਉਂਦਾ ਹੈ। ...ਖ਼ੈਰ ਚਿਰਾਗ਼ ਦੇ ਅੰਕ ਵਿਚ ਬੜਾ ਕੁਝ ਹੈ, ਇਸ ਨੂੰ ਗ੍ਰਹਿਣ ਕਰਨਾ ਗੰਭੀਰ ਅਧਿਐਨ ਦੀ ਮੰਗ ਕਰਦਾ ਹੈ। ਤੁਹਾਡੀ ਮਿਹਨਤ ਅਤੇ ਸਹਿਯੋਗੀਆਂ ਵਲੋਂ ਪਾਏ ਹਿੱਸੇ ਕਾਰਨ ਇਹ ਇਕ ਸੰਭਾਲਣਯੋਗ ਵਧੀਆ ਅੰਕ ਬਣ ਗਿਆ ਹੈ। ਆਸ ਹੈ ਇਸ ਵਿਸ਼ੇ ਤੇ ਹੋਰ ਵੀ ਲਿਖਿਆ ਜਾਵੇਗਾ—ਇਸ ਅੰਕ ਨੇ ਬਹੁਤੇ ਵਿਚਾਰਵਾਨ ਪਾਠਕਾਂ ਨੂੰ ਜ਼ਰੂਰ ਟੁੰਬਿਆ ਹੋਵੇਗਾ।

—ਸੂਫ਼ੀ ਅਮਰਜੀਤ, ਕੈਨੇਡਾ

—ਚਿਰਾਗ਼ ਲਈ ਤੁਸਾਂ ਮੈਨੂੰ ਮੇਰੀ ਰਾਇ ਲਿਖਦੇ ਰਹਿਣ ਲਈ ਜੋ ਪ੍ਰੇਰਿਆ ਹੈ ਉਸ ਦਾ ਮੈਂ ਅੱਗੇ ਤੋਂ ਖਿਆਲ ਰੱਖਾਂਗਾ।

ਫ਼ਿਲਹਾਲ ਮੇਰੇ ਵਲੋਂ 'ਚਿਰਾਗ਼' ਨੂੰ ਕਹਿ ਦੇਣਾ :

ਮੇਰੀਆਂ ਨਜ਼ਰਾਂ ਦੀ ਨਹੀਂ ਪਹੁੰਚ ਤੇਰੀ ਘਾਟ ਤੀਕ।
ਮੇਰੀਆਂ ਨਜ਼ਰਾਂ ਦੀ ਰਹੀ ਪਹੁੰਚ ਤੇਰੀ ਲਾਟ ਤੀਕ।

ਪ੍ਰੇਮ ਸਾਹਿਲ

'ਚਿਰਾਗ਼' ਦਾ ਵਿਸ਼ੇਸ਼ ਅੰਕ ਮਿਲਿਆ। ਇਸ ਤਰ੍ਹਾਂ ਦੀ ਸਮੱਗਰੀ ਦੇ ਅਧਿਐਨ ਦਾ ਬੜੇ ਚਿਰ ਤੋਂ ਮਨ ਸੀ। ਭਾਵੇਂ ਹੋਰ ਭਾਸ਼ਾਂਵਾਂ 'ਚ ਇਹੋ ਜਿਹੇ ਲੇਖ ਪੜ੍ਹਨ ਨੂੰ ਮਿਲੇ ਹਨ, ਪਰ ਮਾਰਕਸਵਾਦੀ ਸਾਹਿਤ ਰਚਨਾ ਬਾਰੇ ਐਨੀ ਇਕੱਠੀ ਸਾਮੱਗਰੀ ਦੇ ਕੇ ਚਿਰਾਗ਼ ਨੇ ਪੰਜਾਬੀ ਲਈ ਇੱਕ ਵੱਡਾ ਕਦਮ ਚੁਕਿਆ ਹੈ।

ਡਾ. ਦੇਵਿੰਦਰ ਬਿਮਰਾ, ਜਲੰਧਰ

ਚਿਰਾਗ਼ ਦਾ ਵਿਸ਼ੇਸ਼ ਅੰਕ ਬੜਾ ਮੁੱਲਵਾਨ ਅੰਕ ਹੈ, ਲੋੜੀਂਦਾ ਤੇ ਸਾਰਥਕ। ਅਜੇ ਝਾਤੀ ਹੀ ਮਾਰੀ ਹੈ, ਹੌਲੀ-ਹੌਲੀ ਪੜ੍ਹਾਂਗਾ।

ਸੰਤੋਖ ਸਿੰਘ ਧੀਰ, ਮੁਹਾਲੀ



—ਅੰਕ ਵਧੀਆ ਬਣ ਗਿਆ ਹੈ, ਭਾਵੇਂ ਕਿ ਅੱਜ ਕੱਲ ਇਸ ਕੰਮ ਦੀ ਬਹੁਤੀ ਕਦਰ ਨਹੀਂ ਪੈ ਰਹੀ। ਸਮਾਂ ਉਸ ਦੀ ਕਦਰ ਜ਼ਰੂਰ ਪਾਵੇਗਾ।

ਡਾ: ਚਮਨ ਲਾਲ ਪਟਿਆਲਾ

—ਇਸ ਮਾਰਕਸਵਾਦੀ ਸਾਹਿਤ ਸ਼ਾਸਤਰ ਵਿਸ਼ੇਸ਼ ਅੰਕ ਨੂੰ ਪੜ੍ਹਿਆ (ਜਿਹਨੀ ਕਸਰਤ ਕਸਰਤ ਕਰਨ ਵਾਲਿਆਂ ਤੋਂ ਇਲਾਵਾ) ਸਾਰੇ ਭੁਲੇਖੇ ਦੂਰ ਹੋ ਗਏ ਹਨ। ਕਾਰਲ ਮਾਰਕਸ ਜਿਥੇ ਕਰੜੇ ਦਿਲ ਵਾਲਾ ਇਨਸਾਨ ਸੀ ਉਥੇ ਕੋਮਲ ਭਾਵਨਾਵਾਂ ਦੀ ਵੀ ਕਦਰ ਕਰਦਾ ਸੀ। ਏਸੇ ਲਈ ਉਹ, ਡਾਂਟੇ, ਫੀਲਡਿੰਗ, ਬਾਲਜ਼ਾਕ ਆਦਿ ਲੇਖਕਾਂ ਨੂੰ ਪਸੰਦ ਕਰਦਾ ਅਤੇ ਉਸ ਦਾ ਸਭ ਤੋਂ ਮਹਿਬੂਬ ਲੇਖਕ ਸ਼ੈਕਸਪੀਅਰ ਸੀ। ਕਾਰਲ ਮਾਰਕਸ ਦੇ ਬੱਚੇ ਅਤੇ ਪਤਨੀ ਵੀ ਕਲਾਸਕੀ ਸਾਹਿਤ ਪੜ੍ਹਦੇ ਸਨ। ਸੈਕਸਪੀਅਰ ਦੇ ਡਰਾਮੇ ਵੇਖਦੇ। ਪਰ ਸਾਡੇ ਕਾਮਰੇਡਾਂ ਨੇ ਅਜੇਹਾ ਕਿਤੇ ਵੀ ਪ੍ਰਚਾਰ ਨਹੀਂ ਕੀਤਾ। ਅਸਲ ਵਿਚ ਕਲਾਤਮਿਕ ਸਾਹਿਤ ਵਲ ਆਮ ਪਾਠਕਾਂ ਨੂੰ ਜਾਣ ਹੀ ਨਹੀਂ ਦਿੱਤਾ। ਅੰਕ ਵਿਚ ਤਾਂ ਬਾਰ-ਬਾਰ ਜ਼ਿਕਰ ਹੋਇਆ ਹੈ ਕਿ ਸਾਹਿਤ ਵਿਚ ਕਿਸੇ ਵੀ ਕਿਸਮ ਦਾ ਨਾਹਰਾ ਨਹੀਂ ਹੋਣਾ ਚਾਹੀਦਾ। ਜੇ ਕੋਈ ਦੁਆਈ ਦੇਣੀ ਵੀ ਹੈ ਤਾਂ ਖੰਡ ਵਿਚ ਲਪੇਟ ਕੇ ਦੇਣੀ ਹੈ ਤਾਂ ਹੀ ਪ੍ਰਗਤੀਵਾਦੀ ਸਾਹਿਤ ਪੈਦਾ ਹੋ ਸਕਦਾ ਹੈ। ਮਾਰਕਸੀ ਵਿਚਾਰਧਾਰਾ ਦੇ ਮੋਢੀਆਂ ਨੇ ਆਪਣੀਆਂ ਗੋਸ਼ਟੀਆਂ ਵੀ ਕੀਤੀਆਂ ਜਿਵੇਂ ਪਹਿਲੀ ਸੋਵੀਅਤ ਲੇਖਕ ਕਾਂਗਰਸ ਦੇ ਇਕੱਠ ਵੇਲੇ ਇਮਾਨਦਾਰੀ ਨਾਲ ਕਲਾਤਮਿਕ ਸਾਹਿਤ ਰਚੇ ਜਾਣ ਦੀ ਗੱਲ ਕਹੀ ਗਈ ਪਰ ਜਦੋਂ ਪੰਦਰਾਂ ਸਾਲ ਬਾਅਦ ਫਿਰ ਇਕੱਠੇ ਹੋਏ ਤਾਂ ਆਪ ਹੀ ਆਲੋਚਨਾ ਕੀਤੀ ਕਿ ਪ੍ਰਗਤੀਵਾਦੀ ਸਾਹਿਤਕਾਰਾਂ ਦੇ ਸੰਗਠਤ ਇਕੱਠ ਦੀ ਥਾਂ ਇਹ ਪ੍ਰਬੰਧਕੀ ਸੰਸਥਾ ਬਣ ਕੇ ਰਹਿ ਗਈ। ਸੈਕਸਪੀਅਰ ਦੇ ਸਾਹਿਤ ਨੂੰ ਕਾਰਲ ਮਾਰਕਸ਼ ਨੇ ਸਭ ਤੋਂ ਉੱਤਮ ਪ੍ਰਗਤੀਵਾਦੀ ਕਲਾਤਮਿਕ ਸਾਹਿਤ ਕਿਹਾ ਜਿਸ ਨੂੰ ਪੜ੍ਹਨ ਨਾਲ ਪੂੰਜੀਪਤੀ, ਬੁਰਜੂਆ ਜਮਾਤ ਵਿਰੁੱਧ ਵਿਦਰੋਹ ਉਠਦਾ ਹੈ।

ਇਸ ਵਿਸ਼ੇਸ਼ ਅੰਕ ਨੇ ਪਸਤ ਹੋਏ ਹੌਸਲੇ ਬੁਲੰਦ ਕੀਤੇ ਨੇ। ਰੂਸੀ ਰਾਜ ਸੰਗਠਨ ਦੇ ਢਹਿ-ਢੇਰੀ ਹੋ ਜਾਣ ਪਿਛੋਂ ਪ੍ਰਗਤੀਵਾਦੀਆਂ ਵਿਚ ਆਈ ਨਿਰਾਸ਼ਤਾ, ਇਸ ਅੰਕ ਨੇ ਘਟਾਈ ਹੈ। ਕਈ ਗਲਤ-ਫਹਿਮੀਆਂ ਦੂਰ ਕੀਤੀਆਂ ਹਨ। ਪਾਠਕਾਂ ਨੂੰ ਚੰਗੇ ਕਲਾਤਮਿਕ ਸਾਹਿਤ ਵੱਲ ਰੁਚਿਤ ਕੀਤਾ ਹੈ ਅਤੇ ਸੰਗਠਤ ਹੋ ਕੇ ਕੇ ਉਸਾਰੂ ਸਾਹਿਤ ਲਿਖਣ ਵੱਲ ਅਤੇ ਉਸਦੀ ਉਸਾਰੂ ਆਲੋਚਨਾ ਕਰਨ ਲਈ ਪ੍ਰੇਰਿਆ ਹੈ।

ਇਹੋ ਜਿਹੇ ਅਨੇਕਾਂ ਪ੍ਰਭਾਵ ਸਮੁੱਚੇ ਅੰਕ ਤੋਂ ਨਿਕਲਦੇ ਹਨ। ਸਾਰੇ ਲੇਖਕ ਵਧਾਈ ਦੇ ਹੱਕਦਾਰ ਹਨ ਅਤੇ ਉਸ ਤੋਂ ਵੱਧ ਚਿਰਾਗ਼ ਦਾ ਸੰਪਾਦਕ ਜਿਸ ਨੇ ਅਣਥੱਕ ਮਿਹਨਤ ਕਰਕੇ ਇਸ ਔਖੇ ਕੰਮ ਨੂੰ ਨੇਪਰੇ ਚਾੜ੍ਹਿਆ ਹੈ ਅਤੇ ਕੁਝ ਕੁ ਮਾਰਕਸਵਾਦੀ ਵਿਚਾਰਧਾਰਾ ਦੇ ਚਿੰਤਕਾਂ ਦੀ ਇਸ ਅੰਕ ਵਿਚੋਂ ਗੈਰਹਾਜ਼ਰੀ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਉਹ ਚੁੱਪ ਕਿਉਂ ਹਨ। ਕੀ ਉਹ ਫੋਕੇ ਨਾਹਰੇ ਹੀ ਦੇਣ ਜੋਗੇ ਹਨ।

ਮੁਖਤਿਆਰ ਸਿੰਘ ਗੁ. ਨਾ. ਦੇ. ਯੂ. (ਅੰਮ੍ਰਿਤਸਰ)

## ਸਾਹਿਤ-ਸ਼ਾਸਤਰ ਵਿਸ਼ੇਸ਼ ਅੰਕ ਬਾਰੇ

ਚਿਰਾਗ਼ ਦਾ ਆਲੋਚਨਾ ਅੰਕ ਮਿਲ ਗਿਆ ਹੈ। ਤੁਸੀਂ ਇਕ ਵਾਰ ਫੇਰ ਪੰਜਾਬੀ ਵਿਦਵਾਨਾਂ ਦਾਂ ਮਾਰਕਸਵਾਦੀ ਆਲੋਚਨਾ ਵਲ ਧਿਆਨ ਖਿੱਚਿਆ ਹੈ। ਤੁਹਾਡੇ ਇਸ ਕੰਮ ਦੀ ਜਿੰਨੀ ਤਾਰੀਫ ਕੀਤੀ ਜਾਵੇ, ਥੋਹੜੀ ਹੈ।

ਡਾ: ਐਸ. ਤਰਸੇਮ, ਮਾਲੇਰਕੋਟਲਾ

---

## ਚਿਰਾਗ਼ ਪ੍ਰਾਪਤ ਕਰਨ ਦੀਆਂ ਥਾਵਾਂ

1, ਮਦਨ ਬੁੱਕ ਹਾਊਸ, ਪੰਜਾਬੀ ਯੂਨੀ: ਪਟਿਆਲਾ
2. ਅਤਰਜੀਤ (ਕਹਾਣੀਕਾਰ) ਚੱਕੀ ਵਾਲੀ ਗਲੀ, ਗੁਰੂ ਕੀ ਨਗਰੀ, ਬਠਿੰਡਾ
3. ਚੀਮਾ ਭਵਨ, 30-B, ਚੰਡੀਗੜ੍ਹ
4. ਪੰਜਾਬ ਬੁੱਕ ਸੈਂਟਰ, 22-B, ਚੰਡੀਗੜ੍ਹ
5. ਡਾ: ਸ਼ਾਮ ਸੁੰਦਰ ਦੀਪਤੀ, 69, ਮੈਡੀਕਲ ਐਨਕਲੇਵ, ਸਰਕੂਲਰ ਰੋਡ, ਅੰਮ੍ਰਿਤਸਰ
6. ਗਗਨ ਬੁੱਕ ਡਿਪੂ, ਅੱਡਾ ਨਕੋਦਰ (ਜਲੰਧਰ)
7. ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ
8. ਸ੍ਰੀ ਮਹਿੰਦਰ ਸਾਥੀ 568, ਪੱਟੀ ਵਾਲੀ ਗਲੀ, ਮੋਗਾ
9. ਸ੍ਰੀ ਛੱਜੂ ਰਾਮ ਰਿਸ਼ੀ, ਗੌ: ਪ੍ਰ: ਸ: ਭੀਖੀ (ਮਾਨਸਾ)
10. ਸਰਦਾਰ ਬੁੱਕ ਡਿਪੂ, ਪਟਿਆਲਾ ਗੇਟ, ਨਾਭਾ
11. ਸ੍ਰੀ ਗੁਰਮੀਤ, ਕੱਲਰ ਮਾਜਰੀ Via. ਭਾਦਸੋਂ, ਪਟਿਆਲਾ
12. ਸੁੰਦਰ ਬੁੱਕ ਡਿਪੂ, ਮਾਈ ਹੀਰਾਂ ਗੇਟ ਜਲੰਧਰ
13. ਅਰੁਣ ਬੁੱਕ ਡਿਪੂ, ਬੱਸ ਅੱਡਾ, ਜਲੰਧਰ
14. ਪ੍ਰਕਾਸ਼ ਨਾਵਲ ਸਟੋਰ, ਬੱਸ ਅੱਡਾ, ਜਲੰਧਰ
15. ਡਾ: ਅਨੂਪ ਸਿੰਘ, 142, ਅਰਬਨ ਐਸਟੇਟ, ਬਟਾਲਾ
16. ਸ੍ਰੀ ਮੱਖਣ ਕੁਹਾੜ, ਅਮਨ ਨਿਵਾਸ, ਹਰਦੋਛੰਨੀ ਰੋਡ, ਗੁਰਦਾਸਪੁਰ
17. ਸ੍ਰੀ ਅਵਤਾਰ ਸਾਦਿਕ, 16, ਫੈਲੋਫੀਲਡ ਰੋਡ, ਲਿਸਟਰ (ਯੂ. ਕੇ.)
18. ਡਾ. ਬਲਦੇਵ ਬੀਕਾ, ਬੀਕਾ ਜਨਰਲ ਕਲਿਨਿਕ ਮੁਕੰਦਪੁਰ. ਜਲੰਧਰ
19. ਹਰਮੀਤ ਵਿਦਿਆਰਥੀ, 45, ਆਦਰਸ਼ ਨਗਰ, ਧਵਨ ਕਾਲੋਨੀ ਫਿਰੋਜ਼ਪੁਰ
20. ਸੁਰਜੀਤ ਗਿੱਲ,, ਨੇੜੇ ਠਾਕਰ ਦੁਆਰਾ ਗੇਟ, ਫਰੀਦਕੋਟ

---

## ਖਿਮਾਂ ਯਾਚਨਾ

ਮਾਰਕਸਵਾਦੀ ਸੁਹਜ ਸ਼ਾਸਤਰ ਅੰਕ ਦੀ ਪ੍ਰਕਾਸ਼ਨਾ ਕਾਰਨ ਸਾਡੇ ਕੋਲ, ਢੇਰ ਸਾਰੀਆਂ ਕਵਿਤਾਵਾਂ ਜਮ੍ਹਾਂ ਹੋ ਗਈਆਂ ਨੇ, ਜਿਹਨਾਂ ਨੂੰ ਕੋਸ਼ਿਸ਼ ਦੇ ਬਾਵਜੂਦ ਹਥਲੇ ਅੰਕ ਵਿਚ ਸਮੋਇਆ ਨਹੀਂ ਜਾ ਸਕਿਆ। ਲੇਖਕ ਮਿੱਤਰ ਅਗਲੇ ਅੰਕ ਤੀਕ ਉਡੀਕ ਕਰਨ।

—ਸੰਪਾਦਕ




ਪ੍ਰਗਤੀਸ਼ੀਲ/ਜਨਵਾਦੀ ਸਾਹਿਤਕ ਪੱਤ੍ਰਿਕਾ
ਚਿਰਾਗ਼—ਤ੍ਰੈਮਾਸਕ ਦੇ ਆਗਮਨ ਤੇ

**ਸ਼ੁੱਭ—ਇੱਛਾਵਾਂ**

**ਕਾਮਰੇਡ ਮਹਿੰਦਰਪਾਲ**
(ਭੱਠੇ ਵਾਲੇ)

ਅਕਲਪੁਰ ਰੋਡ, ਫਿਲੌਰ
ਜ਼ਿਲਾ ਜਲੰਧਰ।

ਫੋਨ : ਹਸਪਤਾਲ : 1531
ਘਰ : 1521

ਬੱਚਿਆਂ ਦੀਆਂ ਬੀਮਾਰੀਆਂ ਦੇ
ਸਿਰਕੱਢ ਮਾਹਰ

**ਡਾ. ਰਵਿੰਦਰ ਸਿੰਘ**
M.B.B.S., M.D. (Paed), Ex. P.C.M.S.

ਮੈਂਬਰ ਇੰਡੀਅਨ ਅਕਾਡਮੀ ਆਫ ਪੀਡੀਆਟਰਿਕਸ

**Child Specialist & Neonatologist**
**Circular Road, BATALA.**

Registered with the Registrar of News-Papers of India No.—PUN-PUN O 2776/35/AL/TC/94.


# With best Compliments from :

# FREEDOM INDUSTRIES Ltd.

## G. T. Road (Near Canal), AMRITSAR-143001

Awarded with Gold Medal & Udyog Patra by
Vice President of India

**CYCLE AIR PUMPS, AIR PUMP'S RUBBER NYLEX TUBINGS, CYCLE'S RUBBER & PLASTIC PARTS, MUDGUARD SCREWS & NUTS BOLTS, CYCLE BELL & PEDALS**

Office Phone :
230930, 260846, 230833,
230848, 230849, 231165,
47953.

Resi. Phone :
224453, 220018, 224853,
221500, 62148.
Grams : 'FREEDOM'